13ਵਾਂ ਸਾਲ

ਹਫ਼ਤਾਵਾਰੀ

# ਦੇਸ਼ ਦੁਆਬਾ

VOL -13 ISSUE - 41
January 15, 2025

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ




ਯੁੱਗ ਪੁਰਸ਼ ਸਵਾਮੀ ਵਿਵੇਕਾਨੰਦ
(ਵਿਸ਼ੇਸ਼ ਲੇਖ ਅੰਦਰ ਦੇਖੋ)



ਬਾਬਾ ਦੀਪ ਸਿੰਘ ਜੀ ਸ਼ਹੀਦ (1682-1757)
(ਵਿਸ਼ੇਸ਼ ਲੇਖ ਅੰਦਰ ਦੇਖੋ)



ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ 139ਵੇਂ ਜਨਮ ਦਿਨ 'ਤੇ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਕੋਟਿਨ-ਕੋਟਿ ਪ੍ਰਣਾਮ

## ਮੇਲਾ ਮਾਘੀ ਮੌਕੇ ਲੱਖਾਂ ਸ਼ਰਧਾਲੂਆਂ ਨੇ ਪਵਿੱਤਰ ਸਰੋਵਰ 'ਚ ਕੀਤਾ ਇਸ਼ਨਾਨ

### ਨਵੀਂ ਸਿਆਸੀ ਪਾਰਟੀ 'ਅਕਾਲੀ ਦਲ (ਵਾਰਿਸ ਪੰਜਾਬ ਦੇ)' ਬਣੀ, ਬਾਦਲ ਦਲ ਨੇ ਵੀ ਲਗਾਇਆ ਜੋਰ

**ਸ੍ਰੀ ਮੁਕਤਸਰ ਸਾਹਿਬ (ਬਿਊਰੋ)**–ਮਾਘੀ ਮੇਲੇ ਦੌਰਾਨ ਲੱਖਾਂ ਸ਼ਰਧਾਲੂਆਂ ਨੇ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਦੇ ਪਵਿੱਤਰ ਸਰੋਵਰ 'ਚ ਇਸ਼ਨਾਨ ਕਰਨ ਬਾਅਦ ਗੁਰੂ ਗੋਬਿੰਦ ਸਿੰਘ ਅਤੇ ਖਿਦਰਾਣੇ ਦੀ ਢਾਬ ਦੇ 40 ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਤੋਂ ਪਹਿਲਾਂ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਚਾਲੀ ਮੁਕਤਿਆਂ ਦੀ ਯਾਦ 'ਚ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਦੇਸ਼ ਅਤੇ ਵਿਦੇਸ਼ ਤੋਂ ਵੱਡੀ ਗਿਣਤੀ 'ਚ ਸੰਗਤ ਪੁੱਜੀ। ਭਾਈ ਮਹਾ ਸਿੰਘ ਦੀਵਾਨ ਹਾਲ ਵਿਖੇ ਢਾਡੀ ਦਰਬਾਰ ਲਾਇਆ ਗਿਆ, ਜਿਥੇ ਸਾਰੀ ਰਾਤ ਢਾਡੀਆਂ ਨੇ ਸ਼ਹੀਦ ਸਿੰਘਾਂ ਦੀਆਂ ਵਾਰਾਂ ਦਾ ਗਾਇਨ ਕੀਤਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਮਾਤਾ ਹਰਪਾਲ ਕੌਰ, ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, 'ਆਪ' ਦੇ ਸੂਬਾ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਸਣੇ ਹੋਰ ਕਈ ਆਗੂ ਚਾਲੀ ਮੁਕਤਿਆਂ ਨੂੰ ਨਤਮਸਤਕ ਹੋਣ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਆਏ।



ਭਾਈ ਅੰਮ੍ਰਿਤਪਾਲ ਸਿੰਘ ਦੀ ਟੀਮ ਵੱਲੋਂ ਮੇਲਾ ਮਾਘੀ ਮੌਕੇ ਕੀਤੀ ਗਈ ਕਾਨਫਰੰਸ ਦੌਰਾਨ ਸਟੇਜ ਤੋਂ 15 ਨੁਕਾਤੀ ਮਤਾ ਪਾਸ ਕਰਦਿਆਂ ਨਵੀਂ ਸੂਬਾਈ ਪਾਰਟੀ ਅਕਾਲੀ ਦਲ (ਵਾਰਿਸ ਪੰਜਾਬ ਦੇ) ਬਣਾਉਣ ਦਾ ਐਲਾਨ ਕੀਤਾ ਗਿਆ। ਇਹ ਕ ’ਨਫਰੰਸ ਬਠਿੰਡਾ ਰੋਡ ਉਪਰ ਰਿਜ਼ੋਰਟਸ 'ਚ ਹੋਈ ਜਿਸ ਵਿੱਚ ਵੱਡੀ ਗਿਣਤੀ ਲੋਕਾਂ ਨੇ ਹਿੱਸਾ ਲਿਆ। ਸਟੇਜ ਤੋਂ ਫਰੀਦਕੋਟ ਤੋਂ ਲੋਕ ਸਭਾ ਮੈਂਬਰ ਸਰਬਜੀਤ ਸਿੰਘ ਖਾਲਸਾ, ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਸੰਬੋਧਨ ਕੀਤਾ। ਇਸ ਦੌਰਾਨ ਡਿਬਰੂਗੜ੍ਹ ਜੇਲ੍ਹ 'ਚ ਬੰਦ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਸੰਗਤ ਲਈ ਭੇਜਿਆ ਗਿਆ ਸੁਨੇਹਾ ਵੀ ਸਟੇਜ ਤੋਂ ਪੜ੍ਹਿਆ ਗਿਆ।

**ਹਰ ਕੁਰਬਾਨੀ ਦੇਣ ਲਈ ਤਿਆਰ: ਸੁਖਬੀਰ**

ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੇਲਾ ਮਾਘੀ ਮੌਕੇ ਸਿਆਸੀ ਕਾਨਫਰੰਸ ਦੌਰਾਨ ਲੋਕਾਂ ਨੂੰ ਪਾਰਟੀ ਨਾਲ ਜੁੜਨ ਦੀ ਭਾਵੁਕ ਅਪੀਲ ਕੀਤੀ ਤੇ ਕਿਹਾ ਕਿ ਉਹ ਲੋਕਾਂ ਖਾਤਰ ਹਰ ਕੁਰਬਾਨੀ ਦੇਣ ਲਈ ਤਿਆਰ ਹਨ। ਇਸ ਦੌਰਾਨ ਅਕਾਲ ਤਖ਼ਤ ਨੂੰ ਮਰਹੂਮ ਪ੍ਰਕਾਸ਼ ਸਿੰਘ ਬਾਦਲ ਤੋਂ 'ਪੰਥ ਰਤਨ ਫਖ਼ਰ-ਏ-ਕੌਮ' ਦਾ ਐਵਾਰਡ ਵਾਪਸ ਲੈਣ ਦੇ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਦੀ ਮੰਗ ਕੀਤੀ ਗਈ।



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਨੇ ਸਮੂਹ ਸੰਗਤ ਦੇ ਸਹਿਯੋਗ ਨਾਲ ਗੁਰੂ ਘਰ ਵਿਖੇ ਲੋਹੜੀ ਅਤੇ ਮਾਘੀ ਦਾ ਤਿਉਹਾਰ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ।
**(ਰਿਪੋਰਟ ਅਤੇ ਤਸਵੀਰਾਂ ਅੰਦਰ ਦੇਖੋ)**

## ਲਾਸ ਏਂਜਲਸ ਦੁਆਲੇ ਅੱਗ ਹੀ ਅੱਗ, 24 ਮੌਤਾਂ, 12000 ਤੋਂ ਵੱਧ ਇਮਾਰਤਾਂ ਸੜੀਆਂ

**ਲਾਸ ਏਂਜਲਸ (ਬਿਊਰੋ)**– ਲਾਸ ਏਂਜਲਸ ਦੇ ਜੰਗਲਾਂ ਵਿਚ ਲੱਗੀ ਅੱਗ ਲਗਾਤਾਰ ਭਿਆਨਕ ਹੁੰਦੀ ਜਾ ਰਹੀ ਹੈ। ਅੱਗ ਹਰ ਪਾਸੇ ਫੈਲ ਗਈ ਹੈ, ਜਿਸ ਕਾਰਨ ਹੁਣ ਤੱਕ 24 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇੰਨਾ ਹੀ ਨਹੀਂ, ਅੱਗ ਵਿੱਚ 12000 ਤੋਂ ਵੱਧ ਇਮਾਰਤਾਂ ਸੜ ਕੇ ਸੁਆਹ ਹੋ ਗਈਆਂ ਹਨ। ਲਾਸ ਏਂਜਲਸ ਦੇ ਸਥਾਨਕ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਸਥਿਤੀ ਹੋਰ ਵਿਗੜਨ ਦੀ ਸੰਭਾਵਨਾ ਹੈ। ਇਹ ਇਸ ਲਈ ਹੈ ਕਿਉਂਕਿ ਲਾਸ ਏਂਜਲਸ ਕਾਉਂਟੀ ਦੇ ਵੱਖ-ਵੱਖ ਹਿੱਸਿਆਂ ਵਿੱਚ ਭਿਆਨਕ ਜੰਗਲੀ ਅੱਗਾਂ ਲੱਗ ਰਹੀਆਂ ਹਨ, ਜੋ ਵੱਡੇ ਪੱਧਰ 'ਤੇ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਵਿਘਨ ਪਾ ਸਕਦੀਆਂ ਹਨ। ਸਕੂਲ ਵੀ ਬੰਦ ਕਰ ਦਿੱਤੇ ਗਏ ਹਨ ਅਤੇ ਮਨੋਰੰਜਨ, ਖੇਡਾਂ ਅਤੇ ਭਾਈਚਾਰਕ ਸਮਾਗਮਾਂ ਨੂੰ ਰੱਦ ਕਰ ਦਿੱਤਾ ਜਾਵੇਗਾ। ਲਾਸ ਏਂਜਲਸ ਵਿੱਚ ਲੱਗੀ ਅੱਗ ਵਿੱਚ ਹੁਣ ਤੱਕ 16 ਲੋਕਾਂ ਦੀ ਜਾਨ ਜਾ ਚੁੱਕੀ ਹੈ। ਅੱਗ ਵਿੱਚ 12,000 ਤੋਂ ਵੱਧ ਇਮਾਰਤਾਂ ਤਬਾਹ ਹੋ ਗਈਆਂ ਹਨ ਅਤੇ ਇੱਕ ਲੱਖ ਤੋਂ ਵੱਧ ਲੋਕ ਬੇਘਰ ਹੋ ਗਏ ਹਨ।




**Amrik Chand (CPA)**
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

**DR. TAKHAR'S FAMILY MEDICINE & URGENT CARE CLINIC**
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

**SAROAY INVESTMENT REALTY**
Ram Saroay
Broker/Realtor
Commercial Properties
Business License 031035
ramsaroay@hotmail.com
Cell (510) 368-3983

**MAJESTIC HOMES**
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

**SKY TRANSPORT SOLUTIONS**
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

**BAGGA JEWELERS**
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Sabha Pittsburg (CA) Program

**Jai Gurdev – Dhan Gurdev**
**Guru Piyari Saadh Sangat Ji:**
**Waheguru Ji Ka Khalsa Waheguru Ji KI Fateh!**
**The following programs will be celebrated at the Gurdwara Sahib:**

**January 26, 2025**
**Barsi of Late Bhai Rattan Singh Bhatia and Mata Gurmit Kaur Bhatia**

Bhai Kashmiri Bhatia, Bibi Kamaljeet Kaur Bhatia and family will be hosting Sukhmani Sahib Path and Langar Sewa in the sweet memory of their parents, Late Bhai Rattan Singh Bhatia and Mata Gurmit Kaur, on Sunday, January 26, 2025. May Guru Sahib bless this dedicated Bhatia family.

**February 2, 2025**
**Barsi of Late Bhai Raj Mal and Bibi Raj Mati**

In the sweet memory of Late Bhai Raj Mal and Late Bibi Raj Mati, Mal family will be hosting Sukhmani Sahib path and langar Sewa, on Sunday, February 2, 2025. Mal family is requesting everyone to come and join them in the ARDAS.

**February 14-15-16, 2025**
**Gurpurb Satguru Ravidass Ji**

Satguru Ravidass ji was born in 1377, in Kanshi, India. Satguru Ravidass Ji was a great religious and social reformer and Satguru Ji dedicated his whole life for the welfare of the humanity. Guru Ji preached social harmony among all and preached against caste discrimination.

Sri Guru Ravidass Sabha CA, Pittsburg is celebrating the 648th Parkash Utsav of SATGURU RAVIDASS JI on Sunday, February 16, 2025 at the temple. Akhand Path will start on

**February 14, 2025 (FRIDAY) 9:30 AM and conclude on February 16, 2025 (SUNDAY) 9:30 AM followed by KIRTAN DIWAN until 2:00 PM**

Nishan Sahib Hoisting Ceremony will be held at 11:00 AM on February 15, 2025 (Saturday)

GURU JI KI SANGAT will perform Langar, Path and Parshad Sewa for this program. Prominent Kirtani Jathas and distinguished Speakers will enhance the Kirtan Diwan on all three days.

Entire Sangat is cordially invited to participate in the celebrations with family and friends and get blessings of Satguru Ravidass Ji

The Management Committee needs volunteers to prepare and serve Langar, keep Gurughar clean and organized, directing traffic/parking, kitchen Sewa, Jorha Sewa and other Sewas on all three days of Gurpurab Celebrations For STALLS or any other SEWA, please contact President Sunita Singh at (415)233-3319 or Chairman Vinod Kumar at (408)718-2506. The Management Committee requests the help, support and co-operation from the entire sangat to celebrate 648th. Gurpurab of Guru Ravidass Ji. Your DONATIONS in CASH or KIND will be greatly appreciated.

**Members are requested to renew their membership by January 31, 2025.**

Gurughar is open every day. Sukhmani Sahib path/ Akhand Path, Kirtan and Langar Sewa is hosted by Sangat or some devotee every Sunday.

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguruavidasstemple.com



**Chairman**
**Vinod Kumar**



**President**
**Sunita Bangar**



**Gen. Secretary**
**Upinder Pal Ricky**



**Treasurer**
**Shinder Pal Narabut**

# ਕੈਲੀਫੋਰਨੀਆ ਵਿਚ ਅੱਗ ਨੇ ਮਚਾਈ ਭਾਰੀ ਤਬਾਹੀ, ਪ੍ਰਭਾਵਿਤ ਲੋਕਾਂ ਦੀ ਮੱਦਦ ਲਈ ਸਿੱਖ ਸੰਸਥਾਵਾਂ ਆਈਆਂ ਅੱਗੇ

## ਲੋੜਵੰਦਾਂ ਲਈ ਖਾਣ ਪੀਣ ਦੀਆਂ ਵਸਤਾਂ ਪਹੁੰਚਾਉਣ ਦੀ ਸੇਵਾ ਸ਼ੁਰੂ





**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਕੈਲੀਫੋਰਨੀਆ ਦੇ ਜੰਗਲ ਨੂੰ ਲੱਗੀ ਅੱਗ ਵੱਲੋਂ ਮਚਾਈ ਭਾਰੀ ਤਬਾਹੀ ਦੇ ਦਰਮਿਆਨ ਸਿੱਖ ਸੰਸਥਾਵਾਂ ਮੱਦਦ ਲਈ ਅੱਗੇ ਆਈਆਂ ਹਨ। ਗੁਰੂ ਘਰਾਂ ਦੇ ਪ੍ਰਬੰਧਕ ਤੇ ਹੋਰ ਸਿੱਖ ਸੰਸਥਾਵਾਂ ਅੱਗ ਨਾਲ ਪ੍ਰਭਾਵਿਤ ਲੋਕਾਂ ਨੂੰ ਖਾਣ ਪੀਣ ਦੀਆਂ ਵਸਤਾਂ ਤੋਂ ਇਲਾਵਾ ਹੋਰ ਲੜੀਂਦਾ ਸਮਾਨ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਨਾਂ ਸੰਸਥਾਵਾਂ ਤੇ ਗੁਰੂ ਘਰਾਂ ਵਿਚ ਪ੍ਰਮੁੱਖ ਤੌਰ 'ਤੇ ਖਾਲਸਾ ਏਅਡ, ਗੁਰਦੁਆਰਾ ਫਰੀਮਾਂਟ, ਗੁਰਦੁਆਰਾ ਯੂਬਾ ਸਿਟੀ,ਗੁਰਦੁਆਰਾ ਵੈਸਟ ਸੈਕਰਾਮੈਂਟੋ, ਗੁਰਦੁਆਰਾ ਬਰਾਡਸ਼ਾਅ ਸੈਕਰਾਮੈਂਟੋ, ਲਾਸ ਏਂਜਲਸ ਖੇਤਰ ਵਿਚਲੇ ਸਾਰੇ ਗੁਰੂ ਘਰ ਸ਼ਾਮਿਲ ਹਨ।

ਅੱਗ ਨਾਲ ਭਾਰੀ ਤਬਾਹੀ - ਸਮੁੱਚੇ ਤੱਟੀ ਦੱਖਣੀ ਕੈਲੀਫੋਰਨੀਆ ਤੇ ਆਸ ਪਾਸ ਦੇ ਖੇਤਰ ਵਿਚ ਲੱਗੀ ਭਿਆਨਕ ਜੰਗਲੀ ਅੱਗ ਨੇ ਭਾਰੀ ਤਬਾਹੀ ਮਚਾਈ ਹੈ। ਹਾਲਾਂ ਕਿ ਅੱਗ ਬੁਝਾਊ ਅਮਲੇ ਨੂੰ ਕੁਝ ਹੱਦ ਤੱਕ ਅੱਗ ਬੁਝਾਉਣ ਵਿਚ ਸਫਲਤਾ ਮਿਲੀ ਹੈ ਪਰੰਤੂ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਖੇਤਰ ਵਿਚ ਤੇਜ ਹਵਾਵਾਂ ਚੱਲਣ ਦੀ ਸੰਭਾਵਨਾ ਹੈ ਜਿਸ ਕਾਰਨ ਅੱਗ ਹੋਰ ਭੜਕ ਸਕਦੀ ਹੈ।

ਲਾਸ ਏਂਜਲਸ ਕਾਊਂਟੀ ਡਾਕਟਰੀ ਜਾਂਚ ਅਧਿਕ-ਾਰੀਆਂ ਅਨੁਸਾਰ ਅੱਗ ਨਾਲ ਸੜ ਕੇ ਮਰਨ ਵਾਲਿਆਂ ਦੀ ਗਿਣਤੀ 11 ਹੋ ਗਈ ਹੈ ਜਦ ਕਿ 56 ਵਰਗ ਮੀਲ ਵਿਚ ਫੈ-ਲਿਆ 36000 ਏਕੜ ਜੰਗਲੀ ਰਕਬਾ ਸੜ ਕੇ ਸਵਾਹ ਹੋ ਗਿਆ ਹੈ। ਪਾਲੀਸਾਡੇਸ ਦੀ ਅੱਗ ਜੋ ਲਾਸ ਏਂਜਲਸ ਦੇ ਇਤਿਹਾਸ ਵਿਚ ਸਭ ਤੋਂ ਭਿਆਨਕ ਅੱਗ ਹੈ, ਵਿਚ 20000 ਏਕੜ ਜੰਗਲ ਸੜ ਗਏ ਹਨ।

12000 ਤੋਂ ਵਧ ਘਰ ਤੇ ਹੋਰ ਇਮਾਰਤਾਂ ਸੜ ਕੇ ਸਵਾਹ ਹੋ ਗਈਆਂ ਹਨ। ਡੇਢ ਲੱਖ ਤੋਂ ਵਧ ਲੋਕ ਘਰੋਂ ਬੇਘਰ ਹੋ ਗਏ ਹਨ। ਐਲਟਾਡੇਨਾ ਨੇੜੇ ਈਟੋਨ ਖੇਤਰ ਵਿਚ ਲੱਗੀ ਅੱਗ ਉਪਰ ਕੇਵਲ 3% ਤੱਕ ਕਾਬੂ ਪਾਇਆ ਜਾ ਸਕਿਆ ਹੈ ਜਦ ਕਿ ਅੱਗ 13600 ਏਕੜ ਵਿਚ ਲੱਗੀ ਹੋਈ ਹੈ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨੇ ਕਿਹਾ ਹੈ ਕਿ ਮੈਕਸੀਕੋ ਤੋਂ ਅੱਗ ਬੁਝਾਊ ਅਮਲਾ ਛੇਤੀ ਈਟੋਨ ਪਹੁੰਚ ਜਾਵੇਗਾ ਜਿਥੇ ਪਹਿਲਾਂ ਹੀ 10000 ਤੋਂ ਵਧ ਵਰਕਰ ਤੇ ਹੋਰ ਕਾਮੇ ਅੱਗ ਬੁਝਾਉਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ।

# ਜਾਰਜੀਆ ਦੇ ਇਕ ਸਕੂਲ ਵਿਚ 14 ਸਾਲਾ ਵਿਦਿਆਰਥੀ ਗੰਨ ਸਮੇਤ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਜਾਰਜੀਆ ਦੇ ਅਪਾਲਾਚੀ ਹਾਈ ਸਕੂਲ ਵਿਚ ਇਕ 14 ਸਾਲਾਂ ਦੇ ਵਿਦਿਆਰਥੀ ਨੂੰ ਗੰਨ ਸਮੇਤ ਗ੍ਰਿਫਤਾਰ ਕਰਨ ਦੀ ਖਬਰ ਹੈ। ਇਹ ਉਹ ਹੀ ਸਕੂਲ ਹੈ ਜਿਸ ਵਿਚ ਪਿਛਲੇ ਸਾਲ ਸਤੰਬਰ ਵਿਚ ਹੋਈ ਗੋਲੀਬਾਰੀ ਵਿਚ 2 ਅਧਿਆਪਕਾਂ ਤੇ 2 ਵਿਦਿਆਰਥੀਆਂ ਦੀ ਮੌਤ ਹੋ ਗਈ ਸੀ ਤੇ ਕੁਝ ਹੋਰ ਜ਼ਖਮੀ ਹੋ ਗਏ ਸਨ। ਬਾਰੋਅ ਕਾਊਂਟੀ ਸ਼ੈਰਿਫ ਦਫਤਰ ਨੇ ਕਿਹਾ ਹੈ ਕਿ ਵਿੰਡਰ ਸਥਿੱਤ ਸਕੂਲ ਵਿਚ ਵਿਦਿਆਰਥੀ ਨੂੰ ਬਿਨਾਂ ਕਿਸੇ ਅਣਸੁਖਾਵੀਂ ਘਟਨਾ ਦੇ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲਿਸ ਅਫਸਰਾਂ ਅਨੁਸਾਰ ਵਿਦਿਆਰਥੀ ਪੁੱਛਗਿੱਛ ਦੌਰਾਨ ਸਹਿਯੋਗ ਕਰ ਰਿਹਾ ਹੈ ਤੇ ਉਸ ਵੱਲੋਂ ਕਿਸੇ ਨੂੰ ਡਰਾਉਣ ਧਮਕਾਉਣ ਦੀ ਕੋਈ ਰਿਪੋਰਟ ਨਹੀਂ ਹੈ। ਨਬਾਲਗ ਕਾਰਨ ਪੁਲਿਸ ਨੇ ਵਿਦਿਆਰਥੀ ਦਾ ਨਾਂ ਜਨਤਿਕ ਨਹੀਂ ਕੀਤੀ ਹੈ ਤੇ ਉਸ ਨੂੰ ਗੇਨੈਸਵਿਲੇ ਵਿਚ ਨਬਾਲਗਾਂ ਦੀ ਜੇਲ ਵਿਚ ਰੱਖਿਆ ਗਿਆ ਹੈ। ਉਸ ਵਿਰੁੱਧ ਸਕੂਲ ਵਿਚ ਹਥਿਆਰ ਲਿਆਉਣ ਸਮੇਤ ਹੋਰ ਕਈ ਦੋਸ਼ ਲਾਏ ਗਏ ਹਨ।

# ਵਰਜੀਨੀਆ ਵਿਧਾਨ ਸਭਾ ਦੀਆਂ ਵਿਸ਼ੇਸ਼ ਚੋਣਾਂ ਵਿੱਚ ਭਾਰਤੀ ਮੂਲ ਦੇ 2 ਡੈਮੋਕਰੈਟਿਕ ਉਮੀਦਵਾਰ ਚੋਣ ਜਿੱਤੇ




**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਵਰਜੀਨੀਆ ਵਿਧਾਨ ਸਭਾ ਦੀਆਂ 2 ਸੀਟਾਂ ਉਪਰ ਹੋਈਆਂ ਵਿਸ਼ੇਸ਼ ਚੋਣਾਂ ਵਿੱਚ ਭਾਰਤੀ ਮੂਲ ਦੇ 2 ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਇਨਾਂ ਵਿਚ ਕਾਨਨ ਸ੍ਰੀਨਿਵਾਸਨ ਤੇ ਜੇ ਜੇ ਸਿੰਘ ਸ਼ਾਮਿਲ ਹਨ। ਦੋਨਾਂ ਉਮੀਦਵਾਰਾਂ ਨੂੰ ਹੀ 61% ਤੋਂ ਵਧ ਵੋਟਾਂ ਮਿਲੀਆਂ ਹਨ। ਸ੍ਰੀਨਿਵਾਸਨ ਨੇ ਸੈਨਟ ਡਿਸਟ੍ਰਿਕਟ 32 ਸੀਟ ਤੇ ਜੇ ਜੇ ਸਿੰਘ ਨੇ ਹਾਊਸ ਡਿਸਟ੍ਰਿਕਟ 26 ਤੋਂ ਜਿੱਤ ਹਾਸਲ ਕੀਤੀ ਹੈ। ਇਨਾਂ ਦੋਨਾਂ ਉਮੀਦਵਾਰਾਂ ਦੀ ਜਿੱਤ ਨੇ ਡੈਮੋਕਰੈਟਸ ਦੀ ਵਰਜੀਨੀਆ ਜਨਰਲ ਅਸੰਬਲੀ ਦੇ ਦੋਨਾਂ ਸਦਨਾਂ ਵਿਚ ਬਹੁਮਤ ਨੂੰ ਯਕੀਨੀ ਬਣਾ ਦਿੱਤਾ ਹੈ। ਕਾਨਨ ਸ੍ਰੀਨਿਵਾਸਨ ਨੇ ਜਿੱਤ ਉਪਰੰਤ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਮੈਂ ਆਪਣੇ ਹਰੇਕ ਕਾਰਕੁੰਨ ਤੇ ਸਮੁੱਚੀ ਟੀਮ ਦਾ ਧੰਨਵਾਦੀ ਹਾਂ ਜਿਨਾਂ ਦੀ ਸਖਤ ਮਿਹਨਤ ਸਦਕਾ ਮੈਨੂੰ ਲੋਕਾਂ ਦੀ ਸੇਵਾ ਜਾਰੀ ਰਖਣ ਦਾ ਅਵਸਰ ਪ੍ਰਾਪਤ ਹੋਇਆ ਹੈ। ਜੇ ਜੇ ਸਿੰਘ ਨੇ ਵੀ ਜਿੱਤ ਉਪਰ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਹੈ 'ਹਾਊਸ ਡਿਸਟ੍ਰਿਕਟ 26' ਵੱਲੋਂ ਮੇਰੇ ਉਪਰ ਭਰੋਸਾ ਪ੍ਰਗਟ ਕਰਨ ਲਈ ਧੰਨਵਾਦ। ਡੈਮੋਕਰੈਟਿਕ ਪਾਰਟੀ ਵਰਜੀਨੀਆ ਦੀ ਪ੍ਰਧਾਨ ਸੁਸਾਨ ਸਵੈਕਰ ਨੇ ਚੋਣ ਨਤੀਜਿਆਂ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਲੌਡੋਨ ਕਾਊਂਟੀ ਦੇ ਵੋਟਰਾਂ ਨੇ ਇਕ ਵਾਰ ਫਿਰ ਰਿਪਬਲੀਕਨਾਂ ਦੇ ਅੱਤਵਾਦ ਨੂੰ ਰੱਦ ਕਰ ਦਿੱਤਾ ਹੈ। ਉਨਾਂ ਕਿਹਾ ਹੈ ਕਿ ਇਨਾਂ ਜਿੱਤਾਂ ਨਾਲ ਪਾਰਟੀ ਵਰਜੀਨੀਆ ਵਾਸੀਆਂ ਦੇ ਫਾਇਦੇ ਲਈ ਬਿੱਲ ਪਾਸ ਕਰਨ ਤੇ ਨੁਕਸਾਨਦੇਹ ਨੀਤੀਆਂ ਨੂੰ ਰੱਦ ਕਰਨ ਦੇ ਸਮਰੱਥ ਹੋ ਗਈ ਹੈ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540


Email: skytransportsolution@gmail.com

Give us a chance to provide you best services

121 E 11th St. Tracy, CA 95376

# ਪ੍ਰਸਿੱਧ ਸਮਾਜ ਸੇਵੀ ਤੇ ਸਿੱਖ ਆਗੂ ਡਾ ਅਮਰਜੀਤ ਸਿੰਘ ਮਰਵਾਹਾ ਦਾ 99 ਸਾਲ ਦੀ ਉਮਰ ਵਿਚ ਦਿਹਾਂਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪ੍ਰਸਿੱਧ ਸਮਾਜ ਸੇਵੀ ਡਾ ਅਮਰਜੀਤ ਸਿੰਘ ਮਰਵਾਹਾ ਦਾ 99 ਸਾਲ ਦੀ ਉਮਰ ਵਿਚ ਦੁੱਖਦਾਈ ਦਿਹਾਂਤ ਹੋ ਜਾਣ ਦੀ ਖਬਰ ਹੈ। ਉਹ ਸਿੱਖਾਂ ਤੇ ਹੋਰ ਭਾਈਚਾਰਿਆਂ ਵਿਚ ਜਾਣੇ ਪਛਾਣੇ ਆਗੂ ਸਨ। ਡਾ ਮਰਵਾਹਾ ਨੇ ਕਲਾ, ਸਭਿਆਚਾਰ , ਸਿੱਖਿਆ ਤੇ ਮਨੁੱਖੀ ਭਲਾਈ ਦੇ ਖੇਤਰ ਵਿਚ ਵਰਣਨਯੋਗ ਕੰਮ ਕੀਤਾ। ਡਾ ਮਰਵਾਹਾ ਲਾਸ ਦੀ ਏਂਜਲਸ ਯਾਤਰਾ 1950 ਵਿਚ ਓਦੋਂ ਸ਼ੁਰੂ ਹੋਈ ਸੀ ਜਦੋਂ ਉਹ ਸਕਾਲਰਸ਼ਿੱਪ 'ਤੇ ਅਮਰੀਕਾ ਆਏ ਸਨ। 1962 ਵਿਚ ਉਹ ਪੱਕੇ ਤੌਰ 'ਤੇ ਕੈਲੀਫੋਰਨੀਆ ਵਿਚ ਵੱਸ ਗਏ ਜਿਥੇ ਉਨਾਂ ਨੇ ਦੰਦਾਂ ਦੇ ਡਾਕਟਰ ਵਜੋਂ ਸੇਵਾਵਾਂ ਨਿਭਾਈਆਂ। ਉਨਾਂ ਦੀ ਪ੍ਰਸਿੱਧੀ ਦਾ ਇਸ ਗਲ ਤੋਂ ਪਤਾ ਲੱਗਦਾ ਹੈ ਕਿ ਲਾਸ ਏਂਜਲਸ ਵਿਚ ਵਰਮਾਊਂਟ ਐਵਨਿਊ ਤੇ ਫਿਨਲੇਅ ਸਟਰੀਟ ਚੌਰਾਹੇ ਦਾ ਨਾਂ ਡਾ ਅਮਰਜੀਤ ਸਿੰਘ ਮਰਵਾਹਾ ਚੌਕ ਰਖਿਆ ਗਿਆ ਹੈ। ਇਹ ਚੌਕ ਉਨਾਂ ਦੇ ਜਨਮ ਦਿਨ ਤੋਂ ਇਕ ਦਿਨ ਪਹਿਲਾਂ 3 ਫਰਵਰੀ 2019 ਨੂੰ ਸਿਟੀ ਆਫ ਲਾਸ ਏਂਜਲਸ ਦੁਆਰਾ ਉਨਾਂ ਨੂੰ ਸਮਰਪਿਤ ਕੀਤਾ ਗਿਆ ਸੀ।



ਡਾ ਮਰਵਾਹਾ ਨੂੰ ਹੋਰ ਲੋਕ ਭਲਾਈ ਕੰਮਾਂ ਤੋਂ ਇਲਾਵਾ 1969 ਵਿਚ ਹਾਲੀਵੁੱਡ ਸਿੱਖ ਗੁਰਦੁਆਰਾ ਬਣਾਉਣ ਵਿੱਚ ਨਿਭਾਈ ਪ੍ਰਮੁੱਖ ਭੂਮਿਕਾ ਲਈ ਵੀ ਯਾਦ ਕੀਤਾ ਜਾਂਦਾ ਰਹੇਗਾ। ਅਮਰੀਕਾ ਵਿਚ ਬਣਿਆ ਇਹ ਪਹਿਲਾ ਗੁਰੂ ਘਰ ਹੈ।

# ਅਮਰੀਕੀ ਰਾਜਨੀਤੀ ਵਿਚ ਭਾਰਤੀ ਭਾਈਚਾਰੇ ਦਾ ਵਧ ਰਿਹਾ ਪ੍ਰਭਾਵ

## ਪ੍ਰਤੀਨਿੱਧ ਸਦਨ ਵਿਚ ਭਾਰਤੀ ਮੈਂਬਰਾਂ ਦੀ ਗਿਣਤੀ ਵਧ ਕੇ 6 ਹੋਈ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਭਾਰਤੀ-ਅਮਰੀਕੀ ਭਾਈਚਾਰੇ ਲਈ ਇਹ ਵੱਡੀ ਖੁਸ਼ੀ ਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਅਮਰੀਕਾ ਦੀ ਰਾਜਨੀਤੀ ਵਿਚ ਭਾਰਤੀਆਂ ਦਾ ਹਿੱਸਾ ਨਿਰੰਤਰ ਵਧ ਰਿਹਾ ਹੈ। ਭਾਰਤੀ ਮੂਲ ਦੇ 6 ਉਮੀਦਵਾਰ ਚੋਣ ਜਿਤ ਕੇ 119 ਵੀਂ ਕਾਂਗਰਸ ਵਿਚ ਪਹੁੰਚਣ ਵਿੱਚ ਸਫਲ ਰਹੇ ਹਨ ਜਦ ਕਿ 2013 ਤੋਂ ਪਹਿਲਾਂ ਕਾਂਗਰਸ ਵਿਚ ਇਕ ਵੀ ਪ੍ਰਤੀਨਿੱਧ ਭਾਰਤੀ ਮੂਲ ਦਾ ਨਹੀਂ ਸੀ। 2024 ਦੀਆਂ ਚੋਣਾਂ ਵਿਚ ਜਿਹੜੇ ਭਾਰਤੀ ਮੂਲ ਦੇ ਉਮੀਦਵਾਰ ਚੋਣ ਜਿੱਤ ਕੇ ਪ੍ਰਤੀਨਿੱਧ ਸਦਨ ਵਿਚ ਪਹੁੰਚੇ ਹਨ, ਉਨਾਂ ਵਿਚ ਅਮੀ ਬੇਰਾ, ਪਰਾਮਿਲਾ ਜੈਯਾਪਾਲ, ਆਰ ਓ ਖੰਨਾ, ਰਾਜਾ ਕ੍ਰਿਸ਼ਨਾਮੂਰਤੀ, ਸ੍ਰੀ ਥਾਨੇਦਾਰ ਤੇ ਸੁਹਾਸ ਸੁਬਰਾਮਨੀਅਮ ਸ਼ਾਮਿਲ ਹਨ। ਅਮੀ ਬੇਰਾ ਨੇ ਭਾਰਤੀਆਂ ਦੀ ਇਸ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ 2013 ਵਿਚ ਉਹ ਇਕੱਲਾ ਹੀ ਕਾਂਗਰਸ ਦਾ ਮੈਂਬਰ ਸੀ ਤੇ ਅਮਰੀਕੀ ਕਾਂਗਰਸ ਦੇ ਇਤਿਹਾਸ ਵਿਚ ਉਹ ਤੀਸਰਾ ਵਿਅਕਤੀ ਸੀ ਜੋ ਚੋਣ ਜਿੱਤਿਆ ਸੀ। ਉਸ ਤੋਂ ਬਾਅਦ ਪਿਛਲੇ ਇਕ ਦਹਾਕੇ ਦੌਰਾਨ ਸਾਡੀ ਗਿਣਤੀ ਵਧੀ ਤੇ ਜੈਯਾਪਾਲ, ਖੰਨਾ, ਕ੍ਰਿਸ਼ਨਾਮੂਰਤੀ ਤੇ ਥਾਨੇਦਾਰ ਮੇਰੇ ਨਾਲ ਆ ਰਲੇ ਤੇ ਪਿਛਲੇ ਸਾਲ ਸੁਬਰਾਮਨੀਅਮ ਦੇ ਜਿੱਤਣ ਨਾਲ ਅਸੀਂ 6 ਹੋ ਗਏ ਹਾਂ ਜੋ ਭਾਰਤੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਜੈਯਾਪਾਲ ਪਹਿਲੀ ਇਕੋ ਇਕ ਭਾਰਤੀ-ਅਮੀਰੀਕੀ ਔਰਤ ਹੈ, ਜੋ ਕਾਂਗਰਸ ਵਿਚ ਪੁੱਜੀ ਹੈ। ਉਸ ਨੇ ਕਿਹਾ ਕਿ ਉਹ 16 ਸਾਲ ਦੀ ਉਮਰ ਵਿਚ ਖਾਲੀ ਹੱਥ ਇਕੱਲੀ ਅਮਰੀਕਾ ਆਈ ਸੀ। ਅੱਜ ਖੁਸ਼ ਹਾਂ ਕਿ ਮੈ ਵੀ ਕਾਂਗਰਸ ਦੀ ਮੈਂਬਰ ਹਾਂ। ਭਾਰਤੀ ਦਲ ਦੇ ਸਹਿ ਪ੍ਰਧਾਨ ਖੰਨਾ ਨੇ ਕਿਹਾ ਹੈ ਕਿ ਇਹ ਮਾਣ ਵਾਲੀ ਗੱਲ ਹੈ ਕਿ ਸਾਡੀ ਅੱਜ ਰਿਕਾਰਡ ਗਿਣਤੀ ਹੈ, ਅਸੀਂ ਸਾਰੇ ਭਾਰਤ ਨਾਲ ਰੱਖਿਆ ਤੇ ਰਣਨੀਤਿਕ ਭਾਈਵਾਲੀ ਦੇ ਖੇਤਰ ਵਿਚ ਅਮਰੀਕਾ ਦੇ ਸਬੰਧਾਂ ਨੂੰ ਹੋਰ ਮਜਬੂਤ ਬਣਾਉਣ ਲਈ ਕੰਮ ਕਰਨਾ ਜਾਰੀ ਰਖਾਂਗੇ। ਕ੍ਰਿਸ਼ਨਾਮੂਰਤੀ ਜਿਸ ਨੇ 8 ਸਾਲ ਪਹਿਲਾਂ ਭਾਰਤੀ ਮੈਂਬਰਾਂ ਦੇ ਸਮੂੰਹ ਦਾ ਨਾਂ 'ਸਮੋਸਾ ਦਲ' ਰਖਿਆ ਸੀ, ਨੇ ਕਿਹਾ ਹੈ ਕਿ ਅਸੀਂ ਇਸ ਦਲ ਵਿਚ ਸ਼ਾਮਿਲ ਹੋਏ ਨਵੇਂ ਪ੍ਰਤੀਨਿੱਧ ਸੁਬਰਾਮਨੀਅਮ ਦਾ ਸਵਾਗਤ ਕਰਦੇ ਹਾਂ। ਅਸੀਂ ਇਕੱਠੇ ਮਿਲ ਕੇ ਲੋਕਾਂ ਦੀ ਸੇਵਾ ਕਰਾਂਗੇ ਤੇ ਭਾਰਤੀ ਅਮਰੀਕੀਆਂ ਦੀ ਅਗਲੀ ਪੀੜੀ ਨੂੰ ਸੇਵਾ ਕਰਨ ਲਈ ਪ੍ਰੇਰਾਂਗੇ। ਸ੍ਰੀ ਥਾਨੇਦਾਰ ਨੇ ਆਪਣੇ ਅਮਰੀਕਾ ਆਉਣ ਦਾ ਤਜ਼ਰਬਾ ਸਾਂਝਾ ਕਰਦਿਆਂ ਕਿਹਾ ਕਿ ਮੈ ਕੇਵਲ 20 ਡਾਲਰ ਲੈ ਕੇ ਅਮਰੀਕਾ ਆਇਆ ਸੀ ਪਰੰਤੂ ਸਖਤ ਮਿਹਨਤ ਤੇ ਮੌਕਿਆਂ ਦੀ ਭਾਲ ਵਿਚ ਵਿਸ਼ਵਾਸ਼ ਰਖਣ ਸਦਕਾ ਅੱਜ ਮੈ ਕਾਂਗਰਸ ਦਾ ਮੈਂਬਰ ਹਾਂ। ਪਹਿਲੀ ਵਾਰ ਵਰਜੀਨੀਆ ਤੋਂ ਚੋਣ ਜਿੱਤ ਕੇ ਪ੍ਰਤੀਨਿੱਧ ਸਦਨ ਵਿਚ ਪਹੁੰਚੇ ਸੁਬਰਾਮਨੀਅਮ ਨੇ ਕਿਹਾ ਹੈ ਕਿ ਉਸ ਨੂੰ ਆਪਣੇ ਭਾਰਤੀ-ਅਮਰੀਕੀ ਸਾਥੀਆਂ ਨਾਲ ਕੰਮ ਕਰਕੇ ਮਾਣ ਮਹਿਸੂਸ ਹੋਵੇਗਾ। ਮੈ ਪਹਿਲਾ ਭਾਰਤੀ ਅਮਰੀਕੀ ਹਾਂ ਜੋ ਵਰਜੀਨੀਆ ਤੋਂ ਜਿੱਤਿਆ ਹੈ ਪਰੰਤੂ ਮੈਨੂੰ ਵਿਸ਼ਵਾਸ਼ ਹੈ ਕਿ ਇਹ ਗਿਣਤੀ ਹੋਰ ਵਧੇਗੀ।



# ਇਕ ਭਾਰਤੀ ਦੀ ਹੱਤਿਆ ਦੇ ਮਾਮਲੇ ਵਿਚ 5 ਭਾਰਤੀ ਗ੍ਰਿਫਤਾਰ, ਪਿਛਲੇ ਸਾਲ ਨਿਊਜਰਸੀ ਦੇ ਜੰਗਲੀ ਖੇਤਰ ਵਿਚੋਂ ਮਿਲੀ ਸੀ ਕੁਲਦੀਪ ਕੁਮਾਰ ਦੀ ਲਾਸ਼

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** 35 ਸਾਲਾ ਭਾਰਤੀ ਕੁਲਦੀਪ ਕੁਮਾਰ ਦੀ ਹੱਤਿਆ ਦੇ ਮਾਮਲੇ ਵਿਚ ਨਿਊਯਾਰਕ ਦੇ ਸੰਦੀਪ ਕੁਮਾਰ ਸਮੇਤ 5 ਭਾਰਤੀਆਂ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਬਾਕੀ ਗ੍ਰਿਫਤਾਰ ਕੀਤੇ 4 ਸ਼ੱਕੀ ਇੰਡਿਆਨਾ ਦੇ ਰਹਿਣ ਵਾਲੇ ਹਨ। ਕੁਲਦੀਪ ਕੁਮਾਰ ਦੀ ਲਾਸ਼ ਅਕਤਬੂਰ 2024 ਵਿਚ ਨਿਊ ਜਰਸੀ ਦੇ ਜੰਗਲੀ ਖੇਤਰ ਵਿਚੋਂ ਮਿਲੀ ਸੀ। ਪਰਿਵਾਰ ਨੇ 26 ਅਕਤੂਬਰ 2024 ਨੂੰ ਓਜੋਨ ਪਾਰਕ, ਨਿਊਯਾਰਕ ਵਿਚ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਵਾਈ ਸੀ। ਉਸ਼ੀਅਨ ਕਾਊਂਟੀ ਪ੍ਰਾਸੀਕਿਊਟਰ ਬਰੈਡਲੀ ਡੀ ਬਿਲਹਿਮਰ ਤੇ ਨਿਊ ਜਰਸੀ ਸਟੇਟ ਪੁਲਿਸ ਸੁਪਰਡੈਂਟ ਕਰਨਲ ਪੈਟਰਿਕ ਜੇ ਕਲਾਹਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਦੱਖਣੀ ਓਜੋਨ ਪਾਰਕ, ਨਿਊ ਯਾਰਕ ਵਾਸੀ 34 ਸਾਲਾ ਸੰਦੀਪ ਕੁਮਾਰ ਵਿਰੁੱਧ ਹੱਤਿਆ ਤੇ ਹੱਤਿਆ ਦੀ ਸਾਜਿਸ਼ ਰਚਣ ਦੇ ਦੋਸ਼ ਲਾਏ ਗਏ ਹਨ। ਉਸ ਨੂੰ ਓਸ਼ੀਅਨ ਕਾਊਂਟੀ ਜੇਲ ਵਿਚ ਰਖਿਆ ਗਿਆ ਹੈ। ਮਾਮਲੇ ਦੀ ਜਾਂਚ 14 ਦਸੰਬਰ 2024 ਨੂੰ ਸ਼ੁਰੂ ਹੋਈ ਸੀ। ਪੋਸਟ ਮਾਰਟਮ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਕੁਲਦੀਪ ਕੁਮਾਰ ਦੀ ਮੌਤ ਉਸ ਦੀ ਛਾਤੀ ਵਿਚ ਕਈ ਗੋਲੀਆਂ ਮਾਰਨ ਕਾਰਨ ਹੋਈ ਹੈ। ਅਧਿਕਾਰੀਆਂ ਵੱਲੋਂ ਡੂੰਘਾਈ ਨਾਲ ਕੀਤੀ ਗਈ ਜਾਂਚ ਉਪਰੰਤ ਗਰੀਨਵੁੱਡ,ਇੰਡਿਆਨਾ ਵਾਸੀ 4 ਹੋਰ ਭਾਰਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਜਿਨਾਂ ਵਿਚ ਸੌਰਵ ਕੁਮਾਰ (23), ਗੌਰਵ ਸਿੰਘ 27), ਨਿਰਮਲ ਸਿੰਘ 30) ਤੇ ਗੁਰਦੀਪ ਸਿੰਘ (22) ਸ਼ਾਮਿਲ ਹਨ। ਇਨਾਂ ਸਾਰਿਆਂ ਵਿਰੁੱਧ ਹੱਤਿਆ ਤੇ ਹੱਤਿਆ ਦੀ ਸਾਜਿਸ਼ ਦੇ ਦੋਸ਼ ਦਰਜ ਕੀਤੇ ਗਏ ਹਨ। ਜਾਂਚ ਵਿਚ ਅਧਿਕਾਰੀਆਂ ਨੇ ਸਿੱਟਾ ਕੱਢਿਆ ਕਿ ਕੁਲਦੀਪ ਕੁਮਾਰ ਦੀ ਹੱਤਿਆ ਇਨਾਂ ਸਾਰਿਆਂ ਨੇ ਮਿਲ ਕੇ ਕੀਤੀ ਹੈ। ਸ਼ੱਕੀ ਦੋਸ਼ੀਆਂ ਦੀ ਗ੍ਰਿਫਤਾਰੀ ਓਸ਼ੀਅਨ ਕਾਊਂਟੀ ਪ੍ਰਾਸੀਕਿਊਟਰ ਦੇ ਦਫਤਰ, ਨਿਊਜਰਸੀ ਸਟੇਟ ਪੁਲਿਸ, ਐਫ ਬੀ ਆਈ ਤੇ ਸਿਟੀ ਆਫ ਗਰੀਨਵੁੱਡ ਪੁਲਿਸ ਵਿਭਾਗ 'ਤੇ ਅਧਾਰਤ ਬਣਾਈ ਇਕ ਸਾਂਝੀ ਟੀਮ ਨੇ ਗਰੀਨਵੁੱਡ ਖੇਤਰ ਵਿਚੋਂ ਕੀਤੀ। ਅਧਿਕਾਰੀਆਂ ਅਨੁਸਾਰ ਇਨਾਂ ਸਾਰਿਆਂ ਨੂੰ ਬਿਨਾਂ ਕਿਸੇ ਅਣਸੁਖਾਵੀਂ ਘਟਨਾ ਦੇ ਗ੍ਰਿਫਤਾਰ ਕਰ ਲਿਆ ਗਿਆ ਤੇ ਇਸ ਸਮੇ ਇਹ ਫਰੈਂਕਲਿਨ, ਇੰਡਿਆਨਾ ਦੀ ਜੌਹਨਸਨ ਕਾਊਂਟੀ ਜੇਲ ਵਿਚ ਬੰਦ ਹਨ। ਬਾਅਦ ਵਿਚ ਇਨਾਂ ਨੂੰ ਨਿਊ ਜਰਸੀ ਭੇਜ ਦਿੱਤਾ ਜਾਵੇਗਾ। ਅਧਿਕਾਰੀਆਂ ਅਨੁਸਾਰ ਮਾਮਲੇ ਦੀ ਜਾਂਚ ਅਜੇ ਜਾਰੀ ਹੈ।



## ਲੁਇਸਿਆਨਾ ਵਿਚ ਇਕ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿਚ 6 ਜ਼ਖਮੀ, 2 ਦੀ ਹਾਲਤ ਗੰਭੀਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਲੁਇਸਿਆਨਾ ਰਾਜ ਵਿਚ ਇਕ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿਚ 6 ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ ਜਿਨਾਂ ਵਿਚੋ 2 ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਵੈਬਸਟਰ ਪਾਰਿਸ਼ ਸ਼ੈਰਿਫ ਜੈਸਨ ਪਾਰਕਰ ਅਨੁਸਾਰ ਗੋਲੀਬਾਰੀ ਡਬਰਲੀ ਵਿਚ ਰਾਤ ਵੇਲੇ ਚੱਲ ਰਹੀ ਇਕ ਪਾਰਟੀ ਦੌਰਾਨ ਹੋਈ। ਉਨਾਂ ਕਿਹਾ ਕਿ ਅੱਧੀ ਰਾਤ ਤੋਂ ਪਹਿਲਾਂ ਸੂਚਨਾ ਮਿਲਣ 'ਤੇ ਜਦੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਜ਼ਖਮੀ ਵਿਅਕਤੀਆਂ ਨੂੰ ਪਹਿਲਾਂ ਹੀ ਹਸਪਤਾਲ ਲਿਜਾਇਆ ਜਾ ਚੁੱਕਾ ਸੀ। ਸ਼ੈਰਿਫ ਅਨੁਸਾਰ ਗੋਲੀਬਾਰੀ ਦੇ ਬਾਵਜੂਦ ਪਾਰਟੀ ਜਾਰੀ ਸੀ ਜਿਸ ਵਿਚ ਸੰਗੀਤ ਵੱਜ ਰਿਹਾ ਸੀ ਤੇ ਲੋਕ ਖਾ ਪੀ ਰਹੇ ਸਨ। ਸ਼ੈਰਿਫ ਦਫਤਰ ਅਨੁਸਾਰ ਮਾਮਲੇ ਦੀ ਜਾਂਚ ਜਾਰੀ ਹੈ ਪਰੰਤੂ ਲੱਗਦਾ ਹੈ ਕਿ ਜਾਂਚ ਲਈ ਲੰਬਾ ਸਮਾਂ ਲੱਗ ਸਕਦਾ ਹੈ ਕਿਉਂਕਿ ਪਾਰਟੀ ਵਿਚ ਸ਼ਾਮਿਲ ਲੋਕਾਂ ਕੋਲੋਂ ਪੁੱਛਗਿੱਛ ਉਪਰੰਤ ਹੀ ਕੋਈ ਸਿੱਟਾ ਕੱਢਿਆ ਜਾ ਸਕੇਗਾ। ਪੁਲਿਸ ਇਹ ਵੀ ਜਾਂਚ ਕਰ ਰਹੀ ਹੈ ਕਿ ਪਾਰਟੀ ਦਾ ਪ੍ਰਬੰਧ ਕਿਸ ਨੇ ਕੀਤਾ ਸੀ।

## ਪਦਮਸ਼੍ਰੀ ਸੁਰਜੀਤ ਪਾਤਰ ਦੇ ਨਾਂ 'ਤੇ ਬਣੇਗਾ ਐਥਿਕਲ ਏਆਈ ਸੈਂਟਰ



**ਅੰਮ੍ਰਿਤਸਰ–** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਨੂੰ ਇੱਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਉੱਘੇ ਸ਼ਾਇਰ ਪਦਮਸ੍ਰੀ ਮਰਹੂਮ ਸੁਰਜੀਤ ਪਾਤਰ ਦੇ ਨਾਂ 'ਤੇ ਸੁਰਜੀਤ ਪਾਤਰ ਐਥਿਕਲ ਏਆਈ ਸੈਂਟਰ ਬਣਾਉਣ ਦਾ ਐਲਾਨ ਕੀਤਾ ਹੈ। ਉਹ ਅੱਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਸੁਰਜੀਤ ਪਾਤਰ ਦੀ ਯਾਦ ਵਿੱਚ ਕੀਤੇ ਗਏ ਇੱਕ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਪੁੱਜੇ ਸਨ। ਇਹ ਸਮਾਗਮ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪੰਜਾਬ ਕਲਾ ਪਰਿਸ਼ਦ ਅਤੇ ਭਾਸ਼ਾ ਵਿਭਾਗ ਪਟਿਆਲਾ ਦੇ ਸਹਿਯੋਗ ਨਾਲ ਕਰਵਾਇਆ ਗਿਆ ਹੈ। ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਮਰਹੂਮ ਸੁਰਜੀਤ ਪਾਤਰ ਨਾਲ ਆਪਣੀ ਨੇੜਤਾ ਦੇ ਕਿੱਸੇ ਅਤੇ ਉਨ੍ਹਾਂ ਨੂੰ ਸੁਣਾਈ ਆਪਣੀ ਇੱਕ ਕਵਿਤਾ ਵੀ ਸਾਂਝੀ ਕੀਤੀ। ਸਮਾਗਮ ਵਿੱਚ ਮਰਹੂਮ ਸ਼ਾਇਰ ਦੀ ਪਤਨੀ ਭੁਪਿੰਦਰ ਕੌਰ ਪਾਤਰ, ਉਨ੍ਹਾਂ ਦੇ ਭਰਾ ਅਤੇ ਪੁੱਤਰ ਵੀ ਪੁੱਜੇ ਹੋਏ ਸਨ, ਜਿਨ੍ਹਾਂ ਨੂੰ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸੁਰਜੀਤ ਪਾਤਰ ਬਾਰੇ ਲਿਖੀ ਹੋਈ ਇੱਕ ਪੁਸਤਕ ਵੀ ਰਿਲੀਜ਼ ਕੀਤੀ ਗਈ। ਮਰਹੂਮ ਸ਼ਾਇਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਨਾਂ 'ਤੇ ਇੱਥੇ ਆਰਟੀਫਿਸ਼ਅਲ ਇੰਟੈਲੀਜੈਂਸ ਸਬੰਧੀ ਇੱਕ ਕੇਂਦਰ ਸਥਾਪਿਤ ਕੀਤਾ ਜਾਵੇਗਾ, ਜਿਸ ਵਿੱਚ ਆਧੁਨਿਕ ਤਕਨਾਲੋਜੀ ਦੀ ਵਰਤੋਂ ਕੀਤੀ ਜਾਵੇਗੀ ਅਤੇ ਇਸ ਸਬੰਧ ਵਿੱਚ ਸਰਕਾਰ ਵੱਲੋਂ ਹਰ ਸੰਭਵ ਮਦਦ ਮੁਹੱਈਆ ਕਰਵਾਈ ਜਾਵੇਗੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੋਲਡਨ ਗੋਲਡਨ ਜੁਬਲੀ ਕਨਵੈਂਸ਼ਨ ਸੈਂਟਰ ਵਿੱਚ ਕੀਤੇ ਜਾ ਰਹੇ ਇਸ ਸਮਾਗਮ ਵਿੱਚ ਵੱਡੀ ਗਿਣਤੀ ਸ਼ਾਇਰ, ਲੇਖਕ, ਬੁੱਧੀਜੀਵੀ ਅਤੇ ਸਾਹਿਤ ਪ੍ਰੇਮੀ ਹਿੱਸਾ ਲੈ ਰਹੇ ਹਨ।

## ਮਨੀ ਲਾਂਡਰਿੰਗ ਮਾਮਲੇ 'ਚ ਕੇਜਰੀਵਾਲ ਤੇ ਸਿਸੋਦੀਆ ਖਿਲਾਫ ਚੱਲੇਗਾ ਕੇਸ



**ਨਵੀਂ ਦਿੱਲੀ (ਬਿਊਰੋ)** ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਸ਼ਰਾਬ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀਆਂ ਮੁਸ਼ਕਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਤਾਜ਼ਾ ਮਾਮਲੇ ਵਿੱਚ, ਕੇਂਦਰੀ ਗ੍ਰਹਿ ਮੰਤਰਾਲੇ ਨੇ ਸ਼ਰਾਬ ਘੁਟਾਲੇ ਦੇ ਮਾਮਲੇ ਵਿੱਚ ਮਨੀ ਲਾਂਡਰਿੰਗ ਵਿੱਚ ਕਥਿਤ ਸ਼ਮੂਲੀਅਤ ਲਈ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਵਿਰੁੱਧ ਮਨੀ ਲਾਂਡਰਿੰਗ ਰੋਕੂ ਕਾਨੂੰਨ ਦੇ ਤਹਿਤ ਮੁਕੱਦਮਾ ਚਲਾਉਣ ਲਈ ਐਨਫੋਰਸਮੈਂਟ ਡਾਇਰੈਕਟੋਰੇਟ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪਿਤਾ ਲੱਗਾ ਹੈ ਕਿ ਲੈਫਟੀਨੈਂਟ ਗਵਰਨਰ ਵਿਨੇ ਕੁਮਾਰ ਸਕਸੈਨਾ ਨੇ ਪਿਛਲੇ ਮਹੀਨੇ ਏਜੰਸੀ ਨੂੰ ਕੇਜਰੀਵਾਲ ਖਿਲਾਫ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੀ ਸੀ। ਸੀਬੀਆਈ ਨੂੰ ਆਬਕਾਰੀ ਨੀਤੀ ਨਾਲ ਸਬੰਧਤ ਇੱਕ ਸਮਾਨਾਂਤਰ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਅਗਸਤ 2024 ਵਿੱਚ ਕੇਜਰੀਵਾਲ ਵਿਰੁੱਧ ਅਜਿਹੀ ਕਾਰਵਾਈ ਕਰਨ ਦੀ ਮਨਜ਼ੂਰੀ ਮਿਲੀ ਸੀ।

## ਮਾਘ ਦੀ ਸੰਗਰਾਂਦ ਮੌਕੇ 3.50 ਕਰੋੜ ਲੋਕਾਂ ਵੱਲੋਂ ਸੰਗਮ ਇਸ਼ਨਾਨ



**ਪ੍ਰਯਾਗਰਾਜ–** ਮਹਾਕੁੰਭ ਦੇ ਦੂਜੇ ਇਸ਼ਨਾਨ ਮਾਘ ਦੀ ਸੰਗਰਾਂਦ ਮੌਕੇ ਅਖਾੜਿਆਂ ਦੇ ਸਾਧੂ-ਸੰਤਾਂ ਦਾ ਅੰਮ੍ਰਿਤ ਇਸ਼ਨਾਨ ਕੀਤਾ। ਇਸੇ ਵਿਚਾਲੇ ਅੱਜ 3.50 ਕਰੋੜ ਤੋਂ ਵੱਧ ਸ਼ਰਧਾਲੂਆਂ ਨੇ ਗੰਗਾ ਤੇ ਸੰਗਮ 'ਚ ਇਸ਼ਨਾਨ ਕੀਤਾ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸਭ ਨੂੰ ਸੰਗਰਾਂਦ ਦੀ ਵਧਾਈ ਦਿੱਤੀ ਹੈ। ਅਖਾੜਿਆਂ ਦੇ ਅੰਮ੍ਰਿਤ ਇਸ਼ਨਾਨ 'ਚ ਸਭ ਤੋਂ ਪਹਿਲਾਂ ਸ੍ਰੀ ਪੰਚਾਇਤੀ ਅਖਾੜਾ ਮਹਾਨਿਰਵਾਣੀ ਅਤੇ ਸ੍ਰੀ ਸ਼ੰਭੂ ਪੰਚਾਇਤੀ ਅਟਲ ਅਖਾੜਾ ਦੇ ਸਾਧੂ-ਸੰਤਾਂ ਨੇ ਸੰਗਮ 'ਚ ਇਸ਼ਨਾਨ ਕੀਤਾ। ਤ੍ਰਿਵੈਣੀ ਸੰਗਮ ਦੇ ਬਰਫੀਲੇ ਪਾਣੀ ਨਾਲ ਅੰਮ੍ਰਿਤ ਇਸ਼ਨਾਨ ਤੜਕੇ ਤਕਰੀਬਨ 3 ਵਜੇ 'ਬ੍ਰਹਮ ਮਹੂਰਤ' 'ਚ ਸ਼ੁਰੂ ਹੋਇਆ। ਅੰਮ੍ਰਿਤ ਇਸ਼ਨਾਨ ਮਗਰੋਂ ਮਹਾਨਿਰਵਾਣੀ ਅਖਾੜੇ ਦੇ ਮਹਾਮੰਡਲੇਸ਼ਵਰ ਚੇਤਨਗਿਰੀ ਜੀ ਮਹਾਰਾਜ ਨੇ ਕਿਹਾ, 'ਹਰ 12 ਸਾਲ 'ਚ ਪੂਰਨ ਕੁੰਭ ਪ੍ਰਯਾਗਰਾਜ 'ਚ ਹੁੰਦਾ ਹੈ ਅਤੇ 12 ਪੂਰਨ ਕੁੰਭ ਹੋਣ 'ਤੇ 144 ਸਾਲ ਬਾਅਦ ਇਹ ਮਹਾਕੁੰਭ ਆਉਂਦਾ ਹੈ। ਬਹੁਤ ਕਿਸਮਤ ਵਾਲੇ ਲੋਕਾਂ ਨੂੰ ਮਹਾਕੁੰਭ 'ਚ ਇਸ਼ਨਾਨ ਕਰਨ ਦਾ ਮੌਕਾ ਮਿਲਦਾ ਹੈ।' ਇਨ੍ਹਾਂ ਤੋਂ ਬਾਅਦ ਤਪੋਨਿਧੀ ਪੰਚਾਇਤੀ ਸ੍ਰੀ ਨਿਰੰਜਨੀ ਅਖਾੜਾ ਤੇ ਆਨੰਦ ਅਖਾੜਾ ਦੇ ਸਾਧੂ-ਸੰਤਾਂ ਨੇ ਅੰਮ੍ਰਿਤ ਇਸ਼ਨਾਨ ਕੀਤਾ। ਉਨ੍ਹਾਂ ਨਾਲ ਹਜ਼ਾਰਾਂ ਦੀ ਗਿਣਤੀ 'ਚ ਨਾਗਾ ਸਾਧੂ ਸਨ। ਨਿਰੰਜਣੀ ਤੇ ਆਨੰਦ ਅਖਾੜੇ ਮਗਰੋਂ ਗਿਣਤੀ ਪੱਖੋਂ ਸਭ ਤੋਂ ਵੱਡੇ ਜੂਨਾ ਅਖਾੜਾ, ਆਵਾਹਨ ਅਖਾੜਾ ਤੇ ਪੰਚ ਅਗਨੀ ਅਖਾੜਾ ਦੇ ਸਾਧੂ-ਸੰਤਾਂ ਨੇ ਅੰਮ੍ਰਿਤ ਇਸ਼ਨਾਨ ਕੀਤਾ। ਜੂਨਾ ਅਖਾੜੇ ਦੇ ਨਾਲ ਹੀ ਕਿੰਨਰ ਅਖਾੜਾ ਤੇ ਮਹਾਮੰਡਲੇਸ਼ਵਰਾਂ ਨੇ ਅੰਮ੍ਰਿਤ ਇਸ਼ਨਾਨ ਕੀਤਾ। ਸੰਨਿਆਸੀ ਅਖਾੜਿਆਂ ਮਗਰੋਂ ਤਿੰਨ ਬੈਰਾਗੀ ਅਖਾੜਿਆਂ ਸ੍ਰੀ ਪੰਚ ਨਿਰਮੋਹੀ ਅਨੀ ਅਖਾੜਾ, ਸ੍ਰੀ ਪੰਚ ਦਿਗੰਬਰ ਅਨੀ ਅਖਾੜਾ ਅਤੇ ਸ੍ਰੀ ਪੰਚ ਨਿਰਵਾਣੀ ਅਨੀ ਅਖਾੜਾ ਨੇ ਵਾਰੀ-ਵਾਰੀ ਇਸ਼ਨਾਨ ਕੀਤਾ। ਇਸ ਮਗਰੋਂ ਉਦਾਸੀਨ ਅਖਾੜਿਆਂ ਪੰਚਾਇਤੀ ਨਯਾ ਉਦਾਸੀਨ ਤੇ ਪੰਚਾਇਤੀ ਬੜਾ ਉਦਾਸੀਨ ਅਖਾੜੇ ਨੇ ਇਸ਼ਨਾਨ ਕੀਤਾ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

ਦੇਸ਼ ਦੁਆਬਾ

## ਖੁਸ਼ਹਾਲੀ ਦਾ ਰਸਤਾ

1905 ਈ: ਦੇ ਬਰਸਾਤੀ ਦਿਨ ਇਕ ਨੌਵੀਂ ਜਮਾਤ ਦਾ ਵਿਦਿਆਰਥੀ ਮੀਂਹ ਕਾਰਨ ਸਕੂਲ ਦੇ ਕਮਰੇ ਵਿਚ ਆ ਵੜਿਆ। ਉਸ ਵਿਦਿਆਰਥੀ ਦੇ ਬ੍ਰਾਹਮਣ ਮਾਸਟਰ ਨੇ ਉਸ ਨੂੰ ਅਛੂਤ ਹੁੰਦਿਆਂ ਕਮਰੇ ਵਿਚ ਵੜਨ 'ਤੇ ਕੁੱਟ-ਕੁੱਟ ਅਧਮੋਇਆ ਕਰ ਦਿੱਤਾ। ਇਹ ਮਾਰ ਕੁੱਟ ਅਤੇ ਬਦਸਲੂਕੀ ਨੇ ਉਸ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਸਿਰਫ ਉਸ ਨਾਲ ਹੀ ਅਜਿਹਾ ਸਲੂਕ ਕਿਉਂ? ਇਸ ਬਦਸਲੂਕੀ ਕਾਰਨ ਉਸ ਨੂੰ ਪੜ੍ਹਾਈ ਛੱਡਣੀ ਪਈ।

1909 ਈ. ਵਿਚ ਇਹੀ ਨੌਜਵਾਨ ਅਮਰੀਕਾ ਵਿਚ ਰੁਜ਼ਗਾਰ ਲਈ ਗਿਆ, ਜਿੱਥੇ ਉਸ ਦਾ ਲਾਲਾ ਹਰਦਿਆਲ ਗਦਰ ਪਾਰਟੀ ਦੇ ਆਗੂ ਨਾਲ ਵਾਹ ਪਿਆ ਅਤੇ ਗਦਰ ਪਾਰਟੀ ਦੇ ਉਘੇ ਆਗੂ ਬਣ ਨਿਕਲੇ। ਇਹ ਨੌਜਵਾਨ ਪੰਜਾਬ ਦਾ ਜੰਮਪਲ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੀ। ਬਾਬੂ ਜੀ ਦੇਸ਼ ਦੀ ਆਜ਼ਾਦੀ ਲਈ ਚਾਰ ਸਾਥੀਆਂ ਸਣੇ ਅਸਲਾ ਲੈ ਕੇ ਭਾਰਤ ਵੱਲ ਵਧੇ ਪਰ ਦੇਸ਼ ਧ੍ਰੋਹੀਆਂ ਕਾਰਨ ਫੜੇ ਗਏ ਅਤੇ ਦੋ ਵਾਰੀ ਸ਼ਹੀਦ ਹੁੰਦੇ-ਹੁੰਦੇ ਬਚੇ। ਦਸੰਬਰ 1925 ਵਿਚ 40 ਵਰ੍ਹਿਆਂ ਦੀ ਉਮਰ ਵਿਚ ਬਾਬੂ ਜੀ ਭਾਰਤ ਵਾਪਸ ਪਰਤੇ। ਪੰਜਾਬ ਪੁੱਜਦਿਆਂ ਬਾਬੂ ਜੀ ਦੇ ਖਿਆਲਾਂ ਵਿਚ ਮਹਾਨ ਤਬਦੀਲੀ ਆਈ। ਅਮਰੀਕਾ ਆਦਿ ਦੇਸ਼ਾਂ ਵਿਚ ਬਰਾਬਰੀ ਦਾ ਗੁਜ਼ਾਰਿਆ ਜੀਵਨ ਅਤੇ ਭਾਰਤ ਵਿਚ ਅਛੂਤਾਂ ਦੀ ਦੁਰਦਸ਼ਾ ਦੇਖ ਕੇ ਬਾਬੂ ਜੀ ਨੇ ਅਛੂਤਾਂ ਦੀ ਬਿਹਤਰ ਲਈ ਆਪਣਾ ਰਹਿੰਦਾ ਜੀਵਨ ਗੁਜ਼ਾਰਨ ਦਾ ਪ੍ਰਣ ਕੀਤਾ। ਉਨ੍ਹਾਂ ਨੇ ਅਛੂਤਾਂ ਨੂੰ ਅੰਗਰੇਜਾਂ ਦੀ ਗੁਲਾਮੀ ਦੇ ਨਾਲ-ਨਾਲ ਬ੍ਰਾਹਮਣਵਾਦ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਹੰਭਲਾ ਮਾਰਨਾ ਸ਼ੁਰੂ ਕੀਤਾ। ਪਿੰਡ ਵਿਚ ਸਕੂਲ ਖੋਲ੍ਹ ਕੇ ਆਦਿ ਧਰਮੀਆਂ ਦੇ ਬੱਚਿਆਂ ਨੂੰ ਵਿੱਦਿਆ ਦਾ ਚਾਨਣ ਦਿੱਤਾ। ਇਸੇ ਕਰਕੇ ਪੰਜਾਬ ਖਾਸ ਕਰ ਦੁਆਬੇ ਦੇ ਆਦਿ-ਧਰਮੀ ਵੱਧ ਪੜ੍ਹੇ-ਲਿਖੇ ਅਤੇ ਜਾਗਰਿਤ ਹਨ। ਉੱਤਰੀ ਭਾਰਤ ਦੇ ਆਦਿ-ਧਰਮੀਆਂ ਨੂੰ ਜਾਗਰਿਤ ਕਰਨ ਲਈ 11-12 ਜੂਨ 1926 ਨੂੰ ਪਿੰਡ ਮੁੱਗੋਵਾਲ (ਹੁਸ਼ਿਆਰਪੁਰ) 'ਚ ਜਲਸੇ ਵਿਚ ਆਦਿ-ਧਰਮ ਦੀ ਸਥਾਪਨਾ ਕਰਕੇ ਆਦਿ-ਧਰਮੀ ਵੱਖਰੀ ਕੌਮ ਹੈ ਦਾ ਐਲਾਨ ਕੀਤਾ। ਮਰਦਮ ਸ਼ੁਮਾਰੀ ਲਈ ਵੀ ਸਰਕਾਰ ਵੱਲੋਂ ਆਦਿ-ਧਰਮ ਮਨਜ਼ੂਰ ਕਰਵਾਇਆ। ਕਮਿਊਨਲ ਅਵਾਰਡ ਵਿਚ ਆਦਿ-ਧਰਮੀਆਂ ਨੂੰ ਮਿਲੇ ਹੱਕਾਂ ਖਿਲਾਫ ਬ੍ਰਾਹਮਣਵਾਦੀ ਗਾਂਧੀ ਵੱਲੋਂ ਰੱਖੇ ਮਰਨ ਵਰਤ ਦੇ ਵਿਰੋਧ ਵਿਚ ਆਪ ਨੇ ਮਰਨ ਵਰਤ ਰੱਖਿਆ, ਜਿਸ ਦੀ ਮਿਸਾਲ ਨਹੀਂ ਮਿਲਦੀ। 1937 ਦੀਆਂ ਅਸੈਂਬਲੀ ਚੋਣਾਂ ਵਿਚ ਆਦਿ ਧਰਮੀਆਂ ਲਈ ਰਾਖਵੀਆਂ 8 ਸੀਟਾਂ ਵਿਚੋਂ 7 'ਤੇ ਬਾਬੂ ਜੀ ਦੇ ਉਮੀਦਵਾਰ ਜਿੱਤੇ। 1945 ਤੋਂ 1952 ਤੱਕ ਉਹ ਆਪ ਵੀ ਐਮ. ਐਲ. ਏ. ਰਹੇ। ਮਜ਼ਲੂਮ ਹੁਣ ਮਜ਼ਲੂਮ ਨਹੀਂ ਰਹੇ ਸਨ।

ਬਾਬੂ ਜੀ ਦੀ ਤੇਜ਼ ਨਜ਼ਰ ਨੇ ਦੇਖਿਆ ਕਿ ਆਦਿ-ਧਰਮੀਆਂ (ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ) ਦੀ ਮੰਦਹਾਲੀ ਦਾ ਕਾਰਨ ਸਿਰਫ ਬ੍ਰਾਹਮਣ ਹੈ। ਇਸ ਲਈ ਉਨ੍ਹਾਂ ਨੇ ਬ੍ਰਾਹਮਣਵਾਦ ਦੇ ਸਿੱਕੇ ਦੇ ਦੂਜੇ ਪਾਸੇ ਆਰੀਆ ਸਮਾਜ ਅਤੇ ਕਾਂਗਰਸ ਦੀ ਵਿਰੋਧਤਾ ਕੀਤੀ। ਭਾਰਤ ਦੇ ਵੀਹਵੀਂ ਸਦੀ ਦੇ ਇਤਿਹਾਸ ਵਿਚ ਬਾਬੂ ਮੁੱਗੋਵਾਲੀਆ ਅਤੇ ਡਾ. ਅੰਬੇਡਕਰ ਜੀ ਨੇ ਕਾਂਗਰਸ ਅਤੇ ਆਰੀਆ ਸਮਾਜ ਦਾ ਉਹੋ ਜਿਹਾ ਮੁਕਾਬਲਾ ਕੀਤਾ, ਜਿਸ ਤਰ੍ਹਾਂ ਸਿੰਧੂ-ਘਾਟੀ ਦੀ ਸਭਿਅਤਾ ਦੇ ਆਦਿ-ਧਰਮੀਆਂ (ਆਦਿ ਵਾਸੀਆਂ) ਨੇ ਵਿਦੇਸ਼ੀ ਆਰੀਆ ਹਮਲਾਵਰਾਂ ਨਾਲ ਮੁਕਾਬਲਾ ਕੀਤਾ।

ਆਦਿ-ਧਰਮੀਆਂ ਲਈ ਅਗਰ ਖੁਸ਼ਹਾਲੀ ਦਾ ਕੋਈ ਰਸਤਾ ਹੈ ਤਾਂ ਬਾਬੂ ਜੀ ਦਾ ਦੱਸਿਆ ਰਸਤਾ ਹੈ ਜਿਸ ਨਾਲ ਅਸੀਂ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਦੇ ਹਾਂ। ਬਾਬੂ ਜੀ ਨੇ ਮਹਾਂਰਿਸ਼ੀ ਵਾਲਮੀਕ, ਗੁਰੂ ਰਵਿਦਾਸ, ਗੁਰੂ ਨਾਮਦੇਵ ਅਤੇ ਗੁਰੂ ਕਬੀਰ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਤਰੱਕੀ ਕਰਨਾ ਲੋਕਾਂ ਨੂੰ ਦੱਸਿਆ। ਇਤਿਹਾਸ ਕਦੇ ਵੀ ਉਨ੍ਹਾਂ ਲੋਕਾਂ ਨੂੰ ਮੁਆਫ ਨਹੀਂ ਕਰੇਗਾ, ਜੋ ਦੱਬੇ ਕੁਚਲੇ ਲੋਕਾਂ ਦੇ ਨਾਂ 'ਤੇ ਸਹੂਲਤਾਂ ਲੈ ਕੇ ਬੇਮੁਖ ਹੋ ਗਏ।

**-ਸੀ. ਐਲ. ਚੁੰਬਰ**

ਕੌਮੀ ਉਡਾਰੀਆਂ (ਜਲੰਧਰ)

14 ਜਨਵਰੀ 1986 'ਚੋਂ ਧੰਨਵਾਦ ਸਹਿਤ


### ਅਣਵੰਡੇ ਪੰਜਾਬ ਵਿਚ ਦਲਿਤ ਰਾਜਨੀਤੀ ਦਾ ਮੋਢੀ

# ਬਾਬੂ ਮੰਗੂ ਰਾਮ ਮੁਗੋਵਾਲੀਆ

ਭਾਰਤ ਵਿਚ ਵਿਦੇਸ਼ੀ ਧਾੜਵੀਆਂ ਦੇ ਪ੍ਰਵੇਸ਼ ਤੋਂ ਪਹਿਲਾਂ ਇਸ ਦੇਸ਼ ਵਿਚ ਵਰਣ-ਵੰਡ, ਵਰਗ-ਵੰਡ, ਜਾਤ-ਪਾਤ, ਉਚ-ਨੀਚ ਅਤੇ ਨਾ-ਬਰਾਬਰੀ ਵਰਗੀਆਂ ਕੁਰੀਤੀਆਂ ਨਹੀਂ ਸਨ। ਇੱਥੋਂ ਦੇ ਮੂਲ ਨਿਵਾਸੀ ਕੁਦਰਤੀ ਨਿਯਮਾਂ ਅਧੀਨ ਵਿਚਰਦੇ ਸਨ ਅਤੇ ਅੱਜ ਵਰਗੀ ਰਹਿਤ ਮਰਿਆਦਾ ਦੇ ਕਠੋਰ ਜ਼ਾਬਤੇ ਮੁੱਢ-ਕਦੀਮੀਂ ਲੋਕ ਧਰਮ ਦੇ ਅੰਗ ਨਹੀਂ ਸਨ। ਉਹ ਆਪਸੀ ਸਾਂਝ, ਮਿਲਵਰਤਣ, ਪ੍ਰੇਮ-ਪਿਆਰ, ਸਤਿਕਾਰ ਅਤੇ ਸਦਭਾਵਨਾ ਅਧੀਨ ਆਪਣਾ ਜੀਵਨ ਬਸਰ ਕਰਦੇ ਸਨ। ਉਹ ਦੁਨੀਆ ਦੀ ਮਹਾਨ ਸਭਿਅਤਾ ਸਿੰਧ ਘਾਟੀ ਅਤੇ ਮਾਨਵ ਧਰਮ ਦੇ ਸਿਰਜਕ ਸਨ। ਪ੍ਰੰਤੂ ਆਰੀਆ ਦੇ ਆਉਣ ਉਪਰੰਤ ਸਿਆਸੀ ਕੂਟਨੀਤਿਕ ਚਾਲਾਂ ਅਧੀਨ ਇਸ ਮਾਨਵਵਾਦੀ ਵਿਵਸਥਾ ਨੂੰ ਤਹਿਸ-ਨਹਿਸ ਕਰ ਦਿੱਤਾ ਗਿਆ। ਆਰੀਅਨ ਦੁਆਰਾ ਸਿਰਜੀ ਵਰਣ-ਵਿਵਸਥਾ ਸਮਾਂ ਪੈ ਕੇ ਅਨੇਕ ਜਾਤੀਆਂ ਵਿਚ ਪਰਿਵਰਤਿਤ ਹੋ ਗਈ ਅਤੇ ਫਿਰ ਸਦੀਆਂ ਤੱਕ ਭਾਰਤ ਦੇ ਆਦਿਵਾਸੀਆਂ ਲਈ ਇਕ ਤ੍ਰਾਸਦੀ ਹੋ ਨਿੱਬੜੀ। ਆਰੀਆਂ ਦੁਆਰਾ ਸਿਰਜੀ ਇਸ ਸਮਾਜਿਕ, ਧਾਰਮਿਕ ਅਤੇ ਆਰਥਿਕ ਵਿਵਸਥਾ ਨੇ ਇਸ ਦੇਸ਼ ਦੇ ਕਰੋੜਾਂ ਮੂਲ ਨਿਵਾਸੀਆਂ ਨੂੰ ਸ਼ੂਦਰ, ਅਤੀ ਸ਼ੂਦਰ, ਅਛੂਤ ਅਤੇ ਗੁਲਾਮ ਬਣਾ ਕੇ ਪਸ਼ੂਆਂ ਤੋਂ ਵੀ ਭੈੜਾ ਜੀਵਨ ਜਿਊਣ ਲਈ ਮਜਬੂਰ ਕਰ ਦਿੱਤਾ।



ਸਦੀਆਂ ਪਹਿਲਾਂ ਤਥਾਗਤ ਬੁੱਧ ਨੇ ਇਸ ਅਮਾਨਵੀ ਸਿਸਟਮ ਵਿਰੁੱਧ ਆਵਾਜ਼ ਬੁਲੰਦ ਕੀਤੀ, ਮੱਧਕਾਲੀਨ ਯੁੱਗ ਵਿਚ ਭਗਤੀ ਅੰਦੋਲਨ ਦੇ ਸ਼੍ਰੋਮਣੀ ਸੰਤਾਂ-ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਨਾਨਕ ਦੇਵ ਜੀ ਅਤੇ ਹੋਰ ਅਨੇਕ ਸੰਤਾਂ, ਮਹਾਂਪੁਰਖਾਂ ਨੇ ਆਰੀਆ ਦੇ ਇਸ ਘਿਨੌਣੇ ਸਿਸਟਮ ਵਿਰੁੱਧ ਕਈ ਸਦੀਆਂ ਤੱਕ ਨਿਰੰਤਰ ਸੰਘਰਸ਼ ਕੀਤਾ। 20ਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਸੰਤ ਮੱਤ ਦੇ ਪ੍ਰਚਾਰ-ਪਸਾਰ ਅਧੀਨ ਪੰਜਾਬ ਵਿਚ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਅਗਵਾਈ ਅਧੀਨ ਆਦਿ-ਵਾਸੀਆਂ ਦੀ ਬਹੁਲਤਾ ਵਾਲੇ ਖੇਤਰ ਦੁਆਬੇ ਵਿਚੋਂ ਆਦਿ ਧਰਮ ਲਹਿਰ ਇਕ ਅੰਦੋਲਨ ਦੇ ਰੂਪ ਵਿਚ ਆਰੰਭ ਹੋ ਕੇ ਪੰਜ ਤੋਂ ਦਸ ਸਾਲ ਦੇ ਅਲਪ ਅਰਸੇ ਵਿਚ ਹੀ ਪੂਰੇ ਪੰਜਾਬ ਵਿਚ ਫੈਲ ਗਈ।



**ਡਾ. ਜੀ. ਸੀ. ਕੌਲ**
**ਐਮ. ਏ., ਪੀ. ਐਚ. ਡੀ.**
**91-94632-23223**

ਬਾਬੂ ਮੰਗੂ ਰਾਮ ਮੁਗੋਵਾਲੀਆ 1947 ਤੋਂ ਪਹਿਲਾਂ ਅਣਵੰਡੇ ਪੰਜਾਬ ਵਿਚ ਦਲਿਤ ਰਾਜਨੀਤੀ ਦੇ ਸਿਰਜਕ ਹਨ। ਪੰਜਾਬ ਦੀ ਦਲਿਤ ਰਾਜਨੀਤੀ ਦੇ ਇਤਿਹਾਸ ਵਿਚ ਉਨ੍ਹਾਂ ਦਾ ਮਹੱਤਵਪੂਰਨ ਸਥਾਨ ਹੈ। ਇੱਥੋਂ ਦੇ ਦਲਿਤ ਵਰਗਾਂ ਨੂੰ ਏਕਤਾ ਦੀ ਲੜੀ ਵਿਚ ਪਰੋ ਕੇ ਇਕ ਮੰਚ ਤੇ ਲਿਆਉਣ ਵਿਚ ਉਨ੍ਹਾਂ ਨੇ ਮੁਢਲਾ ਤੇ ਇਤਿਹਾਸਕ ਯੋਗਦਾਨ ਪਾਇਆ। ਭਾਰਤ ਦੀ ਸੁਤੰਤਰਤਾ ਤੋਂ ਲਗਭਗ ਦੋ ਦਹਾਕੇ ਪਹਿਲਾਂ ਦਲਿਤ ਰਾਜਨੀਤੀ ਦਾ ਜਿਹੜਾ ਮੈਦਾਨ ਉਨ੍ਹਾਂ ਨੇ ਤਿਆਰ ਕੀਤਾ ਸੀ, ਆਜ਼ਾਦੀ ਉਪਰੰਤ ਵੀ ਉਸ ਪਿੱਚ ਤੇ ਹੀ ਪੰਜਾਬ ਦੀ ਰਾਜਨੀਤੀ ਨੇ ਇਤਿਹਾਸ ਦੇ ਹਰ ਪੜਾਅ 'ਤੇ ਆਪਣੀ ਖੇਡ ਖੇਡੀ ਹੈ।

ਬੇਸ਼ੱਕ ਆਪਣੀਆਂ ਨਿੱਜੀ, ਸਵਾਰਥੀ ਅਤੇ ਹਉਮੈ-ਗ੍ਰਸਤ ਕੂਟਨੀਤੀਆਂ ਕਾਰਨ ਸਿਆਸਤਦਾਨ ਸਫਲ ਜਾਂ ਅਸਫਲ ਹੋਏ, ਇਹ ਇਕ ਵੱਖਰਾ ਵਿਸ਼ਾ ਹੈ। ਪਰ ਪੰਜਾਬ ਦੇ ਦਲਿਤਾਂ ਵਿਚ ਜਨ-ਚੇਤਨਾ ਪੈਦਾ ਕਰਨ ਵਿਚ ਬਾਬੂ ਮੰਗੂ ਰਾਮ ਦੇ ਯਤਨ ਬੇਮਿਸਾਲ ਹਨ।

ਇਹ ਹੈਰਾਨੀ ਵਾਲੀ ਗੱਲ ਹੈ ਕਿ ਬਾਬੂ ਮੰਗੂ ਰਾਮ ਵੱਲੋਂ ਦਲਿਤਾਂ ਦੀ ਆਜ਼ਾਦੀ, ਬਰਾਬਰੀ, ਏਕਤਾ ਅਤੇ ਸਨਮਾਨ ਲਈ ਆਰੰਭਿਆ ਗਿਆ ਇਹ ਸੰਘਰਸ਼ ਪੰਜਾਬੀ ਦਲਿਤਾਂ ਦੀ ਚੇਤਨਾ ਵਿਚੋਂ ਅਲੋਪ ਕਿਵੇਂ ਹੋ ਗਿਆ? ਗਦਰ ਪਾਰਟੀ ਦੀ ਰਹਿਨੁਮਾਈ ਹੇਠ ਸਟਾਕਟਨ, ਸਾਨਫਰਾਂਸਿਸਕੋ (ਕੈਲੀਫੋਰਨੀਆ) ਤੋਂ ਆਜ਼ਾਦੀ ਸੰਗਰਾਮੀਏ ਵਜੋਂ ਆਪਣਾ ਜੀਵਨ-ਸੰਘਰਸ਼ ਸ਼ੁਰੂ ਕਰਨ, 11-12 ਜੂਨ 1926 ਨੂੰ ਪੰਜਾਬ ਦੇ ਹਜ਼ਾਰਾਂ ਅਛੂਤਾਂ ਨੂੰ ਹੁਸ਼ਿਆਰਪੁਰ ਦੇ ਪਿੰਡ ਮੁੱਗੋਵਾਲ ਵਿਖੇ ਇਕ ਵਿਸ਼ਾਲ ਇਕੱਤਰਤਾ ਵਿਚ ਇਕ ਨਵੇਂ 'ਆਦਿ ਧਰਮ' ਦੀ ਸਿਰਜਣਾ ਕਰਕੇ, ਉਨ੍ਹਾਂ ਦੀ ਦਸ਼ਾ ਨੂੰ ਪਰਿਵਰਤਿਤ ਕਰਨ ਲਈ ਇਕ ਨਵੀਂ ਦਿਸ਼ਾ ਦੇਣ, ਦਲਿਤਾਂ ਵਿਚ ਵਿੱਦਿਆ ਪ੍ਰਾਪਤੀ ਦੀ ਚਿਣਗ ਪੈਦਾ ਕਰਨ ਲਈ 'ਆਦਿ ਧਰਮ ਸਕੂਲ' ਖੋਲ੍ਹਣ, ਆਪਣੇ ਮੀਡੀਆ ਵਜੋਂ 'ਆਦਿ ਡੰਕਾ' ਪੇਪਰ ਸ਼ੁਰੂ ਕਰਨ, 1930 ਵਿਚ ਬਰਤਾਨਵੀ ਸਰਕਾਰ ਕੋਲੋਂ ਪੰਜਾਬ ਦੇ ਅਛੂਤਾਂ ਲਈ ਹਿੰਦੂਆਂ ਤੋਂ ਵੱਖਰਾ ਨਵਾਂ 'ਆਦਿ ਧਰਮ' ਸਵੀਕ੍ਰਿਤ ਕਰਵਾਉਣ, ਦੂਸਰੀ ਗੋਲਮੇਜ਼ ਕਾਨਫਰੰਸ (1931), ਲੰਡਨ ਵਿਖੇ ਗਾਂਧੀ ਜੀ ਦੇ ਮੁਕਾਬਲੇ ਤੋਂ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਭਾਰਤ ਦੇ ਅਛੂਤਾਂ ਦੇ ਇਕੋ-ਇਕ ਨੁਮਾਇੰਦੇ ਵਜੋਂ ਆਦਿ ਧਰਮ ਵੱਲੋਂ ਜ਼ੋਰਦਾਰ ਹਮਾਇਤ ਦੇਣ, ਬਰਤਾਨੀਆ ਸਰਕਾਰ ਵੱਲੋਂ ਵਿਭਿੰਨ ਸਮਿਆਂ 'ਤੇ ਭਾਰਤੀਆਂ ਦੀਆਂ ਮੰਗਾਂ ਤੇ ਵਿਚਾਰ ਕਰਨ ਲਈ ਭੇਜੇ ਜਾਂਦੇ ਅਨੇਕ ਰਾਇਲ ਕਮਿਸ਼ਨਾਂ ਅੱਗੇ ਪੰਜਾਬ ਦੇ ਸਦੀਆਂ-ਪੀੜਤ ਅਛੂਤਾਂ ਦੀਆਂ ਹੱਕੀ ਮੰਗਾਂ ਸਬੰਧੀ ਜ਼ੋਰਦਾਰ ਢੰਗ ਨਾਲ ਆਵਾਜ਼ ਬੁਲੰਦ ਕਰਨ ਅਤੇ ਮੈਮੋਰੰਡਮ ਦੇਣ, 1936-37 ਦੀ ਪਹਿਲੀ ਚੋਣ ਵਿਚ ਸਦੀਆਂ ਉਪਰੰਤ ਪਹਿਲੀ ਵਾਰੀ ਪੰਜਾਬ ਦੀਆਂ ਅੱਠ ਰਿਜ਼ਰਵ ਸੀਟਾਂ 'ਤੇ ਕਾਂਗਰਸੀ ਉਮੀਦਵਾਰਾਂ ਦੇ ਮੁਕਾਬਲੇ ਤੇ ਆਦਿ ਧਰਮ ਮੰਡਲ ਦੇ ਸੱਤ ਐਮ. ਐਲ. ਏ. ਜਿਤਾ ਕੇ ਲਾਹੌਰ ਅਸੰਬਲੀ ਵਿਚ ਭੇਜਣ ਅਤੇ 1946 ਵਿਚ ਹੁਸ਼ਿਆਰਪੁਰ ਤੋਂ ਜਿੱਤ ਕੇ ਖੁਦ ਐਮ. ਐਲ. ਏ. ਬਣਨ ਵਾਲੇ ਬਾਬੂ ਮੰਗੂ ਰਾਮ ਨੂੰ 1952 ਵਿਚ ਗੜ੍ਹਸ਼ੰਕਰ ਵਿਧਾਨ ਸਭਾ ਸੀਟ ਤੋਂ ਕਾਂਗਰਸੀ ਉਮੀਦਵਾਰ ਤੋਂ ਹਾਰ ਜਾਣ ਉਪਰੰਤ, ਗੁਮਨਾਮੀ ਵਾਲਾ ਜੀਵਨ ਬਤੀਤ ਕਰਨ ਲਈ ਮਜਬੂਰ ਕਿਉਂ ਹੋਣਾ ਪਿਆ? ਇਹ ਕੁਝ ਅਜਿਹੇ ਪ੍ਰਸ਼ਨ ਹਨ ਜਿਹੜੇ ਜੁਆਬਾਂ ਦੀ ਮੰਗ ਕਰਦੇ ਹਨ।

ਪਿਛਲੇ ਲਗਭਗ ਪੰਜ ਦਹਾਕਿਆਂ ਤੋਂ ਅਰਥਾਤ 1970 ਵਿਚ ਜਲੰਧਰ ਤੋਂ ਹਫਤਾਵਾਰੀ 'ਰਵਿਦਾਸ ਪੱਤ੍ਰਿਕਾ' ਸ਼ੁਰੂ ਹੋਣ ਦੇ ਨਾਲ ਬਾਬੂ ਮੰਗੂ ਰਾਮ ਬਨਵਾਸ ਵਰਗੀ ਗੁੰਮਨਾਮੀ ਭਰੀ ਜ਼ਿੰਦਗੀ ਤੋਂ ਬਾਹਰ ਆਏ ਅਤੇ ਪੰਜਾਬ ਵਿਚ ਆਦਿ ਧਰਮ ਬਾਰੇ ਪੁਨਰ ਵਿਚਾਰ-ਚਰਚਾ ਸ਼ੁਰੂ ਹੋਈ। ਕੁਝ ਵਿਦਵਾਨਾਂ' ਨੇ ਤਾਂ ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਅੰਦੋਲਨਾਂ ਨੂੰ ਇਕ ਦੂਸਰੇ ਦੇ ਵਿਰੋਧ ਵਿਚ ਖੜਿਆਂ ਕਰ ਦਿੱਤਾ, ਹਮਾਇਤੀਆਂ ਅਤੇ ਵਿਰੋਧੀਆਂ ਨੇ ਸਵਾਰਥੀ ਭਾਵਨਾ ਅਧੀਨ ਇਨ੍ਹਾਂ ਅੰਦੋਲਨਾਂ ਨੂੰ ਇਕ ਅਜੀਬੋ-ਗਰੀਬ ਆਪੇ ਸਿਰਜੀ ਨਵੀਂ ਰੰਗਤ ਦੇਣੀ ਸ਼ੁਰੂ ਕਰ ਦਿੱਤੀ। 17 ਫਰਵਰੀ 1970 ਨੂੰ 'ਹਫਤਾਵਾਰੀ 'ਰਵਿਦਾਸ ਪੱਤ੍ਰਿਕਾ' ਸ਼ੁਰੂ ਹੋਣ ਉਪਰੰਤ ਮੇਰੇ ਵਰਗੇ ਅਨੇਕਾਂ ਤਤਕਾਲੀ ਨੌਜਵਾਨ ਬਾਬੂ ਮੰਗੂ ਰਾਮ ਦੇ ਸੰਪਰਕ ਵਿਚ ਆਏ ਅਤੇ ਉਨ੍ਹਾਂ ਦੀ ਅਗਵਾਈ ਹੇਠ ਆਦਿ ਧਰਮ ਨੂੰ ਇਕ ਨਵੇਂ ਨਾਂ ਅਧੀਨ ਆਦਿ ਧਰਮ 'ਸ਼ਡਿਊਲਡ ਕਾਸਟਸ ਫੈਡਰੇਸ਼ਨ' ਵਿਚ ਕੰਮ ਕਰਨ ਦਾ ਅਵਸਰ ਪ੍ਰਾਪਤ ਹੋਇਆ, ਬੇਸ਼ੱਕ ਕੁਝ ਆਪਣਿਆਂ ਦੀਆਂ ਲੂੰਬੜ-ਚਾਲਾਂ ਅਤੇ ਪੰਜਾਬ ਵਿਚ ਤਤਕਾਲੀ ਸਰਕਾਰਾਂ ਵਿਚ ਦਲਿਤਾਂ ਦੀ ਪ੍ਰਤੀਨਿਧਤਾ ਕਰਨ ਵਾਲਿਆਂ ਦੀਆਂ ਕੂਟ-ਨੀਤਿਕ ਚਾਲਾਂ ਨੇ ਇਸ ਲਹਿਰ ਨੂੰ ਪੁਨਰ ਸੁਰਜੀਤ ਨਾ ਹੋਣ ਦੇਣ ਵਿਚ ਆਪਣਾ ਭਰਪੂਰ ਯੋਗਦਾਨ ਪਾਇਆ।

1980 ਵਿਚ ਬਾਬੂ ਮੰਗੂ ਰਾਮ ਅਤੇ 1983 ਵਿਚ ਚੌ. ਹਜ਼ਾਰਾ ਰਾਮ ਪਿੱਪਲਾਂਵਾਲਾ, ਸਾਬਕਾ ਜਨਰਲ ਸਕੱਤਰ ਆਦਿ ਧਰਮ ਮੰਡਲ (1930) ਦੇ ਦੇਹਾਂਤ ਨਾਲ ਪੁਨਰ ਸੁਰਜੀਤੀ ਦੀ ਇਹ ਲਹਿਰ ਆਪੇ ਹੀ ਦਮ ਤੋੜ ਗਈ। ਮੌਕੇ ਦੀ ਸਰਕਾਰ ਵੱਲੋਂ ਇਸ ਲਹਿਰ ਦੀਆਂ ਸਰਗਰਮੀਆਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਕਈਆਂ ਨਾਲ ਬੇਇਨਸਾਫ਼ੀਆਂ ਵੀ ਹੋਈਆਂ। ਭਾਰਤ ਵਿਚ ਲੱਗੀ ਐਮਰਜੈਂਸੀ ਦਾ ਬਹਾਨਾ ਬਣਾ ਕੇ ਕਈ ਸਰਗਰਮ ਸਾਥੀਆਂ ਨੂੰ ਨੌਕਰੀਆਂ ਤੋਂ ਵੀ ਹੱਥ ਧੋਣੇ ਪਏ, ਪਰ ਕਈ ਸਵਾਰਥੀਆਂ ਨੇ ਹੱਥ ਵੀ ਰੰਗੇ ਅਤੇ ਸਿਆਸੀ ਫਾਇਦੇ ਵੀ ਚੁੱਕੇ।

ਮੈਨੂੰ ਇਸ ਗੱਲ ਦਾ ਫਖਰ ਹੈ ਕਿ 'ਦੀ ਪੰਜਾਬ ਸਰਵਿਸ ਕੋਆਪਰੇਟਿਵ ਸੁਸਾਇਟੀ ਲਿਮਟਿਡ ਮਨਜ਼ੂਰ ਸ਼ੁਦਾ ਯੂ. ਕੇ. ਦੀ ਸਰਪ੍ਰਸਤੀ ਹੇਠ ਸ੍ਰੀ ਮੰਗੂ ਰਾਮ ਜਸਪਾਲ, ਪ੍ਰੋਪਰਾਈਟਰ ਅਤੇ ਐਡੀਟਰ ਦੀ ਅਗਵਾਈ ਹੇਠ 17 ਫਰਵਰੀ 1970 ਤੋਂ ਹਫਤਾਵਾਰੀ 'ਰਵਿਦਾਸ ਪੱਤ੍ਰਿਕਾ' ਪ੍ਰਕਾਸ਼ਿਤ ਕੀਤੇ ਜਾਣ ਉਪਰੰਤ ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮੁਗੋਵਾਲ ਅਤੇ ਜਨਰਲ ਸਕੱਤਰ ਚੌਧਰੀ ਹਜ਼ਾਰਾ ਰਾਮ ਪਿੱਪਲਾਂਵਾਲਾ ਦੇ ਅੰਤਿਮ ਸਮੇਂ ਤੱਕ ਇਨ੍ਹਾਂ ਮਹਾਨ ਸ਼ਖਸੀਅਤਾਂ ਦੀ ਸੰਗਤ ਮਾਨਣ, ਇਨ੍ਹਾਂ ਦੀ ਰਹਿਨੁਮਾਈ ਹੇਠ ਆਦਿ ਧਰਮ ਨੂੰ ਪੰਜਾਬ ਵਿਚ ਮੁੜ ਸੁਰਜੀਤ ਕਰਨ ਦੇ ਅੰਦੋਲਨ ਵਿਚ ਕਾਰਜਸ਼ੀਲ ਹੋਣ ਅਤੇ ਇਨ੍ਹਾਂ ਤੋਂ ਬਹੁਤ ਕੁਝ ਸਿੱਖਣ ਦਾ ਮੌਕਾ ਮਿਲਦਾ ਰਿਹਾ ਹੈ। ਜਿੱਥੇ ਸਮਾਜ ਦੇ ਇਨ੍ਹਾਂ ਨਿਧੜਕ ਜਰਨੈਲਾਂ ਦੇ ਜੀਵਨ ਨੂੰ ਨੇੜਿਉਂ ਤੱਕਣ ਦਾ ਅਵਸਰ ਮਿਲਿਆ, ਉਥੇ ਇਨ੍ਹਾਂ ਦੁਆਰਾ ਆਦਿ ਧਰਮ ਮੰਡਲ ਦੀ ਸਥਾਪਨਾ, ਇਸਦੇ ਉਦੇਸ਼ਾਂ, ਸੰਘਰਸ਼ਾਂ, ਸ਼ਾਨਦਾਰ ਪ੍ਰਾਪਤੀਆਂ ਦਾ ਵਿਵੇਚਨ, ਵਿਸ਼ਲੇਸ਼ਣ ਕਰਨ ਅਤੇ ਇਸਦੇ ਪਤਨ ਲਈ ਜ਼ਿੰਮੇਵਾਰ ਸਥਿਤੀਆਂ, ਸ਼ਖ-ਸੀਅਤਾਂ ਅਤੇ ਕਾਰਨਾਂ ਦੇ ਪ੍ਰਗਟਾਵਿਆਂ ਦੇ ਚਿੱਤਰ ਅੱਜ ਵੀ ਮੇਰੇ ਮਨ ਦੀ ਕੈਨਵਸ 'ਤੇ ਉਲੀਕੇ ਪਏ ਹਨ।

ਨਿਰਸੰਦੇਹ ਇਹ ਇਕ ਖੋਜ ਤੇ ਗਹਿਰੇ ਅਧਿਐਨ ਦਾ ਵਿਸ਼ਾ ਹੈ ਅਤੇ ਇਸ ਪਾਸੇ ਸਾਡੇ 'ਵਿਦਵਾਨਾਂ' ਦਾ ਹਾਲੇ ਧਿਆਨ ਨਹੀਂ ਗਿਆ। ਪੰਜਾਬ ਵਿਚ ਆਦਿ ਧਰਮ ਲਹਿਰ, ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੁਆਰਾ ਸਥਾਪਿਤ ਦੋ ਸਿਆਸੀ ਪਾਰਟੀਆਂ ਆਲ ਇੰਡੀਆ ਸ਼ਡਿਊਲਡ ਕਾਸਟਸ ਫੈਡਰੇਸ਼ਨ ਅਤੇ ਆਰ. ਪੀ. ਆਈ. ਦੇ ਸੰਘਰਸ਼, ਪ੍ਰਾਪਤੀਆਂ ਤੇ ਪਤਨ ਬਾਰੇ ਨਾ ਕੋਈ ਵਿਚਾਰ-ਚਰਚਾ ਹੋਈ ਅਤੇ ਨਾ ਹੀ ਇਸ ਸੰਦਰਭ ਵਿਚ ਕੋਈ ਖੋਜ ਅਧਿਐਨ ਪ੍ਰਸਤੁਤ ਕੀਤੇ ਗਏ। ਆਦਿ ਧਰਮ ਦੇ ਸੰਦਰਭ ਵਿਚ

**(ਬਾਕੀ ਅਗਲੇ ਸਫੇ 'ਤੇ)**



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਣਵੰਡੇ ਪੰਜਾਬ ਵਿਚ ਦਲਿਤ ਰਾਜਨੀਤੀ ਦਾ ਮੋਢੀ ਬਾਬੂ ਮੰਗੂ ਰਾਮ ਮੁਗੋਵਾਲੀਆ










L to R : Megh Raj, Gurmail, Karamchand, Gurdev Mehmi, Babu Mangu Ram, Harbans Hira, Nirmal, Ashwani, Mr. Randhawa, Charan Dass Puar, Karamchand, Maghi Ram, Parshini & Charano Kaur

**(ਸਫਾ 6 ਦੀ ਬਾਕੀ)**

ਕੈਲੇਫੋਰਨੀਆ ਯੂਨੀਵਰਸਿਟੀ ਦੇ ਵਿਦਵਾਨ ਪ੍ਰੋ. ਜੇ. ਮਾਰਕ, ਮਿ. ਸੀ. ਐਲ. ਚੁੰਬਰ, ਡਾ. ਰੌਣਕੀ ਰਾਮ, ਡਾ. ਜਸਵੰਤ ਰਾਏ, ਮਿ. ਮੇਘ ਰਾਜ ਐਮ. ਏ. ਨੇ ਕੁਝ ਦਸਤਾਵੇਜ਼ੀ ਸਬੂਤਾਂ ਦੇ ਆਧਾਰ 'ਤੇ ਪ੍ਰਸੰਸਾਯੋਗ ਖੋਜ ਅਧਿਐਨ ਪ੍ਰਸਤੁਤ ਕੀਤੇ ਹਨ।

ਆਦਿ ਧਰਮ ਦੇ ਬਾਨੀ, ਗਦਰੀ ਯੋਧੇ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਜਨਮ 14 ਜਨਵਰੀ 1986 ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਦੇ ਪਿੰਡ ਮੁੱਗੋਵਾਲ ਵਿਖੇ ਹੋਇਆ। ਵਰਣ-ਵੰਡ, ਜਾਤ-ਪਾਤ ਅਤੇ ਛੂਆ-ਛੂਤ ਦੇ ਵਿਤਕਰੇ ਅਧੀਨ ਉਹ ਉਚੇਰੀ ਵਿਦਿਆ ਪ੍ਰਾਪਤ ਨਾ ਕਰ ਸਕੇ। ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਪੱਖਪਾਤੀ ਰਵੱਈਏ ਦਾ ਸ਼ਿਕਾਰ ਹੋ ਕੇ, ਹੁਸ਼ਿਆਰ ਵਿਦਿਆਰਥੀ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਹਾਈ ਸਕੂਲ ਦੀ ਸੀਨੀਅਰ ਕਲਾਸ ਦੀ ਪੜ੍ਹਾਈ ਅੱਧਵਾਟੇ ਹੀ ਛੱਡਣੀ ਪਈ। 1909 ਵਿਚ ਖੁਸ਼ਹਾਲ ਜੀਵਨ ਦੀਆਂ ਸੱਧਰਾਂ ਲੈ ਕੇ ਉਹ ਅਮਰੀਕਾ ਚਲੇ ਗਏ ਅਤੇ ਸਾਨਫਰਾਂਸਿਸਕੋ, ਕੈਲੇਫੋਰਨੀਆ ਵਿਖੇ 1912 ਤੱਕ ਫਲ ਤੋੜਨ ਦਾ ਰੋਜ਼ਗਾਰ ਕਰਦੇ ਰਹੇ। ਕੈਲੇਫੋਰਨੀਆ ਵਿਖੇ ਸਟੈਨਫੋਰਡ ਯੂਨੀਵਰਸਿਟੀ ਵਿਚ ਹਿੰਦੂ ਫਿਲਾਸਫ਼ੀ ਅਤੇ ਸੰਸਕ੍ਰਿਤ ਦੇ ਪ੍ਰੋਫੈਸਰ ਲਾਲਾ ਹਰਦਿਆਲ, ਜੋ ਗਦਰ ਪਾਰਟੀ ਦੇ ਪ੍ਰਮੁੱਖ ਬਾਨੀਆਂ ਵਿਚੋਂ ਸਨ, ਦੇ ਕ੍ਰਾਂਤੀਕਾਰੀ ਭਾਸ਼ਣਾਂ ਅਤੇ ਵਿਚਾਰਾਂ ਦਾ ਤਤਕਾਲੀ ਨੌਜਵਾਨ ਮੰਗੂ ਰਾਮ 'ਤੇ ਐਨਾ ਪ੍ਰਭਾਵ ਪਿਆ ਕਿ 1913 ਵਿਚ ਉਹ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ। ਉਹ ਸਟਾਕਟਨ ਗੁਰ-ਦੁਆਰੇ ਦੇ ਬਾਨੀ ਮੈਂਬਰਾਂ ਵਿਚੋਂ ਇਕ ਸਨ। ਇਸ ਸਬੰਧੀ ਚਰਨਜੀਤ ਸਿੰਘ ਪੰਨੂ ਲਿਖਦੇ ਹਨ:

*"ਦਲਿਤ ਭਾਈਚਾਰੇ ਨਾਲ ਸਬੰਧਤ ਮੰਗੂ ਰਾਮ ਜੋ ਬਾਅਦ ਵਿਚ ਬਾਬਾ ਮੰਗੂ ਰਾਮ ਕਹਾਇਆ ਵੀ ਇਸ ਗੁਰਦੁਆਰੇ ਦਾ ਮੁਢਲਾ ਮੈਂਬਰ ਸੀ।" (ਮੇਰੀ ਵਾਈਟ ਹਾਊਸ ਫੇਰੀ 149)*

1913 ਵਿਚ ਹੀ ਉਹ ਗਦਰ ਪਾਰਟੀ ਦੇ ਛਾਪੇਖਾਨੇ ਵਿਚ ਕੰਮ ਕਰਨ ਲੱਗੇ, ਜਿੱਥੋਂ ਹਫਤਾਵਾਰੀ 'ਗਦਰ' ਨਾਂ ਦਾ ਅਖ਼ਬਾਰ, ਪਾਰਟੀ ਵੱਲੋਂ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਗਿਆ। 1915 ਵਿਚ ਜਰਮਨ ਸਰਕਾਰ ਦੀ ਸਹਾਇਤਾ ਨਾਲ ਗਦਰ ਪਾਰਟੀ ਵੱਲੋਂ ਜਹਾਜ਼ ਰਾਹੀਂ ਭਾਰਤ ਦੀ ਆਜ਼ਾਦੀ ਲਈ ਲੜਨ ਵਾਲੇ ਦੇਸ਼ ਭਗਤ ਗਦਰੀ ਯੋਧਿਆਂ ਨੂੰ ਹਥਿਆਰ ਭੇਜਣ ਦੀ ਯੋਜਨਾ ਅਧੀਨ ਪਾਰਟੀ ਦੇ ਜਿਹੜੇ ਪੰਜ ਮੈਂਬਰਾਂ ਦੀ ਡਿਊਟੀ ਲਾਈ ਗਈ, ਉਨ੍ਹਾਂ ਵਿਚ ਬਾਬੂ ਮੰਗੂ ਰਾਮ ਵੀ ਸ਼ਾਮਲ ਸਨ। ਪ੍ਰੰਤੂ ਹਾਲਾਤ ਅਤੇ ਕੁਝ ਗੱਦਾਰਾਂ ਦੀਆਂ ਸਾਜ਼ਿਸ਼ਾਂ ਅਧੀਨ ਪਾਰਟੀ ਦੀ ਇਹ ਯੋਜਨਾ ਨੇਪਰੇ ਨਾ ਚੜ੍ਹ ਸਕੀ। ਇਨ੍ਹਾਂ ਵਿਰੁੱਧ ਬਰਤਾਨੀਆ ਸਰਕਾਰ ਦੇ ਵਿਰੁੱਧ ਸਾਜ਼ਿਸ਼ ਰਚੇ ਜਾਣ ਦੇ ਦੋਸ਼ ਦੇ ਅੰਤਰਗਤ ਕੈਲੀਫੋਰਨੀਆ ਦੀ ਅਦਾਲਤ ਵਿਚ ਮੁਕੱਦਮਾ ਚੱਲਿਆ ਅਤੇ 1917 ਵਿਚ ਅਦਾਲਤ ਵੱਲੋਂ ਬਾਬੂ ਮੰਗੂ ਰਾਮ ਤੇ ਉਹਨਾਂ ਦੇ ਸਾਥੀਆਂ ਨੂੰ ਫਾਂਸੀ ਦੀ ਸਜ਼ਾ ਦਾ ਐਲਾਨ ਕੀਤਾ ਗਿਆ। ਪਰ ਜਰਮਨਾਂ ਦੀ ਸਹਾਇਤਾ ਨਾਲ ਇਹ ਪੰਜੇ ਸਾਥੀ ਰੂਪੋਸ਼ ਹੋ ਗਏ ਅਤੇ ਇਕ ਦੂਜੇ ਤੋਂ ਵਿੱਛੜ ਵੀ ਗਏ। ਲਗਭਗ ਅੱਠ ਸਾਲ ਪੂਰਬੀ ਦੇਸ਼ਾਂ ਵਿਚ ਰੂਪੋਸ਼ ਹੋਣ ਦੀਆਂ ਦੁਸ਼ਵਾਰੀਆਂ ਸਹਿੰਦਿਆਂ 1925 ਵਿਚ ਬਾਬੂ ਮੰਗੂ ਰਾਮ ਦਸੰਬਰ 1925 ਵਿਚ ਆਪਣੇ ਪਿੰਡ ਮੁਗੋਵਾਲ ਪਹੁੰਚ ਗਏ।

1932 ਵਿਚ ਪੈਦਾ ਹੋਏ ਅਤੇ ਅਮਰੀਕਾ ਦੀਆਂ ਕਾਲਰਾਡੋ, ਸ਼ਿਕਾਗੋ ਅਤੇ ਕੈਲੇਫੋਰਨੀਆ ਯੂਨੀਵਰਸਿਟੀ ਵਿਚ ਲਗਭਗ ਢਾਈ ਦਹਾਕੇ ਅਧਿਆਪਨ ਦਾ ਕਾਰਜ ਕਰਨ ਵਾਲੇ ਪ੍ਰੋ. ਵੇਦ ਪ੍ਰਕਾਸ਼ ਵਟੁਕ ਨੇ ਆਪਣੀ ਪੁਸਤਕ 'ਵਿਪੱਨਤਾ ਸੇ ਕ੍ਰਾਂਤੀ ਕੀ ਔਰ' ਵਿਚ ਗਦਰ ਪਾਰਟੀ ਦੇ ਉਦੇਸ਼, ਸੰਘਰਸ਼ ਅਤੇ ਕਾਰਗੁਜ਼ਾਰੀ ਬਾਰੇ ਵਿਸਤ੍ਰਿਤ ਚਰਚਾ ਕੀਤੀ ਹੈ। ਇਸ ਪੁਸਤਕ ਵਿਚ ਬਾਬੂ ਜੀ ਬਾਰੇ ਜ਼ਿਕਰ ਕਰਦਿਆਂ ਉਹ ਲਿਖਦੇ ਹਨ:

(ੳ) "ਮੰਗੂ ਰਾਮ ਇਕ ਦਲਿਤ ਸੀ, ਜਿਸਨੂੰ ਗਦਰ ਪਾਰਟੀ ਨੇ ਪੂਰਾ ਸੱਮਾਨ ਦਿੱਤਾ, ਮਨੁੱਖ ਦੇ ਰੂਪ ਵਿਚ ਦੇਖਿਆ। ਪਹਿਲੀ ਵਾਰ ਉਸ ਨੂੰ ਗੌਰਵ ਦਾ ਅਹਿਸਾਸ ਕਰਵਾਇਆ। ਐਨੀ ਲਾਰਸਨ ਅਤੇ ਮੈਵਰਿਕ ਜਹਾਜ਼ਾਂ ਵਿਚ ਭਾਰਤ ਵਿਚ ਸ਼ਸਤਰ ਭੇਜਣ ਵਾਲੇ ਪੰਜ ਭਾਰਤੀਆਂ ਵਿਚ ਉਸਨੂੰ ਚੁਣਿਆ। ਬਰਤਾਨੀਆ ਸਰਕਾਰ ਉਸਨੂੰ ਗੋਲੀ ਨਾਲ ਉਡਾਉਣਾ ਚਾਹੁੰਦੀ ਸੀ ਜਾਂ ਫਾਂਸੀ 'ਤੇ ਲਟਕਾਉਣਾ। ਇਕ ਦਿਨ ਇਕ ਅਖ਼ਬਾਰ ਵਿਚ ਛਪਿਆ, ਮੰਗੂ ਰਾਮ ਮਾਰਿਆ ਗਿਆ ਹੈ। ਸ਼ਾਇਦ ਮ੍ਰਿਤਕ ਦੇ ਪਾਸ ਮੰਗੂ ਰਾਮ ਨਾਮ ਦਾ ਪਾਸਪੋਰਟ ਸੀ। ਉਸ ਸਮਾਚਾਰ ਦਾ ਲਾਭ ਉਠਾ ਕੇ ਪਹਿਲੇ ਮਹਾਂਯੁੱਧ ਦੇ ਸਮਾਪਤ ਹੋਣ 'ਤੇ ਮੰਗੂ ਰਾਮ ਲੁਕਵੇਂ ਪਹਿਰਾਵੇ ਵਿਚ ਭਾਰਤ ਵਾਪਸ ਆਇਆ, ਆਪਣੀ ਜਨਮ ਭੂਮੀ ਪੰਜਾਬ ਵਿਚ ਪਹੁੰਚਿਆ। ਪ੍ਰੰਤੂ ਉਸਦੀ ਜਨਮ ਭੂਮੀ ਨੇ ਉਸਨੂੰ ਮਾਨਵ ਦੇ ਰੂਪ ਵਿਚ ਸਵੀਕਾਰ ਨਹੀਂ ਕੀਤਾ। ਉਹ ਉਥੇ ਆ ਕੇ ਫਿਰ ਦਲਿਤ ਹੋ ਗਿਆ- ਘ੍ਰਿਣਾ ਅਤੇ ਅਪਮਾਨ ਦਾ ਪਾਤਰ।"

(ਪੰਨਾ 179)

(ਅ) "ਉਸਦੀ ਆਜ਼ਾਦ ਆਤਮਾ ਤੜਫ ਉੱਠੀ। ਉਸਨੇ ਉਸ ਬ੍ਰਿਛ ਤੋਂ, ਜੋ ਉਸਨੂੰ ਬਿਮਾਰ ਸ਼ਾਖਾ ਦੇ ਰੂਪ ਵਿਚ ਦੇਖਦਾ ਸੀ, ਆਪਣੇ ਸਮੁਦਾਇ ਨੂੰ ਅਲੱਗ ਕਰਨ ਦੀ ਠਾਣ ਲਈ।" (ਪੰਨਾ 180)

(ੲ) "ਆਪਣੀ ਆਜ਼ਾਦੀ ਦੀ ਲੜਾਈ ਲੜਨ ਲਈ ਉਸਨੇ 'ਆਦਿ ਧਰਮ' ਦੀ ਸਥਾਪਨਾ ਕੀਤੀ। .. ਉਸਨੇ ਆਪਣੇ ਸਮਾਜ ਨੂੰ ਨਿਰਭੈ ਹੋ ਕੇ ਆਪਣਾ ਸੁਤੰਤਰ ਜੀਵਨ ਜਿਊਣ ਦਾ ਆਹਵਾਨ ਕੀਤਾ। ਇਸ ਤੋਂ ਬਾਅਦ ਮੰਗੂ ਰਾਮ ਨੇ ਜ਼ਿੰਦਗੀ ਭਰ ਦਲਿਤ ਵਰਗ ਵਿਚ ਸਵੈ-ਮਾਣ ਨਾਲ ਜਿਊਣ ਦੀ ਭਾਵਨਾ ਪੈਦਾ ਕਰਨ ਦਾ ਕੰਮ ਕੀਤਾ।" (ਪੰਨਾ 180)

## ਆਦਿ ਧਰਮ ਲਹਿਰ ਦੀ ਸਥਾਪਨਾ

ਵਤਨ ਪਰਤ ਕੇ ਬਾਬੂ ਮੰਗੂ ਰਾਮ ਦੇ ਸਾਹਮਣੇ ਸਭ ਤੋਂ ਵੱਡਾ ਪ੍ਰਸ਼ਨ ਸੀ, ਅਛੂਤਾਂ ਦੀ ਦਰਿਦ੍ਰਤਾ ਅਤੇ ਦੁਰਦਸ਼ਾ ਭਰੀ ਸਥਿਤੀ ਅਤੇ ਇਸ ਸਮਾਜਿਕ ਵਿਵਸਥਾ ਨੂੰ ਕਿਵੇਂ ਪਰਿਵਰਤਿਤ ਕੀਤਾ ਜਾਵੇ। ਇਸ ਸਬੰਧੀ ਨਿਰੰਤਰ ਚਿੰਤਨ ਅਤੇ ਡੂੰਘੀ ਸੋਚ ਵਿਚੋਂ ਹੀ 11-12 ਜੂਨ 1926 ਨੂੰ ਬਾਬੂ ਜੀ ਦੇ ਆਪਣੇ ਹੀ ਪਿੰਡ ਮੁਗੋਵਾਲ ਵਿਖੇ ਹਜ਼ਾਰਾਂ ਅਛੂਤਾਂ ਦੇ ਭਰਵੇਂ ਇਕੱਠ ਵਿਚ 'ਆਦਿ ਧਰਮ' ਦੀ ਸਥਾਪਨਾ ਹੋਈ।

1926 ਦੇ ਆਰੰਭ ਵਿਚ ਵਿਦੇਸ਼ੋਂ ਪਰਤਦਿਆਂ ਹੀ ਪੰਜਾਬ ਦੇ ਅਛੂਤਾਂ ਦੀ ਜ਼ਿੰਦਗੀ ਵਿਚ ਖੁਸ਼ਹਾਲੀ ਅਤੇ ਬਹਾਰ ਲਿਆਉਣ ਲਈ ਬਾਬੂ ਮੰਗੂ ਰਾਮ ਨੇ ਦੁਆਬੇ ਦੇ ਅਗਾਂਹਵਧੂ ਸੋਚ ਰੱਖਣ ਵਾਲੇ ਅਛੂਤ ਸਾਥੀਆਂ ਦੇ ਸਹਿਯੋਗ ਨਾਲ ਮੂਲ ਨਿ-ਵਾਸੀਆਂ ਦੇ ਸਮਾਨ ਅਧਿਕਾਰਾਂ ਪ੍ਰਤੀ ਜਨ-ਚੇਤਨਾ ਪੈਦਾ ਕਰਨ ਲਈ ਅਨੇਕ ਪਿੰਡਾਂ ਵਿਚ ਜਲਸੇ ਤੇ ਮੀਟਿੰਗਾਂ ਕੀਤੀਆਂ। ਸਿੱਟੇ ਵਜੋਂ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਜਾਗ੍ਰਿਤ ਪਿੰਡਾਂ ਦੇ ਅਨੇਕ ਨੌਜਵਾਨਾਂ ਦਾ ਭਰਪੂਰ ਸਹਿਯੋਗ ਉਨ੍ਹਾਂ ਨੂੰ ਪ੍ਰਾਪਤ ਹੋਇਆ। ਪਿੰਡ ਮੁਗੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 11-12 ਜੂਨ 1926 ਨੂੰ ਅਛੂਤਾਂ ਦੇ ਹੋਏ ਬੇਮਿਸਾਲ ਇਕੱਠ ਵਿਚ ਬੇਪਨਾਹ ਜਜ਼ਬੇ ਅਤੇ ਉਤਸ਼ਾਹ ਨਾਲ ਲਬਰੇਜ਼ ਤਤਕਾਲੀਨ ਨੌਜਵਾਨਾਂ ਨੇ ਬਾਬੂ ਮੰਗੂ ਰਾਮ ਦੀ ਰਹਿਨੁਮਾਈ ਹੇਠ ਹਿੰਦੂ ਧਰਮ ਵਿਰੁੱਧ ਬਗਾਵਤ ਦਾ ਬਿਗਲ ਵਜਾਉਂਦਿਆਂ ਇਕ ਨਵੇਂ ਧਰਮ ਦਾ ਆਗਾਜ਼ ਕੀਤਾ।

ਪੰਜਾਬ ਦੇ ਅਛੂਤਾਂ ਲਈ 'ਆਦਿ ਧਰਮ' ਦੀ ਸਿਰਜਣਾ ਕਰਦਿਆਂ ਇਸ ਬੇਮਿਸਾਲ ਇਕੱਠ ਵਿਚ ਪਾਸ ਹੋਏ ਮਤਿਆਂ ਦੇ ਰੂਪ ਵਿਚ ਹਜ਼ਾਰਾਂ ਸਾਲਾਂ ਤੋਂ ਪੀੜਾਂ ਭੋਗ ਰਹੇ ਮੂਲ ਨਿਵਾਸੀਆਂ ਦਾ ਪਹਿਲਾ 'ਐਲਾਨਨਾਮਾ' ਜਾਰੀ ਕੀਤਾ ਗਿਆ। ਜਿਸ ਵਿਚੋਂ ਕੁਝ ਨੁਕਤੇ ਇੱਥੇ ਪੇਸ਼ ਹਨ:

(ੳ) ਅਸੀਂ ਹਿੰਦੂ ਨਹੀਂ ਹਾਂ। ...ਅਸੀਂ ਹਿੰਦੂ ਧਰਮ ਦਾ ਹਿੱਸਾ ਨਹੀਂ ਹਾਂ ਅਤੇ ਨਾ ਹੀ ਹਿੰਦੂ ਸਾਡਾ ਹਿੱਸਾ ਹਨ।

(ਅ) ਮਰਦਮਸ਼ੁਮਾਰੀ ਵਿਚ ਆਦਿ ਧਰਮ ਨੂੰ ਵੱਖਰੇ ਧਰਮ ਵਜੋਂ ਸ਼ਾਮਲ ਕੀਤਾ ਜਾਵੇ ਅਤੇ ਸਾਨੂੰ ਹਿੰਦੂਆਂ ਦੇ ਬਰਾਬਰ ਹੱਕ ਦਿੱਤੇ ਜਾਣ।

(ੲ) ਜਿਹੜੇ ਗ੍ਰੰਥ ਅਤੇ ਸ਼ਾਸਤਰ ਅਛੂਤਾਂ ਨੂੰ ਗੁਲਾਮ ਦਿਖਾਉਂਦੇ ਹਨ, ਉਨ੍ਹਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ। ਅਜਿਹੀਆਂ ਪੁਸਤਕਾਂ ਨੂੰ ਮੰਨਣਾ ਇਕ ਨੈਤਿਕ ਪਾਪ ਹੈ।

(ਸ) ਉਹ ਸ਼ਾਸਤਰ ਜਿਵੇਂ ਕਿ ਮਨੂੰ ਸਿਮ੍ਰਿਤੀ, ਜਿਹੜੇ ਅਛੂਤਾਂ ਨੂੰ ਗੁਲਾਮ ਬਣਾਉਂਦੇ ਹਨ, ਦੇ ਉਪਰ ਪਾਬੰਦੀ ਲਾਈ ਜਾਵੇ ਅਤੇ ਜ਼ਬਤ ਕੀਤੇ ਜਾਣ। ਇਹ ਪੁਸਤਕਾਂ ਸਾਡੀ ਤਰੱਕੀ ਦੇ ਰਾਹ ਵਿਚ ਰੁਕਾਵਟ ਬਣ ਚੁੱਕੀਆਂ ਹਨ।

(ਹ) ਅਛੂਤਾਂ ਦੇ ਬੱਚਿਆਂ ਨੂੰ ਖਾਸ ਵਜ਼ੀਫੇ ਅਤੇ ਵਿਦਿਆ ਦਿੱਤੀ ਜਾਵੇ।

(ਕ) ਸਾਨੂੰ ਵੀ ਦੂਜਿਆਂ ਵਾਂਗ ਗ੍ਰਾਂਟਾਂ ਮਿਲਣੀਆਂ ਚਾਹੀਦੀਆਂ ਹਨ। ਅਛੂਤਾਂ ਲਈ ਵਿਸ਼ੇਸ਼ ਸਕੂਲਾਂ ਦੀ ਸਥਾਪਨਾ ਕੀਤੀ ਜਾਵੇ।

(ਖ) ਅਛੂਤ ਜਿਨ੍ਹਾਂ ਘਰਾਂ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਇਨ੍ਹਾਂ ਘਰਾਂ ਦੀ ਮਾਲਕੀ ਦੇ ਯੋਗ ਬਣਾਇਆ ਜਾਵੇ। ਰਈਅਤਨਾਮਾ ਅਤੇ ਇਹੋ ਜਿਹੀਆਂ ਹੋਰ ਸ਼ਰਤਾਂ ਨੂੰ ਖਤਮ ਕੀਤਾ ਜਾਵੇ।

(ਗ) ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਾਰੇ ਮਹਿਕਮਿਆਂ ਨੂੰ ਚਿਤਾਵਨੀਆਂ ਜਾਰੀ ਕਰੇ ਕਿ ਕਿਸੇ ਨੂੰ ਵੀ ਅਛੂਤਾਂ ਤੋਂ, ਬਿਨਾਂ ਮਜ਼ਦੂਰੀ ਦਿੱਤਿਆਂ (ਬੇਗਾਰ) ਕੰਮ ਕਰਾਉਣ ਦਾ ਹੱਕ ਨਹੀਂ।

## ਆਦਿ ਧਰਮ ਦੇ ਕੁਝ ਮੁਢਲੇ ਸਿਧਾਂਤ ਤੇ ਫਰਜ਼

ਹਰ ਧਰਮ ਦੇ ਕੁਝ ਮੁਢਲੇ ਸਿਧਾਂਤ, ਸੰਕਲਪ ਅਤੇ ਅਸੂਲ ਹੁੰਦੇ ਹਨ। ਇਹ ਅਸੂਲ, ਨਿਯਮ ਅਤੇ ਰਹਿਤ ਮ-ਰਆਦਾ ਹੀ ਕਿਸੇ ਨਵੇਂ ਧਰਮ ਦੀ ਵਿਸ਼ੇਸ਼ ਪਹਿਚਾਣ ਬਣਦੀ ਹੈ। ਉਪਰੋਕਤ ਕੁਝ ਇਕ ਅਹਿਮ ਨੁਕਤਿਆਂ ਤੋਂ ਇਲਾਵਾ ਆਦਿ ਧਰਮ ਦੇ ਮੁਢਲੇ ਸਿਧਾਂਤ ਅਤੇ ਆਦਿ ਧਰਮੀਆਂ ਦੇ ਫਰਜ਼ ਵੀ ਵਾਚਣਯੋਗ ਹਨ। ਇਨ੍ਹਾਂ ਅਸੂਲਾਂ, ਸਿਧਾਂਤਾਂ ਅਤੇ ਫਰਜ਼ਾਂ ਨੂੰ ਵਾਚ ਕੇ ਇਹ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਬਾਬੂ ਮੰਗੂ ਰਾਮ ਅਤੇ ਉਹਨਾਂ ਦੇ ਸਾਥੀ ਲਗਭਗ 98 ਸਾਲ ਪਹਿਲਾਂ ਅਰਥਾਤ 1926 ਵਿਚ ਵੀ ਮੂਲ ਨਿਵਾਸੀਆਂ ਦੀ ਸਮਾਜਿਕ, ਆਰਥਿਕ ਅਤੇ ਨੈਤਿਕ ਉਨਤੀ ਪ੍ਰਤੀ ਕਿੰਨੇ ਸੁਚੇਤ ਅਤੇ ਦੂਰਦਰਸ਼ੀ ਸਨ। ਸਾਡਾ ਸਮਾਜ ਤਾਂ ਅੱਜ ਵੀ ਇਨ੍ਹਾਂ ਕਮੀਆਂ, ਕੁਰੀਤੀਆਂ ਨੂੰ ਤਿਆਗ ਨਹੀਂ ਸਕਿਆ।

ਆਦਿ ਧਰਮ ਦੇ ਮੁਢਲੇ ਸਿਧਾਂਤ ਅਤੇ ਆਦਿ ਧਰ-ਮੀਆਂ ਦੇ ਫਰਜ਼ ਅਜੋਕੇ ਸਮਾਜ ਦੇ ਵਿਕਾਸ ਲਈ ਪਹਿਲਾਂ ਨਾਲੋਂ ਵੀ ਵੱਧ ਲੋੜੀਂਦੇ ਤੇ ਸਾਰਥਕ ਹਨ:

(ੳ) ਮੂਰਤੀ ਪੂਜਾ ਦਾ ਤਿਆਗ ਕਰੋ। ਜਾਦੂ-ਟੂਣਿਆਂ, ਵਹਿਮਾਂ-ਭਰਮਾਂ ਅਤੇ ਭੂਤਾਂ-ਪ੍ਰੇਤਾਂ ਦੇ ਹਰ ਪ੍ਰਕਾਰ ਦੇ ਪਾਖੰਡਾਂ ਤੋਂ ਦੂਰ ਰਹੋ।

(ਅ) ਆਦਿ ਧਰਮੀਆਂ ਨੂੰ ਚੋਰੀ, ਫਰਾਡ, ਝੂਠ, ਬੇਇਮਾਨੀ, ਕਿਸੇ ਦੂਸਰੇ ਦੀ ਪਤਨੀ ਵੱਲ ਭੈੜੀ ਨਜ਼ਰ ਨਾਲ ਤੱਕਣਾ, ਕਿਸੇ ਚੀਜ਼ ਦੀ ਵਰਤੋਂ ਕਰਨਾ ਜੋ ਨਸ਼ਾ ਚੜ੍ਹਾਉਂਦੀ ਹੋਵੇ, ਜੂਏਬਾਜ਼ੀ, ਕਿਸੇ ਦੂਸਰੇ ਵਿਅਕਤੀ ਦੀ ਜਾਇਦਾਦ ਜਾਂ ਵਸਤੂ ਨੂੰ ਜ਼ਬਰਦਸਤੀ ਪ੍ਰਾਪਤ ਕਰਨਾ, ਇਹ ਸਭ ਕੁਝ ਕੁਦਰਤ ਦੇ ਸਿਧਾਂਤ ਦੇ ਉਲਟ ਹੈ। ਇਸ ਲਈ ਇਹ ਆਦਿ ਧਰਮ ਦੇ ਸਿਧਾਂਤ ਦੇ ਉਲਟ ਹੈ।

(ੲ) ਗਿਆਨ ਨੂੰ ਗ੍ਰਹਿਣ ਕਰਨਾ, ਭਾਲਣਾ, ਤਰੱਕੀ ਨੂੰ ਪ੍ਰਾਪਤ ਕਰਨਾ ਅਤੇ ਭਾਲਣਾ ਹਰ ਆਦਮੀ ਅਤੇ ਔਰਤ ਲਈ ਜ਼ਰੂਰੀ ਹੈ।

(ਸ) ਆਦਿ ਧਰਮ ਵਿਚ ਲੜਕੇ ਅਤੇ ਲੜਕੀ ਦਾ ਪਰਿਵਾਰਕ ਜਾਇਦਾਦ ਵਿਚ ਬਰਾਬਰ ਦਾ ਹਿੱਸਾ ਹੋਣਾ ਚਾਹੀਦਾ ਹੈ।

(ਹ) ਲੜਕੇ ਅਤੇ ਲੜਕੀ ਦੇ ਜਨਮ 'ਤੇ ਇਕੋ ਜਿਹੀ ਅਪਾਰ ਖੁਸ਼ੀ ਮਨਾਉਣੀ ਚਾਹੀਦੀ ਹੈ।

(ਕ) ਲੜਕੀਆਂ ਨੂੰ ਸਿੱਖਿਆ ਦੇਣੀ ਚਾਹੀਦੀ ਹੈ, ਖਾਸ ਕਰਕੇ ਘਰੇਲੂ ਕੰਮਾਂ ਅਤੇ ਸਿਲਾਈ ਕਢਾਈ ਦੀ।

(ਖ) ਮਰੇ ਪਸ਼ੂ ਜਾਂ ਪੰਛੀ ਦਾ ਮੀਟ ਖਾਣਾ ਆਦਿ ਧਰਮ ਦੇ ਨਿਯਮਾਂ ਦੇ ਵਿਰੁੱਧ ਹੈ।

(ਗ) ਸ਼ਰਾਬ ਜਾਂ ਕੋਈ ਹੋਰ ਨਸ਼ਾ ਬਿਮਾਰੀ ਦੀ ਹਾਲਤ ਤੋਂ ਬਿਨਾਂ ਵਰਤਣਾ ਇਕ ਪਾਪ ਹੈ।

(ਘ) ਬਾਲ ਵਿਆਹ ਅਤੇ ਖ਼ਰਚੀਲੇ ਵਿਆਹਾਂ ਦੀ ਪੂਰਨ ਮਨਾਹੀ ਕਰਾਉਣਾ।

(ਙ) ਆਦਿ ਧਰਮੀਆਂ ਨੂੰ ਸਾਰੇ ਪਿੰਡਾਂ ਵਿਚ ਦੁਕਾਨਾਂ ਅਤੇ ਕਾਰੋਬਾਰ ਖੋਲ੍ਹਣੇ ਚਾਹੀਦੇ ਹਨ।

(ਚ) ਜਾਤ-ਪਾਤ ਤਿਆਗ ਕੇ ਸਮੁੱਚੇ ਆਦਿ ਧਰਮੀ ਆਪਸ ਵਿਚ ਸਹਿਯੋਗ ਕਰਕੇ ਆਪਸੀ ਏਕਤਾ, ਤਾਕਤ ਅਤੇ ਪ੍ਰੇਮ ਪਿਆਰ ਵਿਚ ਵਾਧਾ ਕਰਨ।

ਇੱਥੇ ਲੇਖ ਦੇ ਵਿਸਤ੍ਰਿਤ ਹੋਣ ਦੇ ਡਰ ਕਾਰਨ ਸਿਰਫ਼ ਕੁਝ ਇਕ ਮਹੱਤਵਪੂਰਨ ਨੁਕਤਿਆਂ ਦਾ ਹੀ ਜ਼ਿਕਰ ਕੀਤਾ ਗਿਆ ਹੈ, ਉਂਝ ਆਦਿ ਧਰਮ ਦੇ ਸਿਧਾਂਤਾਂ ਅਤੇ ਆਦਿ ਧਰਮੀਆਂ ਦੇ ਫਰਜ਼ਾਂ ਅਤੇ ਹਿਦਾਇਤਾਂ ਦੀ ਕੁੱਲ ਗਿਣਤੀ 78 ਹੈ।

ਵਾਸਤਵ ਵਿਚ ਆਦਿ ਧਰਮ ਲਹਿਰ ਰਾਜ ਸ਼ਕਤੀ ਅਰਥਾਤ ਸੱਤਾ ਪ੍ਰਾਪਤੀ ਲਈ ਇਕ ਸਮਾਜਿਕ ਅਤੇ ਧਾਰਮਿਕ ਅੰਦੋਲਨ ਸੀ। ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਉਨ੍ਹਾਂ ਦੇ ਦੂਰ-ਅੰਦੇਸ਼, ਸਾਊ ਤੇ ਸੂਝਵਾਨ ਸਾਥੀ ਇਸ ਤੱਥ ਤੋਂ ਭਲੀ-ਭਾਂਤ ਜਾਣੂ ਸਨ ਕਿ ਸਮਾਜਿਕ ਅਤੇ ਧਾਰਮਿਕ ਇੱਕਜੁਟਤਾ ਸਦੀਆਂ ਤੋਂ ਪੀੜਾ ਭੋਗ ਰਹੇ ਸਮਾਜ ਵਿਚ ਇਕ ਨਵੀਂ ਚੇਤਨਾ ਅਤੇ ਨਵੀਂ ਰਾਜਨੀਤਿਕ ਸ਼ਕਤੀ ਦਾ ਸੰਚਾਰ ਕਰ ਸਕਦੀ ਹੈ। ਇਸ ਸੰਕਲਪ ਤੇ ਸਿਧਾਂਤ ਨੂੰ ਸਾਕਾਰ ਹੁੰਦਿਆਂ ਉਹਨਾਂ ਨੇ 1937 ਦੀ ਵਿਧਾਨ ਸਭਾ ਚੋਣ ਵਿਚ ਅੱਖੀਂ ਦੇਖਿਆਂ, ਜਦੋਂ ਆਦਿ ਧਰਮ ਦੀ ਸੰਗਠਨਾਤਮਕ ਸ਼ਕਤੀ ਨੇ ਪੰਜਾਬ ਦੀ ਯੂਨੀਅਨਿਸਟ ਪਾਰਟੀ ਨਾਲ ਸਮਝੌਤਾ ਕਰਕੇ ਪੰਜਾਬ ਦੀਆਂ ਅੱਠ ਰਿਜ਼ਰਵ ਸੀਟਾਂ 'ਤੇ ਬੇਮਿਸਾਲ ਅਤੇ ਇਤਿਹਾਸਕ ਜਿੱਤ ਪ੍ਰਾਪਤ ਕੀਤੀ।

ਪਰ ਏਕਤਾ ਅਤੇ ਸੰਗਠਨ ਵਿਚ ਬਿਖਰਾਵ ਤੇ ਤ੍ਰੇੜਾਂ ਆਉਣ ਨਾਲ ਇਸ ਕਾਮਯਾਬੀ ਨੂੰ ਲੰਮੇ ਅਰਸੇ ਤੱਕ ਕਾਇਮ ਨਹੀਂ ਰੱਖਿਆ ਜਾ ਸਕਿਆ। ਅਜੋਕੀਆਂ ਪ੍ਰਸਥਿਤੀਆਂ ਦੇ ਅੰਤਰਗਤ ਅੱਜ ਪੁਨਰ-ਵਿਚਾਰ ਦੀ ਲੋੜ ਹੈ ਕਿ ਅਸੀਂ ਇਤਿਹਾਸ ਤੋਂ ਸਬਕ ਸਿੱਖੀਏ, ਸਵੈ-ਵਿਵੇਚਨ ਕਰੀਏ, ਸਮਾਜਿਕ ਤੇ ਧਾਰਮਿਕ ਤੌਰ 'ਤੇ ਲਾਮਬੰਦ ਹੋ ਕੇ ਸੱਤਾ ਪ੍ਰਾਪਤੀ ਦੀ ਮੰਜ਼ਿਲ ਵੱਲ ਅੱਗੇ ਵਧੀਏ।

ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਜਨਮ ਦਿਨ, 14 ਜਨਵਰੀ 'ਤੇ ਉਹਨਾਂ ਦੇ ਸਾਰਥਕ ਤੇ ਬੇਮਿਸਾਲ ਸੰਘਰਸ਼ ਨੂੰ ਯਾਦ ਕਰਦਿਆਂ ਇਸ ਵਿਚਾਰ-ਚਰਚਾ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਸਾਹਿਬ ਦੇ ਇਸ ਇਤਿਹਾਸਕ ਕਥਨ ਨਾਲ ਸਮਾਪਤ ਕਰਦਾ ਹਾਂ;

"ਰਾਜਨੀਤਿਕ ਕ੍ਰਾਂਤੀਆਂ ਹਮੇਸ਼ਾ ਸਮਾਜਿਕ ਅਤੇ ਧਾਰਮਿਕ ਕ੍ਰਾਂਤੀਆਂ ਤੋਂ ਬਾਅਦ ਹੋਈਆਂ ਹਨ।"

(Vol. 1, P. 44)

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਨੇ ਗੁਰੂ ਘਰ ਵਿਖੇ ਸ੍ਰੀ ਰਮੇਸ਼ ਸੁੰਮਨ ਅਤੇ ਸ੍ਰੀਮਤੀ ਗਿਆਨ ਸੁੰਮਨ ਅਤੇ ਸਮੂਹ ਸੁੰਮਨ ਪਰਿਵਾਰ ਦੇ ਸਹਿਯੋਗ ਨਾਲ ਲੋਹੜੀ ਅਤੇ ਮਾਘੀ ਦਾ ਤਿਉਹਾਰ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ। ਇਸ ਮੌਕੇ ਸ੍ਰੀ ਮੇਜਰ ਸਿੰਘ ਭਾਟੀਆ ਅਤੇ ਸ੍ਰੀਮਤੀ ਜ਼ੀਨਾ ਭਾਟੀਆ ਨੇ ਆਪਣੇ ਦੋਹਤੇ ਡਿਲਨ ਦੀ ਪਹਿਲੀ ਲੋਹੜੀ ਮਨਾਈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਪਰਿਵਾਰਾਂ ਨੇ ਲੋਹੜੀ ਪਾਈ। ਗੁਰੂ ਘਰ ਦੇ ਜਥੇ ਭਾਈ ਸਾਹਿਬ ਭਾਈ ਬਲਵਿੰਦਰ ਸਿੰਘ ਜੀ ਦੇ ਜਥੇ ਨੇ ਸ਼ਬਦ ਗਾਇਨ ਕੀਤਾ ਅਤੇ ਤਿਉਹਾਰ ਨਾਲ ਸਬੰਧਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਵਿਨੋਦ ਕੁਮਾਰ (ਚੇਅਰਮੈਨ) ਬੀਬੀ ਸੁਨੀਤਾ ਬੰਗੜ (ਪ੍ਰਧਾਨ) ਨੇ ਸਮੂਹ ਸੰਗਤ ਨੂੰ, ਪ੍ਰਬੰਧਕ ਕਮੇਟੀ ਵੱਲੋਂ ਵਧਾਈ ਦਿੱਤੀ। *ਤਸਵੀਰਾਂ- ਰਮੇਸ਼ ਸੁੰਮਨ*



























# ਹਲਕਾ ਵਿਧਾਇਕ ਡਾ ਸੁਖਵਿੰਦਰ ਕੁਮਾਰ ਸੁੱਖੀ ਨੇ ਬਖਲੌਰ ’ਚ ਕੀਤਾ ਕੰਪਿਊਟਰ ਸੈਂਟਰ ਅਤੇ ਲਾਇਬ੍ਰੇਰੀ ਦਾ ਉਦਘਾਟਨ

ਜਿਲਾ ਨਵਾਂਸ਼ਹਿਰ ਚ ਪੈਂਦੇ ਬਲਾਕ ਔੜ ਦੇ ਪਿੰਡ ਬਖਲੌਰ ਵਿਖੇ ਡਾ ਅੰਬੇਡਕਰ ਚੈਰੀਟੇਬਲ ਸੋਸਾਇਟੀ ਵਲੋਂ ਐਨਆਰਆਈ, ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਲਾਇਬ੍ਰੇਰੀ ਤੇ ਕੰਪਿਊਟਰ ਸੈਂਟਰ ਤਿਆਰ ਕੀਤਾ ਸੀ ਉਸ ਦਾ ਉਦਘਾਟਨ ਹਲਕਾ ਬੰਗਾ ਦੇ ਵਿਧਾਇਕ ਡਾ ਸੁਖਵਿੰਦਰ ਕੁਮਾਰ ਸੁੱਖੀ ਵਲੋਂ ਰੀਬਨ ਕੱਟ ਕੇ ਕਰ ਕਮਲਾਂ ਨਾਲ ਕੀਤਾ ਗਿਆ ਇਸ ਮੌਕੇ ਡਾ ਸੁਖਵਿੰਦਰ ਕੁਮਾਰ ਸੁੱਖੀ ਨੇ ਇਸ ਕਾਰਜ ਦੀ ਸਲਾਘਾ ਕੀਤੀ ਅਤੇ ਆਖਿਆ ਕਿ ਜਿਸ ਪਿੰਡ ਵਿੱਚ ਪੜੇ ਲਿਖੇ ਨੌਜਵਾਨ ਹੋਣ ਤਾਂ ਉਹ ਪਿੰਡ ਹਰ ਪੱਖ ਤੋ ਕਾਮਯਾਬ ਹੁੰਦਾ ਹੈ ਤੇ ਸਮੇ ਨੂੰ ਦੇਖਦੇ ਹੋਏ ਜੋ ਸੋਸਾਇਟੀ ਤੇ ਐਨਆਰਆਈ ਵੀਰਾਂ ਨੇ ਕਾਰਜ ਕੀਤਾ ਇਸ ਦੀ ਬਹੁਤ ਲੋੜ ਸੀ ਇਸ ਮੌਕੇ ਪਿੰਡ ਵਾਸੀਆਂ ਦੀਆਂ ਜੋ ਮੰਗਾਂ ਜਿਨਾਂ ਚ ਸਕੂਲ ਨੂੰ ਅਪਗ੍ਰੇਡ ਕਰਨਾ ਤੇ ਦੋਵਾਂ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਨੂੰ ਪੂਰਾ ਕਰਨ ਦਾ ਭਰੋਸਾ ਦਿਵਾਇਆ ਤੇ ਆਖਿਆ ਕਿ ਸੂਬੇ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਵਲੋਂ ਸਿਖਿਆ ਤੇ ਸੇਹਤ ਵਿਭਾਗ ਦੇ ਲੇਬਲ ਨੂੰ ਉਚਾ ਚੁੱਕਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਤੇ ਬਹੁਤ ਜਲਦ ਸਮੱਸਿਆ ਦਾ ਹੱਲ ਹੋ ਜਾਵੇਗਾ ਅਤੇ ਬਹੁਤ ਜਲਦ ਜਿਲਾ ਨਵਾਂਸ਼ਹਿਰ ਚ ਮੈਡੀਕਲ ਇੰਸਟੀਚਿਊਟ ਸਥਾਪਤ ਕੀਤਾ ਜਾਵੇਗਾ ਤੇ ਇਲਾਕੇ ਦੇ ਲੋਕਾਂ ਨੂੰ ਉਸ ਹਸਪਤਾਲ ਦਾ ਫਾਇਦਾ ਹੋਵੇਗਾ।

ਇਸ ਮੌਕੇ ਉਨਾਂ ਸੋਸਾਇਟੀ ਨੂੰ ਇਕ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਤੇ ਸੋਸਾਇਟੀ ਅਤੇ ਸਮੁੱਚੀ ਗ੍ਰਾਮ ਪੰਚਾਇਤ ਵਲੋਂ ਐਮ।ਐਲ।ਏ ਡਾ ਸੁਖਵਿੰਦਰ ਕੁਮਾਰ ਸੁੱਖੀ ਦਾ ਸਨਮਾਨ ਕੀਤਾ ਗਿਆ ਇਸ ਮੌਕੇ ਦੇ ਪ੍ਰਧਾਨ ਰਾਮ ਪ੍ਰਕਾਸ਼ ਚੁੰਬਰ ਨੇ ਦੱਸਿਆ ਕਿ ਵਿਗਿਆਨਿਕ ਯੁੱਗ ਨੂੰ ਦੇਖਦੇ ਹੋਏ ਇਸ ਕੰਪਿਊਟਰ ਸੈਂਟਰ, ਬੇਸਿਕ, ਨਿਰਮਾਣ ਕਰਕੇ ਸੈਂਟਰ ਵਿਚ ਛੇ ਕੰਪਿਊਟਰ ਐਨਆਰਆਈ ਵੀਰਾਂ ਦੇ ਸਹਿਜੋਗ ਨਾਲ ਉਪਲੱਬਧ ਕਰਵਾਏ ਹਨ ਤਾਂਕਿ ਹਰ ਕੋਈ ਨਵੀਂ ਤਕਨੀਕ ਨਾਲ ਜੁੜ ਸਕੇ ਤੇ ਇਸ ਕੰਪਿਊਟਰ ਸੈਂਟਰ ਵਿਚੋ ਬੱਚੇ ਅਤੇ ਨੌਜਵਾਨ ਮੁਫਤ ਸਿੱਖਿਆ ਪ੍ਰਾਪਤ ਕਰਕੇ



ਆਪਣਾ ਭਵਿੱਖ ਉਂਜਵਲ ਕਰ ਸਕਣ ਕੰਪਿਊਟਰ ਦੇਣ ਵਾਲੇ ਐਨਆਰਆਈ ਜਿਨਾਂ ਵਿੱਚ ਬਲਵੀਰ ਚੁੰਬਰ ਅਤੇ ਸੁਰਜੀਤ ਚੁੰਬਰ ਯੂਐਸਏ ਵਲੋਂ ਚਾਰ ਕੰਪਿਊਟਰ ਦੀ ਸੇਵਾ, ਅਸ਼ੋਕ ਕੁਮਾਰ ਮੈਹਮੀ ਕੈਨੇਡਾ ਸਪੁੱਤਰ ਸ਼੍ਰੀ ਨਾਪਾ ਰਾਮ ਇੱਕ ਕੰਪਿਊਟਰ ਦੀ ਸੇਵਾ ਅਤੇ ਸੁਰਿੰਦਰ ਚੁੰਬਰ ਗਰੀਸ ਪੁੱਤਰ ਸਵ. ਬਖਸ਼ੀ ਰਾਮ ਵਲੋਂ ਇੱਕ ਕੰਪਿਊਟਰ ਦੀ ਸੇਵਾ, ਰਣਜੀਤ ਸਿੰਘ ਗੋਗੀ ਜਰਮਨ 5100 ਰੁਪਏ ਲਾਇਬਰੇਰੀ ਦੀਆਂ ਕਿਤਾਬਾਂ ਵਾਸਤੇ ਗਏ ਦਿਤੇ ਗਏ ਇਸ ਮੌਕੇ ਪ੍ਰਧਾਨ ਰਾਮ ਪ੍ਰਕਾਸ਼ ਚੁੰਬਰ ਨੇ ਹਲਕਾ ਵਿਧਾਇਕ ਡਾ ਸੁਖਵਿੰਦਰ ਸੁੱਖੀ, ਐਨਆਰਆਈ ਵੀਰਾਂ,ਸਮੁੱਚੀ ਗ੍ਰਾਮ ਪੰਚਾਇਤ ਦਾ ਧੰਨਵਾਦ ਕੀਤਾ ਇਸ ਮੌਕੇ ਸੋਸਾਇਟੀ ਦੇ ਅਹੁਦੇਦਾਰ ਸਾਹਿਬਾਨ ਜਿਨਾਂ ਵਿੱਚ ਜੋਗ ਰਾਜ ਰਿਟਾਇਰਡ ਜੰਗਲਾਤ ਅਫਸਰ, ਜਸਵਿੰਦਰ ਸਰੋਆ ਸਬ ਇੰਸਪੈਕਟਰ ਪੀਪੀ,ਏਐਸਆਈ ਮੰਗਤ ਰਾਮ ਢੰਡਾ,ਮਾਸਟਰ ਮੱਖਣ ਬਖਲੌਰ ਕੰਪਿਊਟਰ ਅਧਿਆਪਕ ਨਿਸ਼ਾ ਢੰਡਾ ਤੋਂ ਇਲਾਵਾ ਸਰਪੰਚ ਪੁਨੂੰ ਰਾਮ ਠੇਕੇਦਾਰ, ਪੰਚ ਰਜਿੰਦਰ ਪਾਲ, ਸੁਰਿੰਦਰ ਸਿੰਘ ਸਾ. ਸਰਪੰਚ, ਹੰਸ ਰਾਜ, ਜਨਕ ਰਾਜ ਸਪੇਨ, ਡਾ ਅਸ਼ਵਨੀ, ਸੰਤੋਖ ਸੁਮਨ, ਸੁਰਿੰਦਰ ਢੰਡਾ, ਜੋਗ ਰਾਜ ਢੰਡਾ, ਸ਼ਾਮ ਲਾਲ, ਹਰਭਜ, ਸ਼ਿਵ ਕੁਮਾਰ ਹੈਪੀ, ਸੋਢੀ ਰਾਮ, ਸੰਤੋਸ਼ ਰਾਣੀ, ਵਿਪਨ ਰਾਣਾ, ਪਰਮਜੀਤ ਰਾਣਾ, ਕੁਲਵੀਰਾ ਚੁੰਬਰ ਆਦਿ ਹਾਜ਼ਰ ਸਨ

**– ਬੱਗਾ ਸੇਲਕੀਆਣਾ**

# ਯੂਜੀਸੀ ਨੂੰ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਲਾਉਣ ਦੇ ਅਧਿਕਾਰ ਦੇਣ ਦੀ ਸਖ਼ਤ ਨਿਖੇਧੀ

**ਫਗਵਾੜਾ, (ਵਿਵੇਕ ਭਾਟੀਆ)** ਕੇਂਦਰ ਸਰਕਾਰ ਵਲੋਂ ਸੂਬਿਆਂ ਦੀਆਂ ਸਾਰੀਆਂ ਯੂਨੀਵਰਸਿਟੀਆਂ ਨੂੰ ਆਪਣੇ ਹੱਥ ਵਿੱਚ ਲੈਣ ਦੇ ਮਨਸੂਬੇ ਦਾ ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ (ਰਜਿ:) ਵਲੋਂ ਸਖ਼ਤ ਵਿਰੋਧ ਕੀਤਾ ਗਿਆ ਹੈ।



ਯੂਨੀਵਰਸਿਟੀਆਂ ਵਿੱਚ ਉਦਯੋਗਪਤੀ ਅਤੇ ਬਿਊਰੋਕਰੇਟ ਵਾਈਸ ਚਾਂਸਲਰ ਲਗਣਗੇ। ਇੰਜ ਕਰਕੇ ਸ਼ਕਾਲਰਾਂ, ਵਿਦਵਾਨਾਂ, ਵਿਚਾਰਵਾਨਾਂ ਦੀ ਹੋਂਦ ਖ਼ਤਮ ਕਰਨ ਦਾ ਕੋਝਾ ਯਤਨ ਕੀਤਾ ਜਾ ਰਿਹਾ ਹੈ। ਪੰਜਾਬੀ ਕਾਲਮ ਨਵੀਸ ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ ਦੇ ਪ੍ਰਧਾਨ ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਨਿਯੁੱਕਤ ਕਰਨ ਦਾ ਅਧਿਕਾਰ ਆਪਣੇ ਹੱਥ ਲੈ ਕੇ ਕੇਂਦਰ ਨੇ ਫੈਡਰਲਿਜ਼ਮ ਦਾ ਮਰਸੀਆਂ ਪੜ੍ਹ ਦਿੱਤਾ ਹੈ। ਉਹਨਾ ਇਸ ਗੱਲ ਦੀ ਵੀ ਹੈਰਾਨੀ ਪ੍ਰਗਟ ਕੀਤੀ ਕਿ ਹੁਣ ਪੱਤਰਕਾਰ ਮੰਚ ਦੇ ਸਲਾਹਕਾਰ ਡਾ. ਚਰਨਜੀਤ ਸਿੰਘ ਗੁੰਮਟਾਲਾ, ਜਨਰਲ ਸਕੱਤਰ ਗੁਰਚਰਨ ਸਿੰਘ ਨੂਰਪੁਰ, ਮੀਤ ਪ੍ਰਧਾਨ ਗਿਆਨ ਸਿੰਘ ਮੋਗਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਯੂਜੀਸੀ ਨੂੰ ਸਾਰੇ ਅਧਿਕਾਰ ਦੇਣ ਦੇ ਹੁਕਮ ਨੂੰ ਤੁਰੰਤ ਵਾਪਿਸ ਲਿਆ ਜਾਵੇ।

# ਧਾਰਮਿਕ ਟ੍ਰੈਕ "ਸਤਿਗੁਰ ਕਾਂਸ਼ੀ ਵਾਲਾ" ਰਿਲੀਜਿੰਗ ਪੁਆਇੰਟ ’ਤੇ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)–** ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸੰਬੰਧ ਵਿੱਚ ਕੀਤੀ ਗਈ ਧਾਰਮਿਕ ਐਲਬਮ ਦੇ ਵਿੱਚੋਂ ਦੂਸਰਾ ਗੀਤ "ਮੇਰੇ ਸਤਿਗੁਰ ਕਾਂਸੀ ਵਾਲੇ" ਦੇ ਟਾਈਟਲ ਹੇਠ ਰਿਲੀਜ਼ ਕੀਤਾ ਜਾ ਰਿਹਾ ਹੈ। ਇਸ ਸਬੰਧੀ ਸੱਤੀ ਖੋਖੇਵਾਲੀਆ ਪ੍ਰੋਡਕਸ਼ਨ ਦੇ ਨਿਰਮਾਤਾ ਅਤੇ ਗੀਤਕਾਰ ਸੱਤੀ ਖੋਖੇਵਾਲੀਆਂ ਨੇ ਸੋਸ਼ਲ ਮੀਡੀਆ ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹਨਾਂ ਵਲੋਂ ਹਰ ਸਾਲ ਉੱਚਕੋਟੀ ਦੇ ਗਾਇਕਾਂ ਦੇ ਪ੍ਰੋਜੈਕਟ ਸਤਿਗੁਰੂ ਰਵਿਦਾਸ ਮਹਾਰਾਜ ਦੀ ਮਹਿਮਾ ਨਾਲ ਸ਼ਿੰਗਾਰਕੇ ਰਿਲੀਜ਼ ਕੀਤੇ ਜਾਂਦੇ ਹਨ, ਜਿਨਾਂ ਨੂੰ ਸੰਗਤਾਂ ਬੇਪਨਾਹ ਮੁਹੱਬਤਾਂ ਦੇ ਕੇ ਨਿਵਾਜਦੀਆਂ ਹਨ। "ਮੇਰੇ ਸਤਿਗੁਰ ਕਾਂਸ਼ੀ ਵਾਲੀ ਦਾ" ਟ੍ਰੈਕ ਪ੍ਰਸਿੱਧ ਗਾਇਕ ਬਲਰਾਜ ਬਿਲਗਾ ਨੇ ਆਪਣੀ ਖੂਬਸੂਰਤ ਦਮਦਾਰ ਆਵਾਜ਼ ਵਿੱਚ ਗਾਇਆ ਹੈ। ਜਿਸ ਦਾ ਸੰਗੀਤ ਜੱਸੀ ਬ੍ਰਦਰਜ਼ ਨੇ ਰਵਾਇਤੀ ਅੰਦਾਜ਼ ਵਿੱਚ ਦਿੱਤਾ ਹੈ। ਜਿਨਾਂ ਦੇ ਸੰਗੀਤ ਦੀ ਵਿਲੱਖਣਤਾ ਸੰਗੀਤ ਇੰਡਸਟਰੀ ਵਿੱਚ ਪਹਿਲਾਂ ਹੀ ਧਾਂਕ ਜਮਾ ਚੁੱਕਾ ਹੈ। ਟਰੈਕ ਦੇ ਪੇਸ਼ਕਰਤਾ ਜੱਸੀ ਬੰਗਾ ਯੂਐਸਏ ਹਨ ਤੇ ਇਸਦਾ ਸ਼ਾਨਦਾਰ ਵੀਡੀਓ ਸੋਨੂ ਬੈਂਸ ਵਲੋਂ ਫ਼ਿਲਮਾਇਆ ਗਿਆ ਹੈ। ਜਿਸ ਵਿੱਚ ਸਤਿਗੁਰ ਰਵਿਦਾਸ ਮਹਿਮਾ ਦੇ ਰੰਗ ਵਿੱਚ ਰੰਗੀਆਂ ਸੰਗਤਾਂ ਝੂੰਮਦੀਆਂ ਦਿਖਾਈਆਂ ਗਈਆਂ ਹਨ। ਸੱਤੀ ਖੋਖੇਵਾਲੀਆ ਜਿੱਥੇ ਆਪਣੀ ਗੀਤਕਾਰੀ ਦੇ ਜਰੀਏ ਸਤਿਗੁਰਾਂ ਦੇ ਚਰਨਾਂ ਦਾ ਪਿਆਰ ਖੱਟ ਰਿਹਾ ਹੈ, ਉਥੇ ਹੀ ਉਸ ਦੀ ਗਾਇਕੀ ਵਿੱਚ ਵੀ ਚੰਗੀ ਪਹਿਚਾਣ ਬਣੀ ਹੋਈ ਹੈ ਅਤੇ ਉਹ ਸੋਸ਼ਲ ਮੀਡੀਆ ਤੇ ਇੱਕ ਅਹਿਮ ਕਲਾਕਾਰ ਦੀ ਹੈਸੀਅਤ ਵਜੋਂ ਜਾਣਿਆ ਜਾਂਦਾ ਹੈ। ਸੱਤੀ ਖੋਖੇਵਾਲੀਆਂ ਨੇ ਦੱਸਿਆ ਕਿ ਇਸ ਗੀਤ ਤੋਂ ਬਾਅਦ ਅਗਲੇ ਆਉਣ ਵਾਲੇ ਵੱਖ-ਵੱਖ ਟਰੈਕਸ ਸਬੰਧੀ ਵੀ ਸੰਗਤ ਨੂੰ ਜਲਦ ਹੀ ਜਾਣੂ ਕਰਵਾਇਆ ਜਾਏਗਾ।









# ਸਾਹਿਤ ਸਭਾ ਬਾਘਾਪੁਰਾਣਾ (ਪੰਜਾਬ) ਦੇ ਡਾ. ਸਾਧੂ ਰਾਮ ਲੰਗੇਆਣਾ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ

**ਸਿਆਟਲ–** ਪੰਜਾਬੀ ਅਤੇ ਪੰਜਾਬੀਅਤ ਦੇ ਸਰਵਪੱਖੀ ਵਿਕਾਸ ਅਤੇ ਸਾਹਿਤ ਦੀ ਪ੍ਰਫੁਲਤਾ ਲਈ ਸਦਾ ਤੱਤਪਰ ਸਾਹਿਤ ਸਭਾ ਰਜਿ: ਬਾਘਾਪੁਰਾਣਾ ਦੀ ਮਹੀਨਾਵਾਰ ਮੀਟਿੰਗ ਸਭਾ ਦੇ ਪ੍ਰਧਾਨ ਲਖਵੀਰ ਸਿੰਘ ਕੋਮਲ ਦੀ ਰਹਿਨੁਮਾਈ ਹੇਠ ਬਾਘਾਪੁਰਾਣਾ (ਪੰਜਾਬ) ਵਿਖੇ ਹੋਈ। ਸਮੂਹ ਮੈਂਬਰਾਂ ਵੱਲੋਂ ਵਿਚਾਰ-ਵਟਾਦਰਾਂ ਕਰਨ ਉਪਰੰਤ 2025 ਅਤੇ 2026, ਦੋ ਸਾਲਾਂ ਲਈ ਨਵੇਂ ਅਹੁਦੇਦਾਰਾਂ, ਡਾ ਸਾਧੂ ਰਾਮ ਲੰਗੇਆਣਾ ਪ੍ਰਧਾਨ, ਸੁਰਜੀਤ ਸਿੰਘ ਕਾਲੇਕੇ ਸੀਨੀਅਰ ਮੀਤ ਪ੍ਰਧਾਨ, ਜਗਦੀਸ਼ ਪ੍ਰੀਤਮ ਮੀਤ ਪ੍ਰਧਾਨ, ਸਾਗਰ ਸਫ਼ਰੀ ਜਨਰਲ ਸਕੱਤਰ, ਜਸਵੰਤ ਜੱਸੀ ਖ਼ਜ਼ਾਨਚੀ, ਜਗਸੀਰ ਕੋਟਲਾ ਸਹਾਇਕ ਖ਼ਜ਼ਾਨਚੀ, ਦਾ ਔਕਟੋ ਆਊਲ ਅਤੇ ਯਸ਼ ਚਟਾਨੀ (ਦੋਵੇਂ) ਪ੍ਰੈਸ ਸਕੱਤਰ, ਮੁਕੰਦ ਕਮਲ ਅਤੇ ਹਰਵਿੰਦਰ ਸਿੰਘ ਰੋਡੇ (ਦੋਵੇਂ) ਸੋਸ਼ਲ ਮੀਡੀਆ ਇੰਚਾਰਜ ਅਤੇ ਜਗਜੀਤ ਸਿੰਘ ਬਾਵਰਾ, ਕਰਮ ਸਿੰਘ ਕਰਮ, ਹਰਨੇਕ ਸਿੰਘ ਨੇਕ ਰਾਜਿਆਣਾ, ਹਰਚਰਨ ਸਿੰਘ ਰਾਜਿਆਣਾ, ਈਸ਼ਰ ਸਿੰਘ ਲੰਭਵਾਲੀ, ਸਰਬਜੀਤ ਸਿੰਘ ਸਮਾਲਸਰ ਸਰਪ੍ਰਸਤ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਇਸ ਤੋਂ ਪਹਿਲਾਂ ਸਭਾ ਦੇ ਜਨਰਲ ਸਕੱਤਰ ਹਰਵਿੰਦਰ ਸਿੰਘ ਰੋਡੇ ਵੱਲੋਂ ਪਿਛਲੀਆਂ ਸਰਗਰਮੀਆਂ ਦੀ ਤਿਆਰ ਕੀਤੀ ਗਈ ਰਿਪੋਰਟ ਕੰਵਲਜੀਤ ਭੋਲਾ ਲੰਡੇ ਵੱਲੋਂ ਪੜ੍ਹੀ ਗਈ ਅਤੇ ਕੈਸ਼ੀਅਰ ਜਸਵੰਤ ਸਿੰਘ ਜੱਸੀ ਵੱਲੋਂ ਸਭਾ ਦੇ ਖ਼ਰਚੇ ਦਾ ਲੇਖਾ ਜੋਖਾ ਪੇਸ਼ ਕੀਤਾ ਗਿਆ।



ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਡਾ. ਸਾਧੂ ਰਾਮ ਲੰਗੇਆਣਾ ਅਤੇ ਬਾਕੀ ਸਮੂਹ ਕਾਰਜਕਾਰੀ ਟੀਮ ਵੱਲੋਂ ਹਾਜ਼ਰ ਸਮੂਹ ਸਾਥੀਆਂ ਦਾ ਤਹਿ ਦਿਲੋਂ ਸ਼ੁਕਰਾਨਾ ਕਰਦਿਆਂ ਵਿਸ਼ਵਾਸ ਦਿਵਾਇਆ ਗਿਆ ਕਿ ਉਹ ਸਾਹਿਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਸਭਾ ਦੀਆਂ ਸਰਗਮੀਆਂ ਨੂੰ ਉੱਚ ਬੁਲੰਦੀਆਂ ਤੇ ਪਹੁੰਚਾਉਣ ਲਈ ਆਪਣੀਆਂ ਜ਼ਿੰਮੇਵਾਰੀਆਂ ਤਨਦੇਹੀ ਨਾਲ ਨਿਭਾਉਣਗੇ। ਸਭਾ ਦੇ ਸਾਬਕਾ ਪ੍ਰਧਾਨ ਲਖਵੀਰ ਸਿੰਘ ਕੋਮਲ ਅਤੇ ਬਾਕੀ ਮੈਂਬਰਾਂ ਨੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਹਾਰਦਿਕ ਵਧਾਈ ਦਿੱਤੀ। ਇਸ ਤੋਂ ਬਾਅਦ ਰਚਨਾਵਾਂ ਦਾ ਦੌਰ ਚੱਲਿਆ ਜਿਸ ਵਿੱਚ ਮੇਜਰ ਸਿੰਘ ਹਰੀਏਵਾਲਾ, ਜਸਵੰਤ ਸਿੰਘ ਜੱਸੀ, ਤਰਕਸ਼ੀਲ ਆਗੂ ਮੁਕੰਦ ਕਮਲ, ਜਗਸੀਰ ਸਿੰਘ ਕੋਟਲਾ, ਅਮਰਜੀਤ ਸਿੰਘ ਰਣੀਆਂ, ਜਗਦੀਸ਼ ਪ੍ਰੀਤਮ, ਈਸ਼ਰ ਸਿੰਘ ਲੰਭਵਾਲੀ, ਪ੍ਰਗਟ ਢਿੱਲੋਂ ਸਮਾਧ ਭਾਈ,ਕਰਮ ਸਿੰਘ ਕਰਮ, ਕੋਮਲ ਭੱਟੀ ਰੋਡੇ, ਹਰਚਰਨ ਸਿੰਘ ਰਾਜਿਆਣਾ, ਹਰਨੇਕ ਸਿੰਘ ਨੇਕ ਰਾਜਿਆਣਾ, ਸੁਰਜੀਤ ਸਿੰਘ ਕਾਲੇਕੇ, ਸਰਬਜੀਤ ਸਿੰਘ ਸਮਾਲਸਰ, ਬਲਵਿੰਦਰ ਸਿੰਘ ਕੈਂਥ, ਦਾ ਔਕਟੋ ਆਊਲ, ਸਾਧੂ ਰਾਮ ਲੰਗੇਆਣਾ, ਸਾਗਰ ਸਫ਼ਰੀ, ਲਖਵੀਰ ਸਿੰਘ ਕੋਮਲ ਆਲਮਵਾਲਾ, ਕੰਵਲਜੀਤ ਭੋਲਾ ਲੰਡੇ, ਸੁਰਜੀਤ ਸਿੰਘ ਸ਼ਤਾਬ, ਰਣਜੀਤ ਸਿੰਘ ਢੂੱਡੀਕੇ ਵੱਲੋਂ ਆਪਣੀਆਂ ਕਲਮਾਂ ਦੇ ਤਾਜ਼ੇ ਕਲਾਮ ਪੇਸ਼ ਕੀਤੇ ਗਏ। ਉਕਤ ਜਾਣਕਾਰੀ ਸਭਾ ਦੇ ਪ੍ਰੈਸ ਸਕੱਤਰ ਔਕਟੋ ਆਊਲ ਵੱਲੋਂ ਜਾਰੀ ਕੀਤੀ ਗਈ।

**ਮੰਗਤ ਕੁਲਜਿੰਦ, ਪ੍ਰੈਸ ਸਕੱਤਰ**
**ਪੰਜਾਬੀ ਲਿਖਾਰੀ ਸਭਾ ਰਜਿ.) ਸਿਆਟਲ**
+1 425 286 0163

# ਚਾਂਸਲਰ ਡਾ. ਜ਼ੋਰਾ ਸਿੰਘ ਨੇ ਨਸ਼ਾ ਜਾਗਰੂਕਤਾ ਸਮਾਗਮ ਦੌਰਾਨ ਰਾਜਪਾਲ ਨਾਲ ਕੀਤੀ ਮੁਲਾਕਾਤ

**ਮੰਡੀ ਗੋਬਿੰਦਗੜ੍ਹ–**ਜੋਸ਼ੀ ਫਾਊਂਡੇਸ਼ਨ ਵੱਲੋਂ 'ਸੰਵਾਦ ਰਾਹੀਂ ਹੱਲ' ਪਹਿਲਕਦਮੀ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨ ਸਬੰਧੀ ਇੱਕ ਅਹਿਮ ਸੰਵਾਦ ਪੰਜਾਬ ਰਾਜ ਭਵਨ, ਚੰਡੀਗੜ੍ਹ ਵਿਖੇ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕੀਤੀ ਅਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ: ਜ਼ੋਰਾ ਸਿੰਘ ਸਮੇਤ 50 ਉੱਘੇ ਸਿੱਖਿਆ ਸ਼ਾਸਤਰੀਆਂ ਨੇ ਸ਼ਮੂਲੀਅਤ ਕੀਤੀ। 'ਸੰਵਾਦ ਰਾਹੀਂ ਹੱਲ' ਦਾ ਉਦੇਸ਼ ਪੰਜਾਬ ਦੇ ਨਸ਼ਿਆਂ ਦੇ ਸੰਕਟ ਦਾ ਮੁਕਾਬਲਾ ਕਰਨ ਲਈ ਕਾਰਜਸ਼ੀਲ ਅਤੇ ਪ੍ਰਭਾਵਸ਼ਾਲੀ ਵਿਚਾਰਾਂ ਦਾ ਇੱਕ ਵਿਆਪਕ ਭੰਡਾਰ ਤਿਆਰ ਕਰਨਾ ਹੈ।

ਇਸ ਮੌਕੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਨਸ਼ਿਆਂ ਵਿਰੁੱਧ ਲੜਾਈ ਵਿੱਚ ਸਿੱਖਿਆ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ ਤੇ ਸਿੱਖਿਆਰਥੀਆਂ ਨੂੰ ਜਾਗਰੂਕਤਾ ਅਤੇ ਰੋਕਥਾਮ ਸਿੱਖਿਆ ਨੂੰ ਉਤਸ਼ਾਹਿਤ ਕਰਕੇ ਤਬਦੀਲੀ ਲਈ ਉਤਪ੍ਰੇਰਕ ਬਣਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨ ਰਾਜ ਦੀ ਸਭ ਤੋਂ ਕੀਮਤੀ ਪੂੰਜੀ ਹਨ। ਉਨ੍ਹਾਂ ਨੂੰ ਨਸ਼ਿਆਂ ਦੇ ਖ਼ਤਰਿਆਂ ਤੋਂ ਬਚਾਇਆ ਜਾਵੇ। ਇਸ ਲੜਾਈ ਵਿੱਚ ਸਿੱਖਿਆ ਇੱਕ ਸ਼ਕਤੀਸ਼ਾਲੀ ਸਾਧਨ ਹੈ, ਅਤੇ ਇਕੱਠੇ ਕੰਮ ਕਰਕੇ ਇੱਕ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ। ਰਾਜਪਾਲ ਨੇ ਮੌਜੂਦਾ ਸਮੇਂ ਸਿੰਥੈਟਿਕ ਨਸ਼ਿਆਂ ਦੀ ਵਰਤੋਂ ਕਾਰਨ ਪੈਦਾ ਹੋਈਆਂ ਚੁਣੌਤੀਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਨਸ਼ੇ ਰਵਾਇਤੀ ਨਸ਼ਿਆਂ ਨਾਲੋਂ ਵਧੇਰੇ ਜਾਨਲੇਵਾ ਹਨ। ਉਨ੍ਹਾਂ ਦੱਸਿਆ ਕਿ ਇਹ ਸਮਾਜ ਵਿਰੋਧੀ ਅਤੇ ਦੇਸ਼ ਵਿਰੋਧੀ ਤੱਤਾਂ ਲਈ ਲਾਹੇਵੰਦ ਕਾਰੋਬਾਰ ਬਣ ਗਿਆ ਹੈ, ਜਿਸ ਕਾਰਨ ਇਸ ਵੱਲ ਤੁਰੰਤ ਧਿਆਨ ਦੇਣ ਅਤੇ ਸਾਂਝੇ ਯਤਨਾਂ ਦੀ ਲੋੜ ਹੈ।



ਨਸ਼ਿਆ ਦੇ ਖ਼ਾਤਮੇ ਲਈ ਪਰਿਵਾਰਾਂ ਅਤੇ ਵਿਦਿਅਕ ਸੰਸਥਾਵਾਂ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਮਾਪਿਆਂ ਅਤੇ ਸਕੂਲਾਂ ਨੂੰ ਇਸ ਜੰਗ ਵਿੱਚ ਮੋਹਰੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਨਸ਼ਾ ਪੀੜਤਾਂ ਨੂੰ ਦਰਕਿਨਾਰ ਕਰਨ ਦੀ ਬਜਾਏ, ਸਾਨੂੰ ਉਨ੍ਹਾਂ ਨੂੰ ਸਮਾਜ ਵਿੱਚ ਮੁੜ ਸ਼ਾਮਲ ਕਰਨ ਲਈ ਪਿਆਰ ਅਤੇ ਸਵੀਕਾਰਤਾ ਨਾਲ ਉਨ੍ਹਾਂ ਦਾ ਸਮਰਥਨ ਕਰਨਾ ਚਾਹੀਦਾ ਹੈ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਆਪਣੀ ਸੰਸਥਾ ਵੱਲੋਂ ਨਸ਼ਿਆਂ ਦੀ ਦੁਰਵਰਤੋਂ ਨੂੰ ਰੋਕਣ ਲਈ ਕੀਤੀਆਂ ਪਹਿਲਕਦਮੀਆਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਗੱਲਬਾਤ ਵਿੱਚ ਯੋਗਦਾਨ ਪਾਇਆ। ਉਨ੍ਹਾਂ ਨੇ ਅਕਾਦਮਿਕ ਪਾਠਕ੍ਰਮ ਵਿੱਚ ਨਸ਼ਿਆਂ ਬਾਰੇ ਜਾਗਰੂਕਤਾ ਨੂੰ ਸ਼ਾਮਲ ਕਰਨ ਅਤੇ ਵਿਦਿਆਰਥੀਆਂ ਲਈ ਸਹਾਇਕ ਮਾਹੌਲ ਸਿਰਜਣ ਦੀ ਮਹੱਤਤਾ ਉਪਰ ਜ਼ੋਰ ਦਿੱਤਾ।

ਇਸ ਮੌਕੇ ਡਾ: ਜ਼ੋਰਾ ਸਿੰਘ ਨੇ ਸ਼੍ਰੀ ਗੁਲਾਬ ਚੰਦ ਕਟਾਰੀਆ ਨੂੰ ਦੇਸ਼ ਭਗਤ ਯੂਨੀਵਰਸਿਟੀ ਵਿਖੇ ਹੋਣ ਵਾਲੇ ਸਾਲਾਨਾ ਕਾਨਵੋਕੇਸ਼ਨ ਸਮਾਗਮ ਵਿੱਚ ਸ਼ਾਮਲ ਹੋਣ ਦਾ ਸੱਦਾ ਪੱਤਰ ਵੀ ਦਿੱਤਾ।

ਇਸ ਮੌਕੇ ਜੋਸ਼ੀ ਫਾਊਂਡੇਸ਼ਨ ਦੇ ਸੰਸਥਾਪਕ ਵਿਨੀਤ ਜੋਸ਼ੀ ਨੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਭਾਈਵਾਲਾਂ ਦੀ ਜਾਣ-ਪਛਾਣ ਕਰਵਾਈ ਅਤੇ ਨਸ਼ਿਆਂ ਦੇ ਖਾਤਮੇ ਲਈ ਵਿਹਾਰਕ ਉਪਾਅ ਸਾਂਝੇ ਕੀਤੇ। ਸਾਬਕਾ ਮੰਤਰੀ ਵਿਜੈ ਸਾਂਪਲਾ ਨੇ ਮੁੜ ਵਸੇਬਾ ਕੇਂਦਰਾਂ ਦੀ ਸੁਚੱਜੀ ਵਰਤੋਂ ਦੀ ਮਹੱਤਤਾ ਨੂੰ ਉਜਾਗਰ ਕੀਤਾ। ਗਰੇਵਾਲ ਫਾਊਂਡੇਸ਼ਨ ਦੇ ਸੰਸਥਾਪਕ-ਡਾਇਰੈਕਟਰ ਹਰਜੀਤ ਸਿੰਘ ਗਰੇਵਾਲ ਨੇ ਇਸ ਨੇਕ ਕਾਰਜ ਲਈ ਆਪਣਾ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ। ਰਾਜ ਸਭਾ ਦੇ ਸਾਬਕਾ ਮੈਂਬਰ ਅਤੇ ਖੰਨਾ ਫਾਊਂਡੇਸ਼ਨ ਦੇ ਡਾਇਰੈਕਟਰ ਅਵਿਨਾਸ਼ ਰਾਏ ਖੰਨਾ ਨੇ ਇਸ ਅਲਾਮਤ ਨੂੰ ਖ਼ਤਮ ਕਰਨ ਲਈ ਸਮੂਹਿਕ ਯਤਨਾਂ ਦੀ ਲੋੜ 'ਤੇ ਜ਼ੋਰ ਦਿੱਤਾ।

ਸਮਾਗਮ ਵਿਦਿਅਕ ਸੰਸਥਾਵਾਂ ਅਤੇ ਸਰਕਾਰੀ ਸੰਸਥਾਵਾਂ ਵਿਚਕਾਰ ਵਿਚਾਰ-ਵਟਾਂਦਰੇ ਦੀਆਂ ਰਣਨੀਤੀਆਂ ਨੂੰ ਲਾਗੂ ਕਰਨ ਅਤੇ ਸਾਂਝੇਦਾਰੀ ਨੂੰ ਮਜ਼ਬੂਤ ਕਰਨ ਦੀ ਸਾਂਝੀ ਵਚਨਬੱਧਤਾ ਨਾਲ ਸਮਾਪਤ ਹੋਇਆ। ਸਮਾਗਮ ਵਿੱਚ ਸ੍ਰੀ ਅੰਸ਼ੂ ਕਟਾਰੀਆ, ਸ੍ਰੀ ਮੋਹਿਤ ਮਹਾਜਨ, ਸ੍ਰੀ ਅਸ਼ਵਨੀ ਗਰਗ (ਸਵਾਈਟ) ਅਤੇ ਐਲਪੀਯੂ ਤੋਂ ਡਾ. ਪਾਰੁਲ ਵੀ ਹਾਜ਼ਰ ਸਨ।

**Golden State Truck Sales Inc.**



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਬਾਬੂ ਮੰਗੂ ਰਾਮ ਮੁੱਗੋਵਾਲੀਆ ਨੂੰ ਸਮਰਪਿਤ ਕੁਲਦੀਪ ਚੁੰਬਰ ਦੇ 4 ਗੀਤ

ਬਾਬੂ ਮੰਗੂ ਰਾਮ ਮਹਾਨ, ਗ਼ਦਰੀ ਬਾਬਾ ਗ਼ਦਰੀ ਬਾਬਾ
ਆਦਿ ਧਰਮ ਦੀ ਆਨ ਤੇ ਸ਼ਾਨ, ਗ਼ਦਰੀ ਬਾਬਾ - 2

ਆਦਿ ਧਰਮ ਦੇ ਬਣ ਕੇ ਬਾਨੀ
ਕਰ ਗਏ ਦੂਰ ਓਹ ਦੁੱਖ ਪ੍ਰੇਸ਼ਾਨੀ
ਜਿੰਦ ਮੋਈ ਚ ਪਾ ਗਿਆ ਜਾਨ, ਗ਼ਦਰੀ ਬਾਬਾ - 2
ਮੁੱਗੋਵਾਲੀਆ ਮੰਗੂ ਰਾਮ ..........

ਕੌਮ ਲਈ ਝੱਲ ਗਿਆ ਦੁੱਖ ਹਜ਼ਾਰਾਂ
ਦੇ ਗਿਆ ਸਾਨੂੰ ਅਹਿਮ ਵਿਚਾਰਾਂ
ਕੱਢ ਗਿਆ ਸਾਰੀ ਕਾਣ , ਗ਼ਦਰੀ ਬਾਬਾ - 2
ਮੁੱਗੋਵਾਲੀਆ ਮੰਗੂ ਰਾਮ ..........

ਕੌਮ ਲਈ ਸੀ ਹਰਦਮ ਭਰਿਆ
ਗ਼ਦਰੀ ਬਾਬਾ ਕੌਮ ਲਈ ਖੜਿਆ
ਕੀ ਕੀ ਕਰਾਂ ਬਿਆਨ , ਗ਼ਦਰੀ ਬਾਬਾ - 2
ਮੁੱਗੋਵਾਲੀਆ ਮੰਗੂ ਰਾਮ ..........

'ਚੁੰਬਰਾ' ਜਜ਼ਬਾ ਬੜਾ ਸੀ ਭਾਰੀ
ਜ਼ਿੰਦਗੀ ਦੇਸ਼ ਕੌਮ ਤੋਂ ਵਾਰੀ
ਨਾ ਕੀਤਾ ਘੜੀ ਅਰਾਮ , ਗ਼ਦਰੀ ਬਾਬਾ - 2
ਮੁੱਗੋਵਾਲੀਆ ਮੰਗੂ ਰਾਮ ..........

ਬਾਬੂ ਮੰਗੂ ਰਾਮ ਦਾ ਦੇਸ਼ ਤੇ, ਬੜਾ ਵੱਡਾ ਉਪਕਾਰ
ਆਦਿ ਧਰਮ ਦਾ ਰਹਿਬਰ ਬਣਕੇ, ਕਰ ਗਿਆ ਫੌਜ ਤਿਆਰ

ਬੱਚਾ ਬੱਚਾ ਦੇਸ਼ ਕੌਮ ਦਾ ਗੁਣ ਰਹਿਬਰ ਦੇ ਗਾਉਂਦਾ
ਮੂਲ ਨਿਵਾਸੀ ਏਸ ਦੇਸ਼ ਦਾ ਮਾਣ ਦੇ ਨਾਲ ਕਹਾਉਂਦਾ
ਵੱਡੀਆਂ ਢੂਠਾਂ ਵਾਲਿਆਂ ਨੂੰ ਫੜ ਬਾਹੋਂ ਕੀਤਾ ਬਾਹਰ
ਆਦਿ ਧਰਮ ਦਾ ਰਹਿਬਰ..........

ਦੱਬੇ ਕੁੱਚਲੇ ਲੋਕਾਂ ਦੇ ਓਹਨੇ ਹੱਕ ਵਿਚ ਮਾਰਿਆ ਨਾਹਰਾ
ਡੰਕੇ ਦੀ ਇੱਕ ਚੋਟ ਤੇ ਕਹਿ ਗਿਆ , ਭਾਰਤ ਦੇਸ਼ ਹਮਾਰਾ
ਆਪਣੇ ਟੀਚੇ ਸਫਲ ਕਰ ਗਿਆ ਖਾਂਦਾ ਰਿਹਾ ਜੱਗ ਖ਼ਾਰ
ਆਦਿ ਧਰਮ ਦਾ ਰਹਿਬਰ..........

ਹੰਭਲਾ ਮਾਰੋ ਤਕੜੇ ਹੋਵੋ ਕਹਿ ਗਿਆ ਤੁਸੀਂ ਨਹੀਂ ਮਾੜੇ
ਸਭ ਕੁਝ ਸਾਡੇ ਕੋਲ ਸਾਥੀਓ , ਅਸੀਂ ਨਾ ਕੱਢਣੇ ਹਾੜੇ
ਇੱਕ ਇੱਕ ਬੋਲ ਸਮੇਂ ਦੇ ਹਾਕਮ ਤਾਈਂ ਗਿਆ ਨਿਖਾਰ
ਆਦਿ ਧਰਮ ਦਾ ਰਹਿਬਰ.......

'ਚੁੰਬਰਾ' ਐਸੇ ਰਹਿਬਰ ਜੱਗ ਤੇ ਵਿਰਲੇ ਹੁੰਦੇ ਪੈਦਾ
ਜਿਹੜੇ ਆਪਣੇ ਜਿਉਂਦੇ ਜੀ ਹੀ ਪੂਰ ਦਿੰਦੇ ਹਰ ਵਾਇਦਾ
ਧਰਮ ਕੌਮ ਦੇ ਓਹੀਓ ਅਸਲੀ ਹੁੰਦੇ ਪਰਵਿਦਗਾਰ
ਆਦਿ ਧਰਮ ਦਾ ਰਹਿਬਰ.......

ਜ਼ੁਲਮਾਂ ਦਾ ਮੂੰਹ ਮੋੜ ਗਏ , ਗ਼ਦਰੀ ਬਾਬੇ ਹਿੱਕਾਂ ਤਾਣ
ਆਦਿ ਧਰਮ ਦਾ ਬਾਨੀ ਮੁੱਗੋਵਾਲੀਆ ਕੌਮ ਦੀ ਸ਼ਾਨ
ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮਹਾਨ

ਬੜੀਆਂ ਝੱਲਕੇ ਦੁੱਖ ਤਕਲੀਫ਼ਾਂ ਗ਼ਦਰੀ ਲਹਿਰ ਚਲਾਈ
ਜ਼ੁਲਮਾਂ ਦੇ ਮੀਂਹਾਂ ਵਿਚ ਬਾਬੇ , ਕੌਮ ਦੀ ਅਣਖ਼ ਜਗਾਈ
ਵਿਚ ਵਿਦੇਸ਼ਾਂ ਦੇ ਪੜ੍ਹ ਲਿਖ ਕੇ, ਫੂਕੀ ਕੌਮ 'ਚ ਜਾਨ
ਆਦਿ ਧਰਮ ਦੇ ਬਾਨੀ ...........

ਨਿੱਕੇ ਜਿਹੇ ਇੱਕ ਪਿੰਡ ਤੋਂ ਉੱਠਕੇ ਕੌਮ ਨੂੰ ਇਕਮੁੱਠ ਕੀਤਾ
ਕਰਕੇ ਗਠਿਨ ਉਨ੍ਹਾਂ ਆਦਿਧਰਮ ਨੂੰ
ਫਿਰ ਸੁੱਖ ਦਾ ਸਾਹ ਲੀਤਾ
ਕਿਹਾ ਭਾਰਤ ਦੇ ਮੂਲ ਨਿਵਾਸੀ, ਅਸੀਂ ਸੀ ਹੁਕਮਰਾਨ
ਆਦਿ ਧਰਮ ਦੇ ਬਾਨੀ ...........

ਸਮੇਂ ਦੇ ਹਾਕਮ ਲੋਕਾਂ ਨੂੰ ਓਹਨਾਂ ਐਸਾ ਸਬਕ ਸਿਖਾਇਆ
ਦੱਬੇ ਕੁੱਚਲੇ ਲੋਕਾਂ ਨੂੰ ਓਹਨਾਂ, ਪਾਠ ਤੌਹੀਦ ਪੜ੍ਹਾਇਆ
'ਚੁੰਬਰ' ਤਰਸਿੱਕੇ ਦੇ ਤੋੜੇ ਨਫ਼ਰਤਾਂ ਵਾਲੇ ਬਾਣ
ਆਦਿ ਧਰਮ ਦੇ ਬਾਨੀ ...........



ਕੌਮ ਦਿਆਂ ਹੱਕਾਂ ਲਈ ਲੜ ਗਿਆ ਸੂਰਮਾ
ਜੱਦੋ ਜਹਿਦ ਹੱਥੀਂ ਬੜੀ ਕਰ ਗਿਆ ਸੂਰਮਾ
ਠੋਕ ਵਜਾ ਕੇ ਕਿਹਾ ਰੁੱਲਣਾ ਨਹੀਂ ਚਾਹੀਦਾ
ਬਾਬੂ ਮੰਗੂ ਰਾਮ ਸਾਨੂੰ ਭੁੱਲਣਾ ਨਹੀਂ ਚਾਹੀਦਾ

ਕੌਮ ਉੱਤੇ ਵੱਡੇ ਵੱਡੇ ਕੀਤੇ ਉਪਕਾਰ ਜੋ
ਦਿੱਤੀ ਜੂਨ ਵਿਗੜੀ ਸੀ ਓਹਨਾਂ ਨੇ ਸੁਧਾਰ ਜੋ
ਸਾਨੂੰ ਕਿਸੇ ਗ਼ੈਰ ਉੱਤੇ ਡੁੱਲ੍ਹਣਾ ਨਹੀਂ ਚਾਹੀਦਾ
ਬਾਬੂ ਮੰਗੂ ਰਾਮ .....

ਛੱਤੀ ਕੌਮਾਂ ਕਰਕੇ ਇਕੱਠੀਆਂ ਸੀ ਦੱਸਿਆ
ਮੋਤੀ ਇੱਕ ਮਾਲਾ ਦੇ ਪਰੋ ਕੇ ਹਾਰ ਰੱਖਿਆ
ਗ਼ੈਰ ਝੰਡਾ ਜੂਹ ਸਾਡੀ ਝੁੱਲਣਾ ਨਹੀਂ ਚਾਹੀਦਾ
ਬਾਬੂ ਮੰਗੂ ਰਾਮ .........

ਜੱਭ ਸੀ ਮੁਕਾਇਆ ਓਹਨਾਂ ਸਾਰੇ ਰੋਣ ਧੋਣ ਦਾ
ਬੱਲ ਦਿੱਤਾ ਆਪਣੇ ਪੈਰਾਂ ਤੇ ਖੜੇ ਹੋਣ ਦਾ
ਤੱਕੜੀ ਪਾਖੰਡੀਆਂ ਦੀ ਤੁੱਲਣਾ ਨਹੀਂ ਚਾਹੀਦਾ
ਬਾਬੂ ਮੰਗੂ ਰਾਮ .......

'ਚੁੰਬਰ' ਜੋ ਆਪਣਾ ਇਤਿਹਾਸ ਯਾਦ ਰੱਖਦੇ
ਓਹੀਓ ਜੜਾਂ ਦੁੱਖਾਂ ਤੇ ਗ਼ੁਲਾਮੀ ਦੀਆਂ ਕੱਟਦੇ
ਭੇਦ ਜੋ ਤਰੱਕੀ ਵਾਲਾ ਖੁੱਲ੍ਹਣਾ ਨਹੀਂ ਚਾਹੀਦਾ
ਬਾਬੂ ਮੰਗੂ ਰਾਮ ........



1-Great Ghadri Baba Babu Mangu Muggowalia & Dr. Ambedkar pictures presented to Shri Guru Ravidass Temple Yuba City (California) by Prem Kumar Chumber Editor of Ambedkar Times & Desh Doaba weekly Newspapers



ਕੁਲਦੀਪ ਚੁੰਬਰ
91-98151-37254

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ। ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ। ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

**31252 Veasy Street Union City CA 94587**




ਗੁਰੂ ਘਰ ਦੀ ਇਮਾਰਤ ਦਾ ਕੰਮ ਚੱਲ ਰਿਹਾ ਅਤੇ ਆਪ ਸਭ ਨੂੰ ਬੇਨਤੀ ਹੈ ਕਿ ਇਸ ਸ਼ੁਭ ਕਾਰਜ ਲਈ ਆਪਣਾ ਦਸ਼ਵੰਧ ਕੱਢੋ ਤਾਂ ਜੋ ਕਿ ਆਪਾਂ-ਆਪਣੇ ਸੁਪਨੇ ਪੂਰੇ ਕਰ ਸਕੀਏ। ਗੁਰੂ ਘਰ ਦਾ ਪ੍ਰੋਗਰਾਮ ਹਰ ਇਕ ਦੂਸਰੇ ਐਤਵਾਰ ਅਤੇ ਚੋਥੇ ਐਤਵਾਰ ਪੱਕਾ ਤਹਿ ਕੀਤਾ ਹੈ। ਸੰਗਤ ਨੂੰ ਬੇਨਤੀ ਹੈ ਕਿ ਆਪ ਪ੍ਰੋਗਰਾਮ ਤੇ ਪਹੁੰਚੋ ਅਤੇ ਗੁਰੁਘਰ ਦੀ ਇਮਾਰਤ ਬਣਦੀ ਦੇਖੋ ਅਤੇ ਆਪਣਾ ਯੋਗਦਾਨ ਪਾਓ।



## ਸ੍ਰੀ ਗੁਰੂ ਰਵਿਦਾਸ ਸਭਾ ਬੇ ਏਰੀਆ (ਕੈਲੀਫੋਰਨੀਆ) ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤ ਦੇ ਸਹਿਯੋਗ ਨਾਲ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਪਿਆਰ-ਸਤਿਕਾਰ-ਸ਼ਰਧਾਪੂਰਵਕ ਮਨਾਇਆ













ਸ੍ਰੀ ਗੁਰੂ ਰਵਿਦਾਸ ਸਭਾ ਬੇ ਏਰੀਆ (ਕੈਲੀਫੋਰਨੀਆ) ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤ ਦੇ ਸਹਿਯੋਗ ਨਾਲ ਗੁਰੂਘਰ ਦੀ ਪ੍ਰਾਪਰਟੀ ਵਿਖੇ 12 ਜਨਵਰੀ 2025 ਨੂੰ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾਪੂਰਵਕ ਮਨਾਇਆ ਗਿਆ। ਇਸ ਦੋਰਾਨ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ, ਸ. ਮੋਹਿੰਦਰ ਸਿੰਘ ਮਾਹੀ, ਪ੍ਰਧਾਨ ਸ੍ਰੀ ਤ੍ਰਿਲੋਚਨ ਸਿੰਘ ਬੱਧਣ ਨੇ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਲਾਸਾਨੀ ਕੁਰਬਾਨੀ, ਖਾਲਸਾ ਪੰਥ ਦੀ ਸਥਾਪਨਾ ਬਾਰੇ ਆਪੋ-ਆਪਣੇ ਵਿਚਾਰ ਰੱਖੇ। ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ ਅਤੇ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ ਸਹਿਬਾਨ ਦੀ ਬਾਣੀ ਜਾਪੁ ਕਰਦੇ ਰਹਿਣ ਲਈ ਸਨਿਮਰ ਬੇਨਤੀ ਕਰਦਿਆਂ ਵਾਹਿਗੁਰੂ ਅੱਗੇ ਸਰਬਤ ਦੇ ਭਲੇ ਲਈ ਅਰਦਾਸ ਕੀਤੀ। ਅਖੀਰ ਵਿਚ ਜਨਰਲ ਸਕੱਤਰ ਸ੍ਰੀ ਨਰੇਸ਼ ਕੁਮਾਰ ਗੱਡੂ ਨੇ ਕਮੇਟੀ ਵਲੋਂ ਸਮੂਹ ਸੰਗਤ ਦਾ ਇਸ ਸ਼ੁਭ ਮੌਕੇ ਹਾਜ਼ਰੀ ਭਰਨ ਲਈ ਧੰਨਵਾਦ ਕੀਤਾ।

### 26 ਜਨਵਰੀ 2025 ਨੂੰ ਗਣਤੰਤਰ ਦਿਵਸ ਮਨਾਇਆ ਜਾਵੇਗਾ।

**ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਉਸ ਦਿਨ ਵੀ ਗੁਰੂ ਘਰ ਵਿਖੇ ਹਾਜਰੀਆਂ ਲਗਵਾਉਣ ਜੀ।**

**For langar Sewa please contact any of the committee members**

| Chairman | President | General Secretary | Treasurer |
|---|---|---|---|
| Vinod Kumar Chumber | Tarlochan Singh | Naresh Kumar Gaddu | Mandeep Rai |
| 510-953-9800 | 510-712-1743 | 510-857-4551 | 415-342-9159 |

# ਗਾਇਕਾ ਸੀਮਾ ਅਨਜਾਣ "ਮੇਰੀ ਇੱਕ ਆਸ ਗੁਰੂ ਰਵਿਦਾਸ" ਟ੍ਰੈਕ ਨਾਲ ਸੰਗਤ ਦੇ ਵਿੱਚ ਭਰ ਰਹੀ ਹੈ ਹਾਜਰੀ - ਰਾਮ ਭੋਗਪੁਰੀਆ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ )–** ਪੰਜਾਬ ਦੀ ਸੁਪ੍ਰਸਿੱਧ ਗਾਇਕਾ ਸੀਮਾ ਅਨਜਾਣ ਸਮੇਂ ਸਮੇਂ ਆਪਣੇ ਪੰਜਾਬੀ ਅਤੇ ਧਾਰਮਿਕ ਗੀਤਾਂ ਨਾਲ ਸਭ ਦੇ ਰੂਬਰੂ ਹੁੰਦੀ ਆਈ ਹੈ। ਹਾਲ ਹੀ ਵਿੱਚ ਉਸਦਾ ਇਕ ਪੋਸਟਰ ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਆਗਮਨ ਪੁਰਬ ਦੀ ਖੁਸ਼ੀ ਵਿੱਚ "ਮੇਰੀ ਇੱਕ ਆਸ ਗੁਰੂ ਰਵਿਦਾਸ" ਦੇ ਟਾਈਟਲ ਹੇਠ ਰਿਲੀਜ਼ ਹੋਣ ਵਾਲੇ ਟ੍ਰੈਕ ਦਾ ਆਰ ਜੇ ਬੀਟ ਭਗਤੀ ਚੈਨਲ ਅਤੇ ਰਾਮ ਭੋਗਪੁਰੀਆ ਵਲੋਂ ਸੋਸ਼ਲ ਮੀਡੀਆ ਤੇ ਲਾਂਚ ਕੀਤਾ ਗਿਆ ਹੈ। ਜਿਸ ਸਬੰਧੀ ਰਾਮ ਭੋਗਪੁਰੀਆ ਪ੍ਰੋਡਿਊਸਰ ਨੇ ਦੱਸਿਆ ਕਿ ਗਾਇਕਾ ਸੀਮਾ ਅਨਜਾਣ ਸਮੇਂ ਦੇ ਨਾਲ ਤੁਰਨ ਵਾਲੀ ਗਾਇਕਾ ਹੈ, ਜੋ ਆਪਣੇ ਬੋਲਾਂ ਜ਼ਰੀਏ ਹਰ ਖੇਤਰ ਵਿੱਚ ਕਾਮਯਾਬੀ ਦੀ ਮੰਜ਼ਿਲ ਹਾਸਲ ਕਰ ਚੁੱਕੀ ਹੈ। "ਮੇਰੀ ਇੱਕ ਆਸ ਗੁਰੂ ਰਵਿਦਾਸ" ਟ੍ਰੈਕ ਨੂੰ ਗਾਇਕਾ ਸੀਮਾ ਅਨਜਾਣ ਨੇ ਆਪਣੀ ਖੂਬਸੂਰਤ ਆਵਾਜ਼ ਨਾਲ ਭਰਤੀ ਭਾਵ ਦਾ ਰੰਗ ਦੇ ਕੇ ਸ਼ਿੰਗਾਰਿਆ ਹੈ। ਇਸ ਦਾ ਮਿਊਜਿਕ ਨਰਾਇਣ ਸ਼ਰਮਾ ਦਾ ਹੈ ਅਤੇ ਇਸ ਨੂੰ ਕਲਮਬੰਧ ਤੇ ਕੰਪੋਜ ਖੁਦ ਗਾਇਕਾ ਸੀਮਾ ਅਨਜਾਣ ਨੇ ਕੀਤਾ ਹੈ। ਰਾਮ ਭੋਗਪੁਰੀਆ ਪ੍ਰੋਡਿਊਸਰ ਅਤੇ ਕੋ ਪ੍ਰੋਡਿਊਸਰ ਸੁੱਖ ਵਾਲੀਆ ਹਨ । ਪ੍ਰੋਜੈਕਟ ਬੰਨੀ ਸ਼ਰਮਾ ਦਾ ਹੈ ਤੇ ਬਾਬਾ ਕਮਲ ਇਸ ਦੇ ਡਾਇਰੈਕਟਰ ਹਨ। ਮੁਨੀਸ਼ ਸ਼ਰਮਾ ਜੀ ਸਹਾਇਕ ਪ੍ਰੋਡਿਊਸਰ ਅਤੇ ਰਾਜ ਕੇ ਔਜਲਾ ਦਾ ਇਸ ਟ੍ਰੈਕ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ ਹੈ। ਜਦਕਿ ਮੀਡੀਆ ਐਡਵਾਈਜ਼ਰ ਦੀਆਂ ਸੇਵਾਵਾਂ ਕੁਲਦੀਪ ਚੁੰਬਰ ਅਤੇ ਅੰਮ੍ਰਿਤ ਪਵਾਰ ਵਲੋਂ ਬਾਖੂਬੀ ਨਿਭਾਈਆਂ ਜਾ ਰਹੀਆਂ ਹਨ। ਆਸ ਹੈ ਇਹ ਧਾਰਮਿਕ ਟ੍ਰੈਕ ਜ਼ਰੀਏ ਗਾਇਕਾ ਸੀਮਾ ਅਨਜਾਣ ਸਰੋਤਿਆਂ ਦੇ ਦਿਲਾਂ ਤੇ ਅਮਿੱਟ ਛਾਪ ਛੱਡੇਗੀ ਅਤੇ ਇਸ ਟ੍ਰੈਕ ਨੂੰ ਸੰਗਤ ਭਰਵਾਂ ਪਿਆਰ ਦੇ ਕੇ ਨਿਵਾਜੇਗੀ ।




# ਵਿਪਸਾ ਵੱਲੋਂ 2025 ਵਿੱਚ ਸਿਲਵਰ ਜੁਬਲੀ 'ਤੇ ਦੋ ਰੋਜ਼ਾ ਕਾਨਫ਼ਰੰਸ ਕਰਵਾਉਣ ਦਾ ਐਲਾਨ

ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਦੀ ਮਾਸਿਕ ਮਿਲਣੀ Sappihre Banquet Hall, Hayward ਵਿਖੇ ਹੋਈ। ਸਭ ਤੋਂ ਪਹਿਲਾਂ ਪ੍ਰਧਾਨ ਕੁਲਵਿੰਦਰ ਨੇ ਨਵੇਂ ਸਾਲ ਨੂੰ ਜੀ ਆਇਆਂ ਕਹਿੰਦੇ ਹੋਏ ਹਾਜ਼ਰ ਮੈਂਬਰਾਂ ਨੂੰ ਪਿਛਲੇ ਵਰ੍ਹੇ ਦੀ ਕਾਨਫ਼ਰੰਸ ਦੀ ਸਫ਼ਲਤਾ ਲਈ ਵਧਾਈ ਦਿੱਤੀ। ਉਸ ਨੇ ਕਿਹਾ ਕਿ ਇਹ ਕਾਰਜ ਸਭ ਦੇ ਭਰਵੇਂ ਸਹਿਯੋਗ ਨਾ਼ਲ ਹੀ ਕਾਮਯਾਬ ਰਿਹਾ। ਜਨਰਲ ਸਕੱਤਰ ਜਗਜੀਤ ਨੌਸ਼ਿਹਰਵੀ ਨੇ ਕਾਨਫਰੰਸ ਦੇ ਆਮਦਨ/ਖ਼ਰਚ ਦੀ ਪਾਰਦਰਸ਼ੀ ਰਿਪੋਰਟ ਪੇਸ਼ ਕੀਤੀ। ਜਿਸ ਦੀ ਸਭ ਵੱਲੋਂ ਸ਼ਲਾਘਾ ਕੀਤੀ ਗਈ। ਮੀਤ ਪ੍ਰਧਾਨ ਪ੍ਰੋ। ਸੁਰਿੰਦਰ ਸਿੰਘ ਸੀਰਤ ਨੇ ਗੱਲ ਬਾਤ ਨੂੰ ਅੱਗੇ ਤੋਰਦੇ ਹੋਏ ਕਿਹਾ ਕਿ ਕੁਲਵਿੰਦਰ, ਜਗਜੀਤ ਨੌਸ਼ਿਹਰਵੀ ਅਤੇ ਲਾਜ ਨੀਲਮ ਸੈਨੀ ਤਿੰਨਾਂ ਦੀ ਮਿਹਨਤ ਸਦਕਾ ਪਿਛਲੇ ਵਰ੍ਹੇ ਵਿਪਸਾ ਗੁਣਾਤਮਕ ਮਿਲਣੀਆਂ ਅਤੇ ਕਾਨਫਰੰਸ ਕਰਵਾਉਣ ਵਿੱਚ ਕਾਮਯਾਬ ਰਹੀ ਹੈ। ਇਸ ਨਿਰੰਤਰਤਾ ਨੂੰ ਬਣਾਈ ਰੱਖਣ ਅਤੇ ਵੱਡੀਆਂ ਪੁਲਾਂਘਾਂ ਪੁੱਟਣ ਲਈ ਕੁਲਵਿੰਦਰ, ਜਗਜੀਤ ਅਤੇ ਨੀਲਮ ਦੀ ਤਿੱਗੜੀ ਵਾਲੀ ਇਹੋ ਕਾਰਜਕਾਰਨੀ ਦੋ ਸਾਲ ਲਈ ਮੁੜ ਚੁਣ ਲਈ ਜਾਵੇ। ਆਰਗੇਨਾਈਜ਼ਰ ਡਾ। ਸੁਖਵਿੰਦਰ ਕੰਬੋਜ ਨੇ ਹੱਥ ਖੜ੍ਹਾ ਕਰਕੇ ਆਪਣੀ ਪ੍ਰਵਾਨਗੀ ਦਿੱਤੀ। ਸਮੂਹ ਮੈਂਬਰਾਂ ਨੇ ਇਸ ਫ਼ੈਸਲੇ ਦਾ ਤਾੜੀਆਂ ਵਜਾ ਕੇ ਸੁਆਗਤ ਕੀਤਾ। ਕੁਲਵਿੰਦਰ ਨੇ ਸਭ ਮੈਂਬਰਾਂ ਦਾ ਇਸ ਫ਼ੈਸਲੇ ਲਈ ਇੱਕ ਵਾਰੀ ਫਿਰ ਧੰਨਵਾਦ ਕਰਦੇ ਹੋਏ ਕਿਹਾ ਕਿ ਪਿਛਲੇ ਵਰ੍ਹੇ ਐਸ਼ ਕੁਮ ਐਸ਼ ਅਤੇ ਮੁਕੇਸ਼ ਸ਼ਰਮਾ ਨੇ ਕਾਨਫ਼ਰੰਸ ਨੂੰ ਨੇਪਰੇ ਚਾੜ੍ਹਨ ਲਈ ਬਹੁਤ ਸਹਿਯੋਹ ਦਿੱਤਾ ਹੈ। ਉਹ ਦੋਵਾਂ ਨੂੰ ਕਾਰਜਕਾਰਨੀ ਵਿੱਚ ਸ਼ਾਮਲ ਕਰੇਗਾ। ਉਸ ਨੇ ਇਹ ਵੀ ਕਿਹਾ ਕਿ ਇਸ ਵਰ੍ਹੇ ਵਿਪਸਾ ਸਿਲਵਰ ਜੁਬਲੀ 'ਤੇ ਦੋ ਰੋਜ਼ਾ ਕਾਨਫ਼ਰੰਸ ਕਰਵਾਏਗੀ। ਸੁਖਦੇਵ ਸਾਹਿਲ ਨੇ ਦੱਸਿਆ ਕਿ ਉਹ ਅਕਾਦਮੀ ਦੇ ਮੈਂਬਰਾਂ ਦੀਆਂ ਗ਼ਜ਼ਲਾਂ ਅਤੇ ਗੀਤਾਂ ਦੀ ਵਿਸ਼ੇਸ਼ ਐਲਬਮ ਤਿਆਰ ਕਰੇਗਾ ਜੋ ਕਾਨਫ਼ਰੰਸ ਮੌਕੇ ਲੋਕ ਅਰਪਣ ਕੀਤੀ ਜਾਵੇਗੀ। ਇਸ ਉਪਰੰਤ ਇਸ ਵਰ੍ਹੇ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਨੂੰ ਤਰਤੀਬ ਦਿੱਤੀ ਗਈ।ਜਨਵਰੀ ਦੇ ਅਖ਼ੀਰਲੇ ਹਫ਼ਤੇ ਅਕਾਦਮੀ ਵੱਲੋਂ ਸਪਾਂਸਰਾਂ ਦੇ ਸਨਮਾਨ ਲਈ ਮੀਟਿੰਗ ਬੁਲਾਈ ਜਾਵੇਗੀ। ਮਾਰਚ ਵਿੱਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਜਾਵੇਗਾ। ਅਪ੍ਰੈਲ ਵਿੱਚ ਲਾਜ ਨੀਲਮ ਸੈਣੀ ਦੇ ਸਵੈ ਜੀਵਨੀ ਮੂਲਕ ਨਾਵਲ 'ਅਲਵਿਦਾ! ਕਦੀ ਵੀ ਨਹੀਂ' ਅਤੇ ਮਈ ਮਹੀਨੇ ਜਗਜੀਤ ਦੇ ਕਾਵਿ ਸੰਗ੍ਰਹਿ 'ਹਾਲ ਉਥਾਈਂ ਕਹੀਏ' 'ਤੇ ਗੋਸ਼ਟੀ ਕਰਵਾਈ ਜਾਵੇਗੀ। ਜੂਨ ਮਹੀਨੇ ਕਹਾਣੀ ਦਰਬਾਰ ਹੋਵੇਗਾ। ਹਰਜਿੰਦਰ ਕੰਗ ਦੇ ਕਾਵਿ ਸੰਗ੍ਰਹਿ 'ਵੇਲ ਰੁਪਏ ਦੀ ਵੇਲ' ਅਤੇ ਸੁਰਜੀਤ ਸਖੀ ਦੀ ਕਿਤਾਬ 'ਗੱਲ ਤਾਂ ਚੱਲਦੀ ਰਹੇਗੀ' ਉੱਪਰ ਵਿਚਾਰ-ਵਟਾਂਦਰਾ ਵੀ ਕਰਾਵਇਆ ਜਾਵੇਗਾ। ਜ਼ਿਕਰਯੋਗ ਹੈ ਕਿ ਨਵੇਂ ਵਰ੍ਹੇ ਵਿੱਚ ਦੋ ਮੀਟਿੰਗਾਂ ਡਾ। ਹੁੰਦਲ ਦੇ ਗ੍ਰਹਿ ਵਿਖੇ ਕਰਵਾਈਆਂ ਜਾਣਗੀਆਂ।ਇਸ ਤੋਂ ਬਾਅਦ ਸਿਲਵਰ ਜੁਬਲੀ ਕਾਨਫ਼ਰੰਸ ਨੂੰ ਮੁੱਖ ਰੱਖਦੇ ਹੋਏ ਤਿਆਰੀਆਂ ਉੱਪਰ ਜ਼ੋਰ ਦਿੱਤਾ ਜਾਵੇਗਾ। ਨਵੇਂ ਸਾਲ ਵਿੱਚ ਨਵੀਆਂ ਉਮੰਗਾਂ ਨਾ਼ਲ ਪਰਵੇਸ਼ ਕਰਨ ਲਈ ਸੁਖਦੇਵ ਸਾਹਿਲ ਨੇ ਸੁਰ ਅਤੇ ਸਾਜ਼ ਨਾ਼ਲ ਸਾਂਝ ਪਾਈ। ਉਸ ਨੇ ਤਾਰਾ ਸਾਗਰ ਦਾ ਗੀਤ, ਕੁਲਵਿੰਦਰ, ਜਗਜੀਤ ਅਤੇ ਪ੍ਰੋ। ਸੀਰਤ ਦੀਆਂ ਗ਼ਜ਼ਲਾਂ ਦਾ ਗਾਇਨ ਕਰਕੇ ਸਭ ਨੂੰ ਮੰਤਰ ਮੁਗਧ ਕਰ ਦਿੱਤਾ। ਇਸ ਮਿਲਣੀ ਵਿੱਚ ਸੁਖਪਾਲ ਸੰਘੇੜਾ, ਪੰਕਜ, ਅਮਰਜੀਤ ਪੰਨੂੰ, ਲਾਜ ਨੀਲਮ ਸੈਣੀ, ਗੁਲਸ਼ਨ ਦਿਆਲ, ਵਿਜੈ ਸਿੰਘ, ਸੁਖਦੇਵ ਸਾਹਿਲ, ਸੋਨੂੰ ਅਤੇ ਪ੍ਰੋ. ਬਲਜਿੰਦਰ ਸਿੰਘ ਸਵੈਚ ਸ਼ਾਮਲ ਹੋਏ। **ਰਿਪੋਰਟ: ਲਾਜ ਨੀਲਮ ਸੈਣੀ ਫੋਨ: 510-502-0551**



# ਧੁੰਦ ਦੇ ਮੌਸਮ 'ਚ ਦੁਰਘਟਨਾਵਾਂ ਤੋਂ ਬਚਣ ਲਈ ਗੱਡੀਆਂ 'ਤੇ ਰਿਫਲੈਕਟਰ ਲਗਾਉਣੇ ਜ਼ਰੂਰੀ-ਅਮਨ ਕੁਮਾਰ

**ਫਗਵਾੜਾ (ਬੀ.ਕੇ. ਰੱਤੂ)–** ਲੋਕਾਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਸੁਚੇਤ ਕਰਨ ਦੇ ਮਕਸਦ ਸਦਕਾ ਗੋਰਵ ਤੂਰਾ ਐਸ.ਐਸ.ਪੀ. ਕਪੂਰਥਲਾ ਦੇ ਹੁਕਮਾ ਅਤੇ ਐਸ.ਪੀ. ਰੁਪਿੰਦਰ ਭੱਟੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਡੀ.ਐਸ.ਪੀ. ਭਰਤ ਭੂਸ਼ਨ ਦੀ ਯੋਗ ਰਹਿਨੁਮਾਈ ਹੇਠ ਟਰੈਫਿਕ ਇੰਚਾਰਜ ਇੰਸਪੈਕਟਰ ਅਮਨ ਕੁਮਾਰ ਦੀ ਸੁਚੱਜੀ ਦੇਖਰੇਖ ਹੇਠ ਟ੍ਰੈਫਿਕ ਪੁਲਿਸ ਫਗਵਾੜਾ ਵੱਲੋਂ ਸੜਕ ਸੁਰੱਖਿਆ ਮਹੀਨੇ ਦੌਰਾਨ ਜਾਗਰੂਕਤਾ ਮੁਹਿੰਮ ਜ਼ੋਰਾਂ-ਸ਼ੋਰਾਂ ਨਾਲ ਚਲਾਈ ਜਾ ਰਹੀ ਹੈ ਇਸ ਦੌਰਾਨ ਐਸ.ਪੀ. ਫਗਵਾੜਾ ਰੁਪਿੰਦਰ ਕੌਰ ਭੱਟੀ ਨੇ ਆਮ ਲੋਕਾਂ ਨੂੰ ਸੜਕ ਸੁਰੱਖਿਆ ਅਤੇ ਟਰੈਫਿਕ ਨਿਯਮਾਂ ਬਾਰੇ ਜਾਗਰੂਕ ਕੀਤਾ ਇਸ ਮੌਕੇ ਟ੍ਰੈਫਿਕ ਇੰਚਾਰਜ ਫਗਵਾੜਾ ਇੰਸਪੈਕਟਰ ਅਮਨ ਕੁਮਾਰ ਨੇ ਆਖਿਆ ਕਿ ਉਨ੍ਹਾਂ ਦੀ ਮੁਹਿੰਮ ਆਉਣ ਵਾਲੇ ਧੁੰਦ ਦੇ ਮੌਸਮ ਵਿੱਚ ਸੜਕ ਹਾਦਸਿਆਂ ਨੂੰ ਰੋਕਣ ਲਈ ਡਰਾਈਵਰਾਂ ਨੂੰ ਜਾਗਰੂਕ ਕਰਕੇ ਜਾਰੀ ਹੈ ਉਨ੍ਹਾਂ ਨੇ ਆਮ ਜਨਤਾ ਅਤੇ ਡਰਾਈਵਰਾਂ ਨੂੰ ਸੁਨੇਹਾ ਦਿੱਤਾ ਹੈ ਕਿ ਗਤੀ ਸੀਮਾ ਨਾ ਤੋੜੋ, ਪ੍ਰੈਸ਼ਰ ਹਾਰਨ ਨਾ ਵਜਾਓ, ਧੁੰਦ ਵਿੱਚ ਘੱਟ ਬੀਮ 'ਤੇ ਗੱਡੀ ਚਲਾਓ, ਆਪਣੀ ਗਤੀ ਘੱਟ ਰੱਖੋ, ਸੜਕ ਦੇ ਵਿਚਕਾਰ ਕਦੇ ਵੀ ਆਪਣਾ ਵਾਹਨ ਨਾ ਰੋਕੋ ਅਤੇ ਆਪਣੀ ਗੱਡੀ ਮੋੜਦੇ ਸਮੇਂ ਹਮੇਸ਼ਾ ਇੰਡੀਕੇਟਰ ਦੀ ਵਰਤੋਂ ਕਰੋ, ਟਰੈਫਿਕ ਦੀ ਆਵਾਜ਼ ਸੁਣਨ ਦੀ ਕੋਸ਼ਿਸ਼ ਕਰੋ ਜੋ ਤੁਸੀਂ ਨਹੀਂ ਦੇਖ ਸਕਦੇ, ਵਾਹਨ ਦੇ ਅੰਦਰ ਉੱਚੀ ਆਵਾਜ਼ ਵਿੱਚ ਸੰਗੀਤ ਨਾ ਚਲਾਓ, ਉੱਚ ਸੁਰੱਖਿਆ ਨੰਬਰ ਪਲੇਟ ਲਗਾਓ, ਵਾਹਨ 'ਤੇ ਰਿਫਲੈਕਟਰ ਟੇਪ ਲਗਾਓ, ਸੀਟ ਬੈਲਟ ਅਤੇ ਹੈਲਮੇਟ ਦੀ ਵਰਤੋਂ ਕਰੋ, ਪਾਰਕਿੰਗ ਕਰਦੇ ਸਮੇਂ ਹੈਂਡ ਬ੍ਰੇਕ ਦੀ ਵਰਤੋਂ ਕਰੋ, ਸ਼ਰਾਬ ਪੀਣ ਤੋਂ ਬਾਅਦ ਗੱਡੀ ਨਾ ਚਲਾਓ, ਗੱਡੀ ਚਲਾਉਂਦੇ ਸਮੇਂ ਮੋਬਾਈਲ ਫੋਨ ਦੀ ਵਰਤੋਂ ਨਾ ਕਰੋ, ਜੇਕਰ ਤੁਹਾਨੂੰ ਗੱਡੀ ਚਲਾਉਂਦੇ ਸਮੇਂ ਨੀਂਦ ਆਉਂਦੀ ਹੈ, ਤਾਂ ਗੱਡੀ ਨਾ ਚਲਾਓ ਅਤੇ ਪੁਲਿਸ ਨਾਲ ਸਹਿਯੋਗ ਕਰੋ ਉਨ੍ਹਾਂ ਸਮੂਹ ਡਰਾਈਵਰਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਨਾਬਾਲਗ ਬੱਚੇ ਨੂੰ ਵਾਹਨ ਨਾ ਚਲਾਉਣ ਦੇਣ, ਆਪਣੇ ਵਾਹਨਾਂ ਦੇ ਅੱਗੇ ਅਤੇ ਪਿੱਛੇ ਰਿਫਲੈਕਟਰ ਲਗਾਉਣਾ ਯਕੀਨੀ ਬਣਾਓ, ਫਗਵਾੜਾ ਟ੍ਰੈਫਿਕ ਪੁਲਿਸ ਤੁਹਾਡੀ ਸੁਰੱਖਿਆ ਲਈ ਹਮੇਸ਼ਾ ਤਿਆਰ ਹੈ ਇਸ ਮੌਕੇ ਐਸ.ਪੀ. ਰੁਪਿੰਦਰ ਕੌਰ ਭੱਟੀ, ਡੀ.ਐਸ.ਪੀ. ਭਰਤ ਭੂਸ਼ਨ, ਸਿਟੀ ਇੰਚਾਰਜ਼ ਇੰਸਪੈਕਟਰ ਅਮਨਦੀਪ ਨਾਹਰ, ਟ੍ਰੈਫਿਕ ਇੰਚਾਰਜ ਇੰਸਪੈਕਟਰ ਅਮਨ ਕੁਮਾਰ ਨੇ ਵੱਖ-ਵੱਖ ਗੱਡੀਆਂ ਨੂੰ ਰੋਕ ਰਿਫਲੈਕਟਰ ਲਗਾਏਲ ਇਸ ਮੌਕੇ ਟ੍ਰੈਫਿਕ ਪੁਲਿਸ ਦੇ ਏ.ਐਸ.ਆਈ. ਕੁਲਵਿੰਦਰ ਸਿੰਘ, ਅਮਰਜੀਤ ਸਿੰਘ, ਸੋਹਣ ਸਿੰਘ, ਪ੍ਰਮਿੰਦਰ ਸਿੰਘ, ਰਾਮ ਮੂਰਤੀ, ਅਵਤਾਰ ਸਿੰਘ ਆਦਿ ਹਾਜ਼ਰ ਸਨ।



# ਧਾਰਮਿਕ ਟ੍ਰੈਕ "ਗੱਲ ਬੇ.ਗਮਪੁਰੇ ਦੀ" ਸੋਸ਼ਲ ਮੀਡੀਆ ਤੇ ਛਾਇਆ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–** ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ, ਆਰ।ਐਮ।ਟੂ ਮਿਊਜਕ ਕੰਪਨੀ, ਮੇਲਾ ਇੰਟਰਟੇਨਰਜ਼ ਕੰਪਨੀ ਕਨੇਡਾ ਅਤੇ ਪ੍ਰੋਡਿਊਸਰ ਸ੍ਰੀ ਬਿੱਲ ਬਸਰਾ ਕਨੇਡਾ ਦੀ ਪੇਸ਼ਕਸ਼ ਪ੍ਰਸਿੱਧ ਰਿਲੀਜ਼ ਕੀਤੇ ਧਾਰਮਿਕ ਸਿੰਗਲ ਟ੍ਰੈਕ "ਗੱਲ ਬੇਗ਼ਮਪੁਰੇ ਦੀ" ਦੇ ਵੀਡੀਓ ਨੂੰ ਯੂ ਟਿਊਬ ਤੇ ਸੰਗਤਾਂ ਵਲੋਂ ਖੂਬ ਪਿਆਰ ਮਿਲ ਰਿਹਾ ਹੈ। ਮਿਸ਼ਨਰੀ ਗੀਤਕਾਰ ਅਮਰਜੀਤ ਬੇਗਮਪੁਰੀ ਕਨੇਡਾ ਵਲੋਂ ਇਹ ਟ੍ਰੈਕ ਕਲਮਬੱਧ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆਂ ਗਾਇਕ ਰਾਜ ਦਦਰਾਲ ਨੇ ਦੱਸਿਆ ਇਸ ਧਾਰਮਿਕ ਗੀਤ ਦਾ ਮਿਊਜ਼ਿਕ ਬੀ ਆਰ ਡਿਮਾਣਾ ਤੇ ਆਰ।ਡੀ ਬੁਆਏ ਵਲੋਂ ਤਿਆਰ ਕੀਤਾ ਹੈ ਤੇ ਇਸ ਦਾ ਫਿਲਮਾਂਕਣ ਵੀਡੀਓ ਡਾਇਰੈਕਟਰ ਧਰਮਵੀਰ ਡੀ.ਜੀ. ਸਟਾਰ ਫ਼ਿਲਮ ਏ.ਜੇ ਫ਼ਿਲਮ ਵਲੋਂ ਸ਼ੂਟ ਕੀਤਾ ਗਿਆ ਹੈ। ਇਸ ਧਾਰਮਿਕ ਗੀਤ ਨੂੰ ਗਾਇਕ ਰਾਜ ਦਦਰਾਲ, ਨਿਰਮਲ ਨਿੰਮਾ, ਜਗਦੀਸ਼ ਜਾਡਲਾ, ਹਰਦੀਪ ਦੀਪਾ, ਦਵਿੰਦਰ ਰੂਹੀ, ਹਰਦੀਪ ਬੱਲ, ਦੀਪ ਅਲਾਚੌਰੀਆ, ਆਰ.ਡੀ. ਸਾਗਰ, ਲੱਕੀ ਹਿਆਲਾ, ਰਵਿਜੈ ਜਾਡਲਾ, ਦਵਿੰਦਰ ਬੀਸਲਾ, ਰਾਜ ਮਨਰਾਜ ਦੀ ਬਲੰਦ ਅਵਾਜ਼ ਵਿੱਚ ਗਾਇਆ ਹੈ ਤੇ ਇਸ ਮਿਸ਼ਨਰੀ ਗੀਤ ਨੂੰ ਤਿਆਰ ਕਰਨ ਲਈ ਮਿਸ਼ਨਰੀ ਸਾਥੀ ਧਰਮਪਾਲ ਕਲੇਰ ਜਰਮਨੀ, ਅਜੇ ਗਾਟ ਯੂਐਸਏ, ਮਾ ਮੱਖਣ ਬਖਲੌਰ ਦਾ ਬਹੁਤ ਵੱਡਾ ਸਹਿਯੋਗ ਰਿਹਾ ਹੈ।




# ਪ੍ਰਸਿੱਧ ਗਾਇਕਾ ਅਨਮੋਲ ਵਿਰਕ ਦਾ ਸਿੰਗਲ ਟਰੈਕ "ਸਤਿਗੁਰ ਦਾ ਨਾਮ ਧਿਆਵਾਂ" ਕੀਤਾ ਸੰਗਤ ਦੇ ਸਨਮੁੱਖ

ਪੰਜਾਬੀ ਗਾਇਕੀ ਵਿੱਚ ਵੱਖਰੀ ਪਹਿਚਾਣ ਬਣਾਉਣ ਵਾਲੀ ਪ੍ਰਸਿੱਧ ਗਾਇਕਾ ਅਨਮੋਲ ਵਿਰਕ ਵਲੋਂ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦੇ ਹੋਏ ਧਾਰਮਿਕ ਟਰੈਕ "ਸਤਿਗੁਰ ਦਾ ਨਾਮ ਧਿਆਵਾਂ" ਜਿਸਨੂੰ ਮਿਸ਼ਨਰੀ ਸ਼ਖਸੀਅਤਾਂ ਵਲੋਂ ਸੰਗਤ ਦੇ ਸਨਮੁੱਖ ਕੀਤਾ ਗਿਆ ਗੱਲਬਾਤ ਕਰਦਿਆਂ ਪ੍ਰਸਿੱਧ ਗਾਇਕਾ ਅਨਮੋਲ ਵਿਰਕ ਨੇ ਦੱਸਿਆ ਕਿ ਇਸ ਧਾਰਮਿਕ ਗੀਤ ਨੂੰ ਪ੍ਰਸਿੱਧ ਗੀਤਕਾਰ ਬੱਗਾ ਸੇਲਕੀਆਣਾ ਨੇ ਕਲਮਬੱਧ ਕੀਤਾ ਸੀ ਤੇ ਇਸ ਦਾ ਸੰਗੀਤ ਯਾਰ ਓਂਕਾਰ ਨੇ ਤਿਆਰ ਕੀਤਾ ਸੀ ਇਸ ਦਾ ਫਿਲਮਾਂਕਣ ਸਨੀ ਸਹਿਜਲ ਵਲੋਂ ਵੱਖ ਵੱਖ ਧਾਰਮਿਕ ਲੋਕੇਸ਼ਨਾ ਤੇ ਕੀਤਾ ਸੀ ਤੇ ਇਸ ਧਾਰਮਿਕ ਟਰੈਕ ਨੂੰ ਸੰਗੀਤ ਜਗਤ ਦੀ ਨਾਮਵਰ ਮਿਊਜ਼ਿਕ ਕੰਪਨੀ ਏਕਸ ਰਿਕਾਰਡਸ ਦੇ ਲੇਬਲ ਤਹਿਤ ਤੇ ਪ੍ਰੋਡਿਊਸਰ ਦੀਪ ਮਹਿੰਦੀਪੁਰ ਤੇ ਪੇਸ਼ਕਸ਼ ਪ੍ਰਸਿੱਧ ਗੀਤਕਾਰ ਕੰਮਾ ਅਲਾਚੌਰੀਆ ਦੀ ਦੇਖਰੇਖ ਵਿੱਚ ਸ਼ੋਸ਼ਲ ਮੀਡੀਆ ਦੀਆਂ।ਵੱਖ ਵੱਖ ਸਾਈਟਾਂ ਤੇ ਅਪਲੋਡ ਕਰ ਦਿਤਾ ਗਿਆ ਤੇ ਸਤਿਗੁਰ ਰਵਿਦਾਸ ਮਹਾਰਾਜ ਜੀ ਦੀਆਂ ਨਾਮ ਲੇਵਾ ਸੰਗਤਾਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਤੁਸੀ ਮੇਰੇ ਆਏ ਧਾਰਮਿਕ ਅਤੇ ਸੱਭਿਆਚਾਰਕ ਗੀਤਾਂ ਵਾਂਗ ਨੂੰ ਪਸੰਦ ਕੀਤਾ ਤੇ ਇਸ ਧਾਰਮਿਕ ਟਰੈਕ ਨੂੰ ਮਾਣ ਸਤਿਕਾਰ ਦੇ ਰਹੇ ਹੋ। ਸ਼ੁਕਰੀਆ ਅਦਾ ਕਰਦੀ ਹਾਂ ਮੈਂ ਰੱਬ ਵਰਗੇ ਸਰੋਤਿਆਂ ਦਾ ਜੋ ਮੇਰੀ ਗਾਇਕੀ ਨੂੰ ਪਸੰਦ ਕਰਦੇ ਹਨ ਤੇ ਧੰਨਵਾਦ ਏ ਸਤਨਾਮ ਸਿੰਘ ਅਣਖੀ, ਇੰਦੂ ਅਮਰੀਕ ਕਨੈਡਾ, ਪ੍ਰੀਤ ਬੰਗੜ ਸੇਲਕੀਆਣਾ ਯੂਕੇ, ਮਨਜੀਤ ਅਨਮੋਲ ਯੂਕੇ ਤੇ ਪ੍ਰਸਿੱਧ ਗੀਤਕਾਰ ਕੰਮਾ ਅਲਾਚੌਰੀਆ ਤੇ ਪੱਤਰਕਾਰ ਬੱਗਾ ਸੇਲਕੀਆਣਾ ਜੋ ਬਹੁਤ ਸਹਿਯੋਗ ਦਿੰਦੇ ਹਨ। **– ਬੱਗਾ ਸੇਲਕੀਆਣਾ**




# ਧੂਮਧਾਮ ਨਾਲ ਮਨਾਇਆ ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਲੋਹੜੀ ਦਾ ਤਿਉਹਾਰ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)–** ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਸਮੂਹ ਸਟਾਫ਼ ਦੇ ਸਹਿਯੋਗ ਨਾਲ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਦੀ ਰਹਿਨੁਮਾਈ ਹੇਠ ਲੋਹੜੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਦੇ ਆਗਾਜ਼ ਮੌਕੇ ਪ੍ਰਿੰਸੀਪਲ ਸਾਹਿਬ, ਸਟਾਫ਼ ਤੇ ਵਿਦਿਆਰਥੀਆਂ ਨੇ ਤਿਲਚੌਲੀ ਪਾ ਕੇ ਲੋਹੜੀ ਦੀ ਅਗਨੀ ਨੂੰ ਪ੍ਰਚੰਡ ਕੀਤਾ ਤੇ ਈਸ਼ਰ ਆਏ ਦਲਿੱਦਰ ਜਾਏ ਦੀ ਕਾਮਨਾ ਕੀਤੀ। ਇਸ ਮੌਕੇ ਪ੍ਰਿੰ. ਡਾ. ਤਰਸੇਮ ਸਿੰਘ ਭਿੰਡਰ ਨੇ ਲੋਹੜੀ ਦੀਆਂ ਮੁਬਾਰਕਾਂ ਦਿੰਦਿਆਂ ਕਿਹਾ ਕਿ ਧੀਆਂ-ਪੁੱਤਾਂ ਦੇ ਵਖਰੇਵੇਂ ਨੂੰ ਤਿਆਗਦਿਆਂ ਦੋਵਾਂ ਦੇ ਜਨਮ ਦੀ ਖੁਸ਼ੀ ਮਨਾਉਣ ਦੀ ਅਜੋਕੇ ਸਮਾਜ ਵਿੱਚ ਕ੍ਰਾਂਤੀ ਆਈ ਹੈ ਜਿਸ ਵਿੱਚ ਪੜ੍ਹੇ-ਲਿਖੇ ਵਰਗ ਦਾ ਵੱਡਾ ਯੋਗਦਾਨ ਹੈ ਤੇ ਇਸ ਨੇ ਪੰਜਾਬੀਆਂ ਦਾ ਸਿਰ ਮਾਣ ਨਾਲ ਹੋਰ ਉੱਚਾ ਕੀਤਾ ਹੈ। ਉਨ੍ਹਾਂ ਇਸ ਮੌਕੇ ਲੋਹੜੀ ਦੇ ਪਿਛੋਕੜ ਬਾਰੇ ਵੀ ਚਰਚਾ ਕੀਤੀ ਤੇ ਦੱਸਿਆ ਕਿ ਲੋਹੜੀ ਦਾ ਤਿਉਹਾਰ ਹਾੜੀ ਦੀ ਫ਼ਸਲ ਦੀ ਪ੍ਰਫੁੱਲਤਾ ਦੀ ਕਾਮਨਾ, ਇੱਜ਼ਤਾਂ ਦੇ ਰਾਖੇ ਲੋਕ ਨਾਇਕ ਦੁੱਲਾ ਭੱਟੀ ਵੱਲੋਂ ਗ਼ਰੀਬ ਤੇ ਲੋੜਵੰਦ ਧੀਆਂ ਦੇ ਕਾਰਜ ਰਚਾਉਣ ਆਦਿ ਨਾਲ ਵੀ ਸੰਬੰਧਿਤ ਹੈ। ਪ੍ਰੋਗਰਾਮ ਨੂੰ ਸੰਗੀਤਕ ਰੰਗਤ ਦਿੰਦਿਆਂ ਵਿਦਿਆਰਥੀਆਂ ਸ਼ਾਹਿਦ ਅਲੀ, ਇੰਦਰਪ੍ਰੀਤ ਕੌਰ, ਯੁਵਰਾਜ ਸਿੱਧੂ, ਆਦੀ, ਸਿਮਰਨ ਨੇ ਸਾਥੀਆਂ ਸਮੇਤ ਤੇ ਪ੍ਰੋ। ਗੁਰਪ੍ਰੀਤ ਸਿੰਘ ਦੇ ਸਹਿਯੋਗ ਨਾਲ ਇੱਕ ਸੰਗੀਤਕ ਮਹਿਫ਼ਲ ਵੀ ਸਜਾਈ ਜਿਸ ਵਿੱਚ ਵਿਦਿਆਰਥੀਆਂ ਨੇ ਲੋਹੜੀ ਦੇ ਰਵਾਇਤੀ ਗੀਤ ਗਾ ਕੇ ਸ੍ਰੋਤਿਆਂ ਦਾ ਖ਼ੂਬ ਮਨੋਰੰਜਨ ਕੀਤਾ। ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਡਾ. ਨਿਰਮਲਜੀਤ ਕੌਰ ਨੇ ਕੀਤਾ ਤੇ ਆਖਿਆ ਕਿ ਸਾਨੂੰ ਆਪਣੇ ਜੀਵਨ ਵਿੱਚ ਤਿਉਹਾਰਾਂ ਦੀ ਅਹਿਮੀਅਤ ਨੂੰ ਪਛਾਣਦਿਆਂ ਹਰ ਤਿਉਹਾਰ ਮਨਾਉਣਾ ਹੈ ਕਿਉਂਕਿ ਹਰ ਤਿਉਹਾਰ ਨਾਲ ਕੋਈ ਨਾ ਕੋਈ ਸੰਦੇਸ਼ ਜ਼ਰੂਰ ਜੁੜਿਆ ਹੁੰਦਾ ਹੈ ਜਿਸ ਨੂੰ ਮਾਨਵੀ ਜੀਵਨ ਵਿੱਚ ਲਾਗੂ ਕਰਨਾ ਹੁੰਦਾ ਹੈ। ਲੋਹੜੀ ਮਨਾਉਂਦਿਆਂ ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੂੰ ਲੱਡੂ, ਮੂੰਗਫਲੀ ਤੇ ਰਿਉੜੀਆਂ ਆਦਿ ਵੰਡੀਆਂ ਗਈਆਂ ਤੇ ਸਮੂਹ ਸਟਾਫ਼ ਨੇ ਲੋਹੜੀ ਦੀ ਅੱਗ ਦੁਆਲ਼ੇ ਬੈਠ ਕੇ ਇਸ ਤਿਉਹਾਰ ਦਾ ਅਨੰਦ ਮਾਣਿਆ। ਇਸ ਮੌਕੇ ਪ੍ਰੋ. ਆਬਿਦ ਵੱਕਾਰ, ਡਾ. ਹਰਜੋਤ ਸਿੰਘ, ਡਾ. ਕਮਲਦੀਪ ਕੌਰ, ਡਾ. ਸੁਨਿਧੀ ਮਿਗਲਾਨੀ, ਪ੍ਰੋ. ਅੰਮ੍ਰਿਤ ਕੌਰ ਤੇ ਪਰਮਜੀਤ ਸਿੰਘ (ਸੁਪ੍ਰਿੰਟੈਂਡੈਂਟ) ਸਮੇਤ ਸਮੂਹ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।



# ਨਿਊਜ਼ੀਲੈਂਡ ਪਾਸਪੋਰਟ ਉਪਰ ਉਠ 5ਵੇਂ ਅਤੇ ਇੰਡੀਆ ਖਿਸਕ ਕੇ ਗਿਆ 85ਵੇਂ ਨੰਬਰ ’ਤੇ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**– ‘ਹੈਨਲੀ ਪਾਸਪੋਰਟ ਇੰਡੈਕਸ’ ਦੁਨੀਆ ਦੇ ਸਾਰੇ ਪਾਸਪੋਰਟਾਂ ਦੀ ਅਸਲ, ਅਧਿਕਾਰਤ ਦਰਜਾਬੰਦੀ ਹੈ ਜੋ ਉਨ੍ਹਾਂ ਥਾਵਾਂ ਦੀ ਗਿਣਤੀ ਦੇ ਅਨੁਸਾਰ ਹੈ ਜਿੱਥੇ ਉਨ੍ਹਾਂ ਦੇ ਧਾਰਕ ਪਹਿਲਾਂ ਵੀਜ਼ਾ ਰਹਿਤ ਪਹੁੰਚ ਸਕਦੇ ਹਨ। ਇਹ ਸੂਚਕਾਂਕ ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸੀਏਸ਼ਨ (91“1) - ਸਭ ਤੋਂ ਵੱਡੀ, ਸਭ ਤੋਂ ਸਹੀ ਯਾਤਰਾ ਜਾਣਕਾਰੀ ਡੇਟਾਬੇਸ ਦੇ ਵਿਸ਼ੇਸ਼ ਡੇਟਾ ’ਤੇ ਅਧਾਰਤ ਹੁੰਦਾ ਹੈ। ਹੈਨਲੀ ਐਂਡ ਪਾਰਟਨਰਜ਼ ਦੀ ਖੋਜ ਟੀਮ ਦੁਆਰਾ ਨਵੀਨਤਮ ਦਰਜਾਬੰਦੀ ਸੰਬੰਧੀ ਮਾਹਿਰਾਂ ਦੀ ਸੂਝ-ਬੂਝ ਦੇ ਨਾਲ ਇਹ ਡਾਟਾ ਤਿਆਰ ਕੀਤਾ ਜਾਂਦਾ ਹੈ। ਤਾਜ਼ਾ ਖੋਜ ਦਰਸਾਉਂਦੀ ਹੈ ਕਿ ਕਿਹੜੇ ਦੇਸ਼ ਦਾ ਪਾਸਪੋਰਟ ਕਿੰਨਾ ਤਕੜਾ ਅਤੇ ਕਿੰਨਾ ਕਮਜ਼ੋਰ ਹੈ।

ਨਵੀਂ 2025 ਦੀ ਜਾਰੀ ਸੂਚੀ ਅਨੁਸਾਰ ਇਸ ਵੇਲੇ ਪਹਿਲੇ ਨੰਬਰ ਉਤੇ ਸਿੰਗਾਪੋਰ ਆਇਆ ਹੈ ਜਿਸ ਦੇ ਪਾਸਪੋਰਟ ਧਾਰਕ 195 ਦੇਸ਼ਾਂ ਦੇ ਵਿਚ ਵੀਜ਼ਾ ਰਹਿਤ ਜਾ ਸਕਦੇ ਹਨ। ਦੂਜੇ ਨੰਬਰ ਉਤੇ ਜਾਪਾਨ ਪਾਸਪੋਰਟ ਧਾਰਕ 193 ਦੇਸ਼ਾਂ ਵਿਚ ਵੀਜ਼ਾ ਰਹਿਤ, ਤੀਜੇ ਨੰਬਰ ਉਤੇ ਫਿਨਲੈਂਡ, ਫ੍ਰਾਂਸ, ਜ਼ਰਮਨੀ, ਇਟਲੀ, ਸਾਊਥ ਕੋਰੀਆ ਅਤੇ ਸਪੇਨ ਹਨ ਜਿਸ ਦੇ ਪਾਸਪੋਰਟ ਧਾਰਕ 192 ਦੇਸ਼ਾਂ ਵਿਚ, ਚੌਥੇ ਨੰਬਰ ਉਤੇ ਅਸਟਰੀਆ, ਡੈਨਮਾਰਕ, ਆਇਰ-ਲੈਂਡ, ਲਕਸਮਬਰਗ, ਨੀਦਰਲੈਂਡ, ਨਾਰਵੇ ਅਤੇ ਸਵੀਡਨ ਦੇ ਪਾਸਪੋਰਟ ਧਾਰਕ 191 ਦੇਸ਼ਾਂ ਵਿਚ ਪੰਜਵੇਂ ਨੰਬਰ ਉਤੇ ਬੈਲਜ਼ੀਅਮ, ਨਿਊਜ਼ੀਲੈਂਡ, ਪੁਰਤਗਾਲ, ਸਵਿੱਟਰਜ਼ਲੈਂਡ ਅਤੇ ਯੂਨਾਈਟਿਡ ਕਿੰਗਡਮ ਦੇ ਪਾਸਪੋਰਟ ਧਾਰਕ 190 ਦੇਸ਼ਾਂ ਵਿਚ ਜਾ ਸਕਦੇ ਹਨ।




ਇਸ ਦੇ ਇਲਾਵਾ ਜੇਕਰ ਭਾਰਤ ਦੇਸ਼ ਵੱਲ ਨਿਗ੍ਹਾ ਮਾਰੀਏ ਤਾਂ ਭਾਰਤ ਇਸ ਵੇਲੇ 85ਵੇਂ ਨੰਬਰ ਉਤੇ ਹੈ। ਇਸਦੇ ਨਾਲ ਹੀ 5ਵੇਂ ਨੰਬਰ ਉਤੇ ਭਮੱਧ ਸਾਗਰ ਗਿਨੀ ਅਤੇ ਨਾਈਜਰ ਆਏ ਹਨ। ਪੰਜਵੇਂ ਸਥਾਨ ਵਾਲੇ ਪਾਸਪੋਰਟ ਧਾਰਕ 57 ਦੇਸ਼ਾਂ ਵਿਚ ਵੀਜਾ ਰਹਿਤ ਜਾ ਸਕਦੇ ਹਨ। ਪਾਕਿਸਤਾਨ 103ਵੇਂ ਨੰਬਰ ਉਤੇ ਹੈ ਅਤੇ ਇਥੇ ਦੇ ਪਾਸਪੋਰਟ ਧਾਰਕ 33 ਮੁਲਕਾਂ ਵਿਚ ਵੀਜ਼ਾ ਰਹਿਤ ਜਾ ਸਕਦੇ ਹਨ। ਇਸ ਤੋਂ ਪਹਿਲਾਂ ਪਾਕਿਸਤਾਨ 101ਵੇਂ ਨੰਬਰ ਉਤੇ ਸੀ। ਵਰਨਣਯੋਗ ਹੈ ਕਿ ਸਾਲ 2024 ਦੇ ਵਿਚ ਨਿਊਜ਼ੀਲੈਂਡ 6ਵੇਂ ਨੰਬਰ ਉਤੇ ਸੀ ਅਤੇ ਇਸ ਸਾਲ ਇਕ ਨੰਬਰ ਉਪਰ ਚਲਾ ਗਿਆ ਹੈ ਅਤੇ ਭਾਰਤ ਪਿਛਲੇ ਸਾਲ 80ਵੇਂ ਨੰਬਰ ਉਤੇ ਸੀ ਅਤੇ 5 ਨੰਬਰ ਹੇਠਾਂ ਖਿਸਕ ਗਿਆ ਹੈ।

ਨਿਊਜ਼ੀਲੈਂਡ ਦਾ ਇਸ ਵਾਰ ਦਾ ਰੈਂਕ 2017 ਤੋਂ ਬਾਅਦ ਨਿਊਜ਼ੀਲੈਂਡ ਲਈ ਸਭ ਤੋਂ ਉੱਚਾ ਰਿਹਾ ਹੈ। ਇਹ ਦਰ-ਜਾਬੰਦੀ 2015 ਵਿੱਚ 4ਵੇਂ ਨੰਬਰ ’ਤੇ ਸੀ ਪਰ 2018 ਅਤੇ 2019 ਵਿੱਚ 8ਵੇਂ ਸਥਾਨ ਤੱਕ ਹੇਠਾਂ ਆ ਗਈ। ਸੂਚਕਾਂਕ ਦੇ ਅਨੁਸਾਰ, ਨਿਊਜ਼ੀਲੈਂਡ ਪਾਸਪੋਰਟ ਦੇ ਧਾਰਕ ਦੁਨੀਆ ਭਰ ਦੇ 227 ਸਥਾਨਾਂ ਵਿੱਚੋਂ 190 ਤੱਕ ਵੀਜ਼ਾ-ਮੁਕਤ ਪਹੁੰਚ ਪ੍ਰਾਪਤ ਕਰ ਸਕਦੇ ਹਨ। ਸਿੰਗਾਪੁਰ ਲਗਾਤਾਰ ਦੂਜੇ ਸਾਲ ਇਸ ਸੂਚੀ ਵਿਚ ਸਿਖਰ ’ਤੇ ਹੈ। ਇਹ ਪਿਛਲੇ ਅੱਠ ਸਾਲਾਂ ਤੋਂ ਸੂਚੀ ਵਿੱਚ ਪਹਿਲੇ ਜਾਂ ਦੂਜੇ ਸਥਾਨ ’ਤੇ ਹੈ। ਸੂਚੀ ਦੇ ਅੰਤਲੇ ਸਿਰੇ ’ਤੇ ਯਮਨ, ਈਰਾਨ ਅਤੇ ਸੀਰੀਆ ਸਮੇਤ ਦੇਸ਼ ਹਨ, ਅਫਗਾਨਿਸਤਾਨ 106ਵੇਂ ਸਥਾਨ ’ਤੇ ਹੈ, ਸਿਰਫ 26 ਦੇਸ਼ਾਂ ਨੂੰ ਵੀਜ਼ਾ-ਮੁਕਤ ਪਹੁੰਚ ਦੀ ਇਜਾਜ਼ਤ ਹੈ।

# ਰੱਤੂ ਰੰਧਾਵਾ ਇਸ ਵਾਰ ਵੱਖ ਵੱਖ ਗਾਇਕਾਂ ਦੇ ਕ੍ਰਾਂਤੀਕਾਰੀ ਗੀਤਾਂ ਨਾਲ ਭਰ ਰਿਹਾ ਹੈ ਹਾਜ਼ਰੀ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)**– ਮਿਸ਼ਨ ਦੇ ਅਲੰਬਰਦਾਰ ਪ੍ਰਸਿੱਧ ਮਿਸ਼ਨਰੀ ਗੀਤਕਾਰ ਰੱਤੂ ਰੰਧਾਵਾ ਆਪਣੇ ਨਵੇਂ ਲਿਖੇ ਧਾਰਮਿਕ ਤੇ ਕ੍ਰਾਂਤੀਕਾਰੀ ਗੀਤਾਂ ਨਾਲ ਇਸ ਵਾਰ ਫਿਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਤੇ ਸੰਗਤਾਂ ਦੀ ਕਚਹਿਰੀ ਵਿੱਚ ਵੱਖ-ਵੱਖ ਗਾਇਕਾਂ ਦੀ ਆਵਾਜ਼ ਵਿੱਚ ਸਜਾਏ ਗੀਤਾਂ ਨਾਲ ਆਪਣੀ ਹਾਜ਼ਰੀ ਭਰ ਰਿਹਾ ਹੈ । ਬੇਸ਼ੱਕ ਉਹ ਇਸ ਸਮੇਂ ਆਸਟਰੇਲੀਆ ਵਿਖੇ ਹਨ, ਪਰ ਉਹਨਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਜਲਦ ਹੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਸਬੰਧੀ ਪੰਜਾਬ ਦੀ ਧਰਤੀ ਤੇ ਆ ਕੇ ਸੰਗਤਾਂ ਦੇ ਦਰਸ਼ਨ ਕਰਨਗੇ। ਉਹਨਾਂ ਦੱਸਿਆ ਕਿ ਉਹਨਾਂ ਵਲੋਂ ਇਸ ਵਾਰ ਚਾਰ ਟਰੈਕਸ ਨੂੰ ਤਾਜ ਇੰਟਰਟੇਨਮੈਂਟ ਕੰਪਨੀ ਵਲੋਂ ਰਿਲੀਜ਼ ਕੀਤਾ ਜਾਵੇਗਾ । ਜਿਨ੍ਹਾਂ ਵਿੱਚ ਪ੍ਰੇਮ ਲਤਾ ਰੂਪ ਲਾਲ ਧੀਰ, ਜਗੀਰ ਅਤੇ ਹਰਮੇਸ਼ ਗਹੌਰ ਦੇ ਟਰੈਕ ਸ਼ਾਮਿਲ ਹਨ । ਇਸ ਤੋਂ ਇਲਾਵਾ ਯੂਐਸਏ ਤੋਂ ਕੌਲ ਭਰਾਵਾਂ ਵਲੋਂ ਵੀ ਉਸ ਤੇ ਲਿਖੇ ਗੀਤਾਂ ਨੂੰ ਲਾਂਚ ਕੀਤਾ ਜਾ ਰਿਹਾ ਹੈ ,ਜਿਸ ਨੂੰ ਕੇ ਐਸ ਮੱਖਣ, ਬਖਸ਼ੀ ਬਿੱਲਾ ਨਹੀਂ ਗਾਇਆ ਹੈ। ਦੋ ਟਰੈਕ ਰਾਮ ਭੋਗਪੁਰੀਆ ਵਲੋਂ ਜਿਨ੍ਹਾਂ ਦੇ ਗਾਇਕ ਬੂਟਾ ਮੁਹੰਮਦ ਅਤੇ ਰਜਨੀ ਜੈਨ ਆਰੀਆ ਹਨ, ਲਾਂਚ ਕੀਤੇ ਜਾ ਰਹੇ ਹਨ । ਦੋ ਟਰੈਕ ਕੇ ਕੇ ਮਿਊਜ਼ਿਕ ਕੰਪਨੀ ਵਲੋਂ ਜਿਨ੍ਹਾਂ ਦੇ ਗਾਇਕ ਕੰਠ ਕਲੇਰ ਹਨ "ਚੰਨ ਚੜ੍ਹਿਆ ਪੁੰਨਿਆਂ ਦਾ" ਉਹਨਾਂ ਦੀ ਕਲਮ ਤੋਂ ਲਿਖਿਆ ਟਾਈਟਲ ਸੌਂਗ ਰਿਲੀਜ਼ ਕੀਤਾ ਜਾਵੇਗਾ। ਜਿਸ ਨੂੰ ਸੰਗਤਾਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਕ ਟਰੈਕ ਸੋਨੀਆ ਕਲੇਰ ਇਟਲੀ ਅਤੇ ਇੱਕ ਟਰੈਕ ਕਮਲ ਕਲੇਰ ਇਟਲੀ ਵਲੋਂ ਤਿਆਰ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਰੱਤੂ ਰੰਧਾਵਾ ਦੇ ਲਿਖੇ ਹੋਏ ਮਿਸ਼ਨਰੀ ਗੀਤਾਂ "ਮੋਢੀ ਇਨਕਲਾਬ ਦਾ ਕਾਂਸ਼ੀ ਵਿੱਚ ਆਇਆ" ਤੋਂ ਲੈ ਕੇ "ਲੈ ਕੇ ਬਾਬਾ ਸਾਹਿਬ ਨੇ ਦਿੱਤੇ ਸਾਨੂੰ ਹੱਕ ਬਰਾਬਰ ਦੇ" ਗੀਤਾਂ ਨੇ ਧਾਰਮਿਕ ਖੇਤਰ ਵਿੱਚ ਗੂੰਜਾਂ ਪਾਈ ਰੱਖੀਆਂ। ਇਸ ਤੋਂ ਇਲਾਵਾ ਉਸਦੇ ਲਿਖੇ ਅਨੇਕਾਂ ਪੰਜਾਬੀ ਗੀਤ ਬਖਸ਼ੀ ਬਿੱਲਾ ਵਲੋਂ ਗਾਇਆ "ਸੋਨੇ ਰੰਗੀਏ" ਅਤੇ ਮਨੀ ਸੰਧੂ ਦੀ ਪ੍ਰੋਡਕਸ਼ਨ ਵਿੱਚ ਗਾਇਕਾ ਪ੍ਰੇਮ ਲਤਾ ਦਾ ਗਾਇਆ "ਸੱਜਣਾ ਤੇਰੇ ਲਈ ਸਦਾ ਖੁੱਲ੍ਹੇ ਦਰਵਾਜੇ" ਵੀ ਸੁਪਰ ਡੁਪਰ ਹਿੱਟ ਰਹੇ। ਰੱਤੂ ਰੰਧਾਵਾ ਇਕ ਨਾਮਵਰ ਗੀਤਕਾਰ ਹੈ, ਜਿਸ ਦੀ ਕਲਮ ਤੇ ਹਮੇਸ਼ਾ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਨੂੰ ਮਾਣ ਰਹੇਗਾ ਤੇ ਮਿਸ਼ਨ ਦੇ ਖੇਤਰ ਵਿੱਚ ਉਸ ਦਾ ਯੋਗਦਾਨ ਹਮੇਸ਼ਾ ਆਪਣੀਆਂ ਲਿਖਤਾਂ ਜ਼ਰੀਏ ਅਮਿੱਟ ਪੈੜਾਂ ਪਾਉਂਦਾ ਰਹਿੰਦਾ ਹੈ ,ਜੋ ਆਪਣੇ ਆਪ ਵਿੱਚ ਇਕ ਵੱਡੀ ਮਿਸਾਲ ਹੈ । ਉਸ ਦੇ ਲਿਖੇ ਮਿਸ਼ਨਰੀ ਗੀਤਾਂ ਨੂੰ ਪੰਜਾਬ ਦੇ ਲਗਭਗ ਹਰ ਆਰਟਿਸਟ ਨੇ ਆਪਣੀ ਆਵਾਜ਼ ਦੇ ਕੇ ਸ਼ਿੰਗਾਰਿਆ ਹੈ।



# ਡਿਪਟੀ ਸਪੀਕਰ ਨੇ ਮਾਹਿਲਪੁਰ ’ਚ 2 ਕਰੋੜ 15 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ



**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)**–ਡਿਪਟੀ ਸਪੀਕਰ ਪੰਜਾਬ ਨੇ ਅੱਜ ਸਬ-ਡਵੀਜਨ ਗੜ੍ਹਸ਼ੰਕਰ ਦੇ ਮਾਹਿਲਪੁਰ ਵਿਚ 2 ਕਰੋੜ 15 ਲੱਖ ਰੁਪਏ ਦੀ ਲਾਗਤ ਨਾਲ ਬਣਣ ਵਾਲੀਆਂ ਸੜਕਾਂ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ।

ਡਿਪਟੀ ਸਪੀਕਰ ਨੇ ਇਸ ਮੌਕੇ ’ਤੇ ਸਥਾਨਕ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰਾਜ ਸਰਕਾਰ ਸੂਬੇ ਦੇ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਨਗਰ ਪੰਚਾਇਤ ਚੋਣਾਂ ਦੌਰਾਨ ਉਨ੍ਹਾਂ ਨੇ ਜੋ ਸੜਕਾਂ ਬਣਾਉਣ ਦਾ ਵਾਅਦਾ ਕੀਤਾ ਸੀ ਉਸ ਨੂੰ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸੜਕਾਂ ਦੇ ਨਿਰਮਾਣ ਨਾਲ ਨਾ ਕੇਵਲ ਪਿੰਡਾਂ ਨੂੰ ਬਿਹਤਰ ਸੜਕ ਸੰਪਰਕ ਮਿਲੇਗਾ ਬਲਕਿ ਖੇਤੀਬਾੜੀ ਅਤੇ ਵਪਾਰਕ ਗਤੀਵਿਧੀਆਂ ਵਿਚ ਵੀ ਤੇਜ਼ੀ ਆਵੇਗੀ। ਇਹ ਵਿਕਾਸ ਕਾਰਜ ਇਲਾਕੇ ਦੇ ਕਿਸਾਨਾਂ, ਵਪਾਰੀਆਂ ਅਤੇ ਆਮ ਜਨਤਾ ਲਈ ਵਰਦਾਨ ਸਾਬਤ ਹੋਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਗੜ੍ਹਸ਼ੰਕਰ ਸਬ ਡਿਵੀਜ਼ਨ ਵਿਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਉਣ ਲਈ ਵਿਆਪਕ ਯੋਜਨਾਵਾਂ ਬਣਾਈਆਂ ਹਨ।

ਇਨ੍ਹਾਂ ਯੋਜਨਾਵਾਂ ਤਹਿਤ ਸੜਕਾਂ, ਪਾਣੀ ਦੀ ਸਪਲਾਈ, ਸਿਹਤ ਸਹੂਲਤਾਂ ਅਤੇ ਸਿੱਖਿਆ ਸਹੂਲਤਾਂ ’ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਰੌੜੀ ਨੇ ਕਿਹਾ ਕਿ ਇਹ ਪ੍ਰੋਜੈਕਟ ਰਾਜ ਸਰਕਾਰ ਦੀ ਸਰਵਪੱਖੀ ਵਿਕਾਸ ਦੀ ਨੀਤੀ ਦਾ ਹਿੱਸਾ ਹੈ। ਡਿਪਟੀ ਸਪੀਕਰ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕੰਮ ਨੂੰ ਸਮੇਂ ਸਿਰ ਅਤੇ ਪਾਰਦਰਸ਼ੀ ਢੰਗ ਨਾਲ ਪੂਰਾ ਕੀਤਾ ਜਾਵੇ। ਉਨ੍ਹਾਂ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੀਆਂ ਵਿਕਾਸ ਯੋਜਨਾਵਾਂ ਵਿਚ ਸਹਿਯੋਗ ਕਰਨ। ਸਥਾਨਕ ਨਿਵਾਸੀਆਂ ਨੇ ਇਸ ਪਹਿਲ ਦਾ ਸਵਾਗਤ ਕਰਦਿਆਂ ਡਿਪਟੀ ਸਪੀਕਰ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਇਲਾਕੇ ਦੇ ਪਤਵੰਤੇ ਲੋਕ ਵੀ ਮੌਜੂਦ ਸਨ।

# ਸਿਵਲ ਤੇ ਪੁਲਿਸ ਪ੍ਰਸ਼ਾਸਨ ਵਲੋਂ ਨਸ਼ਾ ਜਾਗਰੂਕਤਾ ਸੈਮੀਨਾਰ ਕਰਵਾਇਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਸਿਵਲ ਅਤੇ ਪੁਲਿਸ ਪ੍ਰਸ਼ਾਸਨ ਹੁਸ਼ਿਆਰਪੁਰ ਵਲੋਂ ਸੰਪਰਕ ਮੁਹਿੰਮ ਅਤੇ 'ਮਿਸ਼ਨ ਹੁਸ਼ਿਆਰ' ਤਹਿਤ ਸਕੂਲ ਸਿੱਖਿਆ ਅਤੇ ਸਿਹਤ ਵਿਭਾਗ ਦੇ ਸਹਿਯੋਗ ਨਾਲ ਜੇਮਸ ਕੈਂਬਰਿਜ਼ ਇੰਟਰਨੈਸ਼ਨਲ ਸਕੂਲ ਵਿਚ ਨਸ਼ਾ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿਚ ਜ਼ਿਲ੍ਹੇ ਦੇ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਕਰੀਬ 500 ਹੈਡਮਾਸਟਰ ਅਤੇ ਪ੍ਰਿੰਸੀਪਲਾਂ ਦੇ ਭਾਗ ਲਿਆ। ਸੈਮੀਨਾਰ ਦੌਰਾਨ ਡਿਪਟੀ ਕਮਿਸ਼ਨਰ ਅਤੇ ਐਸ।ਐਸ।ਪੀ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਦੇ ਖਾਤਮੇ ਦੀ ਮਹਿੰਮ ਵਿਚ ਸਰਗਰਮ ਭੂਮਿਕਾ ਨਿਭਾਉਣ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਸਹਿਯੋਗ ਕਰਨ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਕੂਲਾਂ ਦੀ ਭੂਮਿਕਾ ਨੌਜਵਾਨਾਂ ਨੂੰ ਨਸ਼ੇ ਦੀਆਂ ਬੁਰਾਈਆਂ ਤੋਂ ਬਚਾਉਣ ਵਿਚ ਬਹੁਤ ਮਹੱਤਵਪੂਰਨ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਚਰਿੱਤਰ ਦੇ ਨਿਰਮਾਣ ਦੀ ਸ਼ੁਰੂਆਤ ਸਕੂਲ ਤੋਂ ਹੀ ਹੁੰਦੀ ਹੈ। ਉਨ੍ਹਾਂ 'ਮਿਸ਼ਨ ਹੁਸ਼ਿਆਰ' ਦੇ ਤਹਿਤ ਜਾਗਰੂਕਤਾ ਫੈਲਾਉਣ ਅਤੇ ਨਸ਼ੇ ਦੇ ਖਿਲਾਫ ਠੋਸ ਕਦਮ ਚੁੱਕਣ ਦੇ ਪ੍ਰਸ਼ਾਸਨਿਕ ਯਤਨਾਂ ਦੀ ਜਾਣਕਾਰੀ ਸਾਂਝੀ ਕੀਤੀ। ਨਾਲ ਹੀ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਿਸ਼ੇ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ ਕੀਮਤਾਂ ਦਾ ਪਾਠ ਵੀ ਪੜ੍ਹਾਉਣ। ਕੋਮਲ ਮਿੱਤਲ ਨੇ ਸਿਹਤ ਵਿਭਾਗ ਵਲੋਂ ਜ਼ਿਲ੍ਹੇ ਵਿਚ 2 ਨਸ਼ਾ ਛੁਡਾਊ ਕੇਂਦਰ ਇਕ ਮੁੜਵਸੇਬਾ ਕੇਂਦਰ ਅਤੇ 15 ਓਟ ਕੇਂਦਰ ਚਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਇਨ੍ਹਾਂ ਕੇਂਦਰਾਂ ਰਾਹੀਂ ਨਸ਼ੇ ਦੀ ਗ੍ਰਿਫਤ ਵਿਚ ਆਏ ਵੱਧ ਤੋਂ ਵੱਧ ਨੌਜਵਾਨਾਂ ਦੇ ਮੁੜਵਸੇਬੇ ਲਈ ਕੰਮ ਕਰ ਰਿਹਾ ਹੈ। ਐਸ।ਐਸ।ਪੀ ਸੁਰੇਂਦਰ ਲਾਂਬਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀ.ਜੀ.ਪੀ. ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ’ਤੇ ਨਸ਼ੇ ਖਿਲਾਫ ਸਿੱਧਾ ਸੰਪਰਕ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਸਕੂਲ ਮੁਖੀਆਂ ਨੂੰ ਇਸ ਲੜਾਈ ਵਿਚ ਅਹਿੰਮ ਲੜੀ ਦੱਸਿਆ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਤਸਕਰਾਂ ਦੇ ਬਾਰੇ ਵਿਚ ਜਾਣਕਾਰੀ ਜ਼ਿਲ੍ਹਾ ਪੁਲਿਸ ਨੂੰ ਉਪਲਬੱਧ ਕਰਵਾਉਣ। ਇਸ ਦੇ ਲਈ ਹੈਲਪਲਾਈਨ ਨੰਬਰ 95016-60318, ਕੰਟਰੋਲ ਰੂਮ ਨੰਬਰ 01882-247506, 75290-30100 ਅਤੇ ਸੇਫ ਪੰਜਾਬ ਡਰੱਗ ਹੈਲਪਲਾਈਨ ਨੰਬਰ 97791-00200 ਜਾਰੀ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਜਾਣਕਾਰੀ ਨੂੰ ਪੂਰੀ ਤਰ੍ਹਾਂ ਗੁਪਤ ਰੱਖਦੇ ਹੋਏ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਐਸ।ਐਸ।ਪੀ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਮਾਹਿਰਾਂ ਦੀ ਮਦਦ ਨਾਲ ਜ਼ਿਲ੍ਹਾ ਪੱਧਰੀ ਮੁੜ ਵਸੇਬਾ ਕੇਂਦਰਾਂ ਵਿਚ ਤਿੰਨ-ਪੱਧਰੀ ਰਣਨੀਤੀ ਤਹਿਤ ਕੰਮ ਕਰ ਰਹੀ ਹੈ। ਇਸ ਦਾ ਉਦੇਸ਼ ਨਸ਼ੇ ਦੀ ਰੋਕਥਾਮ, ਲਾਗੂ ਕਰਨਾ ਅਤੇ ਮੁੜ ਵਸੇਬਾ ਯਕੀਨੀ ਬਣਾਉਣਾ ਹੈ। ਇਸ ਦੇ ਨਾਲ ਹੀ ਉਨ੍ਹਾਂ ਰੋਡ ਸੇਫਟੀ, ਸਾਈਬਰ ਸੁਰੱਖਿਆ, ਸੇਫ ਸਕੂਲ ਵਾਹਨ, ਗੁਡ ਟੱਚ-ਬੈਡ ਟਚ ਅਤੇ ਸਟੂਡੈਂਟ ਪੁਲਿਸ ਕੈਡੇਟ ਯੋਜਨਾ ਵਰਗੇ ਵਿਸ਼ਿਆਂ ’ਤੇ ਵੀ ਚਰਚਾ ਕੀਤੀ। ਇਸ ਦੌਰਾਨ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਦੀ ਮਨੋਵਿਗਿਆਨਕ ਸੰਦੀਪ ਕੁਮਾਰੀ ਨੇ ਵੀ ਸਕੂਲ ਮੁਖੀਆਂ ਨਾਲ ਚਰਚਾ ਕੀਤੀ। ਉਨ੍ਹਾਂ ਨਸ਼ੇ ਨਾਲ ਜੁੜੇ ਮਨੋਵਿਗਿਆਨਿਕ ਪਹਿਲੂਆਂ ’ਤੇ ਚਾਨ੍ਹਣਾ ਪਾਇਆ। ਇਸ ਮੌਕੇ ਐਸ।ਪੀ ਮਨੋਜ ਠਾਕੁਰ, ਸਿਵਲ ਸਰਜਨ ਡਾ। ਪਵਨ ਕੁਮਾਰ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਲਲਿਤਾ ਅਰੋੜਾ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਬੰਸ ਕੌਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਧੀਰਜ ਵਸ਼ਿਸ਼ਟ, ਮੈਡੀਕਲ ਅਫ਼ਸਰ ਡਾ। ਮਹਿਤਾ, ਜੇਮਸ ਕੈਂਬਰਿਜ਼ ਸਕੂਲ ਦੀ ਵਾਈਸ ਪ੍ਰਿੰਸੀਪਲ ਜਸਜੀਤ ਮੁੰਡੀ, ਵਿਜੇ ਭੱਟੀ ਅਤੇ ਹੋਰ ਪਤਵੰਤੇ ਵਿਅਕਤੀ ਵੀ ਮੌਜੂਦ ਸਨ।

# ਸਵੇਰੇ 7 ਤੋਂ ਰਾਤ 9 ਵਜੇ ਤੱਕ ਨਵਾਂਸ਼ਹਿਰ ਵਿਚੋਂ ਓਵਰਲੋਡਡ ਹੈਵੀ ਵਾਹਨਾਂ ਦੇ ਦਾਖ਼ਲੇ ’ਤੇ ਪਾਬੰਦੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਜ਼ਿਲ੍ਹਾ ਮੈਜਿਸਟ੍ਰੇਟ, ਸ਼ਹੀਦ ਭਗਤ ਸਿੰਘ ਨਗਰ ਰਾਜੇਸ਼ ਧੀਮਾਨ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸ਼ਹਿਰ ਨਵਾਂਸ਼ਹਿਰ ਵਿਚੋਂ ਸਵੇਰੇ 7 ਵਜੇ ਤੋਂ ਰਾਤ 9 ਵਜੇ ਤੱਕ ਓਵਰਲੋਡਡ ਹੈਵੀ ਵਾਹਨਾਂ (ਬੱਜਰੀ, ਸੀਮਿੰਟ, ਰੇਤ, ਮਿੱਟੀ, ਸਰੀਆ, ਓਵਰਲੋਡਡ ਤੂੜੀ/ਫੱਕ ਵਾਲੀਆਂ ਟਰਾਲੀਆਂ/ਟਰੱਕ, ਕਮਰਸ਼ੀਅਲ ਤੌਰ 'ਤੇ ਜਾਣ ਵਾਲਾ ਸਾਮਾਨ ਆਦਿ) ਨੂੰ ਲੰਘਣ/ਦਾਖ਼ਲ ਹੋਣ ‘ਤੇ ਪਾਬੰਦੀ ਲਗਾ ਦਿੱਤੀ ਹੈ।

ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਹੈ ਕਿ ਜ਼ਿਲ੍ਹੇ ਵਿਚੋਂ ਗੜ੍ਹਸ਼ੰਕਰ-ਨਵਾਂਸ਼ਹਿਰ ਰੋਡ ਤੋਂ ਰੋਜ਼ਾਨਾ ਦਿਨ ਅਤੇ ਰਾਤ ਸਮੇਂ ਓਵਰਲੋਡਡ ਵਾਹਨਾਂ ਦਾ ਆਉਣਾ-ਜਾਣਾ ਲੱਗਿਆ ਰਹਿੰਦਾ ਹੈ, ਜਿਸ ਕਾਰਨ ਸਵੇਰ ਸਮੇਂ ਸਕੂਲ ਜਾ ਰਹੇ ਬੱਚਿਆਂ ਅਤੇ ਦਫ਼ਤਰ ਜਾ ਰਹੇ ਮੁਲਾਜ਼ਮਾਂ/ਆਮ ਵਿਅਕਤੀਆਂ ਨੂੰ ਕਾਫ਼ੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਰੋਜ਼ਾਨਾ ਕੋਈ ਨਾ ਕੋਈ ਵੱਡਾ ਹਾਦਸਾ ਵਾਪਰ ਜਾਂਦਾ ਹੈ। ਜਿਸ ਨਾਲ ਜਾਨੀ ਅਤੇ ਮਾਲੀ ਨੁਕਸਾਨ ਹੋ ਸਕਦਾ ਹੈ ਅਤੇ ਟ੍ਰੈਫਿਕ ਸਮੱਸਿਆ ਬਣੀ ਰਹਿੰਦੀ ਹੈ। ਇਸ ਲਈ ਰੋਜ਼ਾਨਾ ਵਾਪਰਨ ਵਾਲੇ ਹਾਦਸਿਆਂ ਨੂੰ ਰੋਕਣ ਲਈ, ਪਬਲਿਕ ਦੇ ਜਾਨ ਤੇ ਮਾਲ ਨੂੰ ਨੁਕਸਾਨ ਤੋਂ ਬਚਾਉਣ ਅਤੇ ਸ਼ਹਿਰ ਵਿਚ ਟ੍ਰੈਫਿਕ ਨਿਰਵਿਘਨ ਅਤੇ ਸੁਚਾਰੂ ਢੰਗ ਨਾਲ ਚਲਾਉਣ ਲਈ ਉਕਤ ਹੁਕਮ ਲਾਗੂ ਕੀਤਾ ਗਿਆ ਹੈ। ਇਹ ਹੁਕਮ 8 ਜੁਲਾਈ, 2025 ਤੱਕ ਲਾਗੂ ਰਹੇਗਾ।



# ਪੰਜਾਬ ਦੇ ਬੁੱਧਿਸ਼ਟ 27 ਜਨਵਰੀ ਨੂੰ ਸ੍ਰੀ ਆਕਾਸ਼ ਲਾਮਾ ਦਾ ਅੰਬੇਡਕਰ ਭਵਨ ਜਲੰਧਰ ਪਹੁੰਚਣ 'ਤੇ ਨਿੱਘਾ ਸਵਾਗਤ ਕਰਨਗੇ

**ਜਲੰਧਰ (ਪਰਮਜੀਤ ਜੱਸਲ)**–ਪੰਜਾਬ ਦੇ ਬੁੱਧਿਸ਼ਟਾਂ ਦੀ ਇੱਕ ਵਿਸ਼ੇਸ਼ ਮੀਟਿੰਗ ਸ੍ਰੀ ਹੁਸਨ ਲਾਲ ਬੌਧ ਦੀ ਪ੍ਰਧਾਨਗੀ ਹੇਠ ਬੁੱਧ ਵਿਹਾਰ ਸਿਧਾਰਥ ਨਗਰ, ਬੂਟਾ ਮੰਡੀ ਜਲੰਧਰ ਵਿਖੇ ਹੋਈ। ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਪੰਜਾਬ ਦੇ ਬੁੱਧਿਸਟਾਂ ਵਲੋਂ ਸ਼੍ਰੀ ਆਕਾਸ਼ ਲਾਮਾ ਜਨਰਲ ਸਕੱਤਰ ਆਲ ਇੰਡੀਆ ਬੁੱਧਿਸਟ ਫੋਰਮ ਦਾ ਪੰਜਾਬ ਫੇਰੀ ਦੌਰਾਨ ਜਲੰਧਰ ਪਹੁੰਚਣ 'ਤੇ ਤਨ, ਮਨ, ਅਤੇ ਧੰਨ ਨਾਲ ਨਿੱਘਾ ਸਵਾਗਤ ਕੀਤਾ ਜਾਵੇਗਾ। ਐਡਵੋਕੇਟ ਹਰਭਜਨ ਸਾਂਪਲਾ, ਬਲਦੇਵ ਰਾਜ ਜੱਸਲ ਅਤੇ ਹੁਸਨ ਲਾਲ ਬੌਧ ਨੇ ਦੱਸਿਆ ਕਿ ਬੁੱਧ ਗਯਾ ਮੁਕਤੀ ਅੰਦੋਲਨ ਦੇ ਬਾਰੇ' ਚ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਸ੍ਰੀ ਆਕਾਸ਼ ਲਾਮਾ ਜੀ 27 ਜਨਵਰੀ ਤੋਂ 29 ਜਨਵਰੀ 2025 ਤੱਕ ਜਲੰਧਰ, ਫਗਵਾੜਾ , ਲੁਧਿਆਣਾ ਅਤੇ ਗੁਰਦਾਸਪੁਰ ਵਿੱਚ ਮੀਟਿੰਗਾਂ ਨੂੰ ਸੰਬੋਧਨ ਕਰਨਗੇ।

ਇਹਨਾਂ ਆਗੂਆਂ ਨੇ ਮੂਲ ਨਿਵਾਸੀ ਅਤੇ ਮਾਨਵਵਾਦੀ ਲੋਕਾਂ ਨੂੰ ਅਪੀਲ ਕੀਤੀ ਕਿ 27 ਜਨਵਰੀ 2025 ਨੂੰ ਅੰਬੇਡਕਰ ਭਵਨ ਜਲੰਧਰ ਵਿਖੇ ਪਹੁੰਚੋ, ਜਿਥੇ ਸ੍ਰੀ ਆਕਾਸ਼ ਲਾਮਾ ਜੀ ਸੈਮੀਨਾਰ ਨੂੰ ਦੁਪਹਿਰ ਤੋਂ ਬਾਅਦ 3 ਵਜੇ ਸੰਬੋਧਨ ਕਰਨਗੇ। ਇਸ ਤੋਂ ਪਹਿਲਾਂ ਸ੍ਰੀ ਆਕਾਸ਼ ਲਾਮਾ ਜੀ ਬੁੱਧ ਵਿਹਾਰ ਸਿਧਾਰਥ ਨਗਰ ਬੂਟਾਂ ਮੰਡੀ, ਜਲੰਧਰ ਵਿਖੇ ਪਹੁੰਚ ਕੇ ਤਥਾਗਤ ਬੁੱਧ ਦਾ ਅਸ਼ੀਰਵਾਦ ਪ੍ਰਾਪਤ ਕਰਨਗੇ। ਇਹਨਾਂ ਆਗੂਆਂ ਇਹ ਵੀ ਕਿਹਾ ਕਿ ਮਤਾ ਪਾਸ ਕਰਕੇ ਬਿਹਾਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਬੁੱਧ ਗਯਾ ਮਹਾਂਬੁੱਧ ਵਿਹਾਰ ਦਾ ਕਾਨੂੰਨ 1949 ਨੂੰ ਰੱਦ ਕੀਤਾ ਜਾਵੇ ਅਤੇ ਬੁੱਧ ਗਯਾ ਮਹਾਂ ਬੁੱਧ ਵਿਹਾਰ ਨੂੰ ਗੈਰ ਬੋਧੀਆਂ ਤੋਂ ਆਜ਼ਾਦ ਕਰਵਾ ਕੇ ਇਸ ਦਾ ਕੰਟਰੋਲ ਨਿਰੋਲ ਬੁੱਧਿਸ਼ਟਾਂ ਨੂੰ ਸੌਂਪਿਆ ਜਾਵੇ।



ਇਸ ਮੀਟਿੰਗ ਵਿੱਚ ਭਿਖਸ਼ੂ ਰੇਵਤ ਜੀ, ਅਜੇ ਕੁਮਾਰ ਬੌਧ , ਵਾਸਦੇਵ ਬੌਧ, ਮੁੰਨਾ ਲਾਲ ਬੌਧ, ਰਾਜੇਸ਼ ਵਿਰਦੀ, ਜਗਦੀਸ਼ ਦੀਸ਼ਾ ਬਸਪਾ ਆਗੂ, ਸ਼ਾਮ ਲਾਲ ਜੱਸਲ (ਨਿਊਜ਼ੀਲੈਂਡ), ਨਰਿੰਦਰ ਕਲੇਰ, ਐਡਵੋਕੇਟ ਦੀਪਕ, ਚਮਨ ਦਾਸ ਸਾਂਪਲਾ, ਪ੍ਰਿੰਸੀਪਲ ਪਰਮਜੀਤ ਜੱਸਲ, ਚੰਚਲ ਬੋਧ ਅਤੇ ਹੋਰ ਬਹੁਤ ਸਾਰੇ ਉਪਾਸਕ ਹਾਜ਼ਰ ਸਨ। ਸ੍ਰੀ ਚਰਨ ਦਾਸ ਸੰਧੂ ਪ੍ਰਧਾਨ ਅੰਬੇਡਕਰ ਮਿਸ਼ਨ ਸੁਸਾਇਟੀ (ਰਜਿ) ਪੰਜਾਬ ਨੇ ਫੋਨ ਰਾਹੀਂ ਇਸ ਮੀਟਿੰਗ ਵਿੱਚ ਹਾਜ਼ਰ ਸਾਰੇ ਸਾਥੀਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਬੁੱਧ ਵਿਹਾਰ ਸੋਫੀ ਪਿੰਡ ਵਿਖੇ ਮਾਤਾ ਸਵਿੱਤਰੀ ਬਾਈ ਫੂਲੇ ਦਾ ਜਨਮ ਦਿਨ ਮਨਾਇਆ ਗਿਆ

**ਜਲੰਧਰ (ਜੱਸਲ)** – ਅੱਜ ਬੁੱਧ ਵਿਹਾਰ ਟਰੱਸਟ (ਰਜਿ.) ਸੋਫੀ ਪਿੰਡ ਵਲੋਂ ਆਪਣੇ ਪਿੰਡ ਵਿੱਚ ਬਣੇ ਬੁੱਧ ਵਿਹਾਰ ਵਿਖੇ ਮਾਤਾ ਸਵਿੱਤਰੀ ਬਾਈ ਫੂਲੇ ਜੀ ਦਾ ਜਨਮ ਦਿਨ ਬੜੇ ਉਤਸ਼ਾਹ ਅਤੇ ਖੁਸ਼ੀਆਂ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਐਡਵੋਕੇਟ ਹਰਭਜਨ ਸਾਂਪਲਾ ਜਨਰਲ ਸਕੱਤਰ ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਨੇ ਕਿਹਾ ਕਿ ਕ੍ਰਾਂਤੀਜੋਤੀ ਮਾਤਾ ਸਵਿੱਤਰੀ ਬਾਈ ਫੂਲੇ ਭਾਰਤ ਦੇ ਪਹਿਲੇ ਦਲਿਤ ਮਹਿਲਾ ਅਧਿਆਪਕਾ ਸਨ, ਜਿਨਾਂ ਨੇ ਇੱਕ ਜਨਵਰੀ 1848 ਵਿੱਚ ਪੂਨੇ ਵਿਖੇ ਲੜਕੀਆਂ ਲਈ ਸਿੱਖਿਆ ਵਾਸਤੇ ਪਹਿਲਾ ਸਕੂਲ ਖੋਲ੍ਹਿਆ। ਭਾਵੇਂ ਵਿਰੋਧੀ ਉਸ 'ਤੇ ਚਿੱਕੜ ਸੁੱਟਦੇ ਰਹੇ ਪਰ ਉਹ ਆਪਣੇ ਦ੍ਰਿੜ ਸੰਕਲਪ, ਨਿਸ਼ਚੇ 'ਤੇ ਹਮੇਸ਼ਾ ਕਾਇਮ ਰਹੇ, ਇੱਕ ਕਦਮ ਵੀ ਪਿੱਛੇ ਨਹੀਂ ਹਟੇ। ਮਾਤਾ ਸਵਿੱਤਰੀ ਬਾਈ ਫੂਲੇ, ਮਹਾਤਮਾ ਜੋਤੀਬਾ ਫੂਲੇ ਅਤੇ ਹੋਰ ਘੱਟ ਗਿਣਤੀ ਦੇ ਬੁੱਧੀਜੀਵੀਆਂ ਨਾਲ ਰਲ ਕੇ ਉਹਨਾਂ 18 ਸਕੂਲ ਹੋਰ ਖੋਲ੍ਹੇ। ਜਿਨਾਂ ਵਿੱਚ ਜ਼ਿਆਦਾ ਗਿਣਤੀ ਔਰਤਾਂ ਦੀ ਸੀ। ਇਸ ਤਰ੍ਹਾਂ ਮਾਤਾ ਸਵਿੱਤਰੀ ਬਾਈ ਫੂਲੇ ਜੀ ਦਾ ਔਰਤਾਂ ਦੇ ਅੰਦੋਲਨ ਵਿੱਚ ਵੱਡਾ ਯੋਗਦਾਨ ਰਿਹਾ ਹੈ। ਅੰਦੋਲਨ ਸਦਕਾ ਮਾਤਾ ਸਵਿੱਤਰੀ ਬਾਈ ਫੂਲੇ ਜੀ ਨੂੰ ਵਿਰੋਧੀਆਂ ਨਾਲ ਲੋਹਾ ਲੈਣਾ ਪਿਆ।




ਸ੍ਰੀ ਸਾਂਪਲਾ ਨੇ ਕਿਹਾ ਕਿ ਫੂਲੇ ਦੇ ਇਸ ਕ੍ਰਾਂਤੀਕਾਰੀ ਅੰਦੋਲਨ ਦਾ ਮਕਸਦ ਔਰਤਾਂ ਦਾ ਸਨਮਾਨ, ਸਵੈਮਾਨ, ਸਿੱਖਿਆ ਗ੍ਰਹਿਣ ਕਰਨ ਦਾ ਮਰਦ ਬਰਾਬਰ ਅਧਿਕਾਰ ਦੇਣ, ਊਚ-ਨੀਚ, ਜਾਤ -ਪਾਤ ਦੇ ਭੇਦ -ਭਾਵ ਤੋਂ ਉੱਪਰ ਉੱਠਣਾ ਸੀ।

ਇਸ ਸਮਾਗਮ ਵਿੱਚ ਡਾ. ਅਵਿਨਾਸ਼ ਚੰਦਰ ਸੌਂਧੀ, ਚਮਨ ਸਾਂਪਲਾ, ਜਸਵੰਤ ਰਾਏ ਸਾਂਪਲਾ, ਆਈਜੈਕ ਮਸੀਹ, ਰੱਜਤ, ਰੁਪਾਲੀ, ਗੌਤਮ ਬੌਧ, ਬਲਦੀਸ਼ ਕੌਰ ਅਤੇ ਹੋਰ ਬਹੁਤ ਸਾਰੇ ਉਪਾਸਕ ਹਾਜ਼ਰ ਸਨ।

# ਤਕਸ਼ਿਲਾ ਬੁੱਧ ਵਿਹਾਰ ਵਿਖੇ ਭੀਮਾ ਕੋਰੇਗਾਓ ਵਿਜੇ ਦਿਵਸ ਮਨਾਇਆ ਗਿਆ



**ਜਲੰਧਰ (ਜੱਸਲ)**– ਅੱਜ ਤਕਸ਼ਿਲਾ ਬੁੱਧ ਵਿਹਾਰ ਕਾਦੀਆਂ ਵਿਖੇ 'ਭੀਮਾ ਕੋਰੇਗਾਓ ਵਿਜੇ ਦਿਵਸ' ਮਨਾਇਆ ਗਿਆ। ਇਸ ਮੌਕੇ 'ਤੇ ਭੰਤੇ ਪ੍ਰੀਗਿਆ ਬੋਧੀ ਜੀ ਨੇ ਭੀਮਾ ਕੋਰੇਗਾਓ ਵਿਜੈ ਦਿਵਸ ਅਤੇ ਨਵੇਂ ਸਾਲ ਦੀ ਵਧਾਈ ਦਿੱਤੀ। ਉਹਨਾਂ ਬੋਧੀ ਉਪਾਸਕਾਂ ਨੂੰ ਅਸ਼ੀਰਵਾਦ ਦਿੱਤਾ ਅਤੇ ਵਿਸ਼ਵ ਸ਼ਾਂਤੀ ਲਈ ਪ੍ਰਾਰਥਨਾ ਕੀਤੀ। ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਬੁੱਧਿਸ਼ਟ ਸੋਸਾਇਟੀ (ਰਜ਼ਿ) ਪੰਜਾਬ, ਸ੍ਰੀ ਸ਼ਾਮ ਲਾਲ ਜੱਸਲ (ਨਿਊਜ਼ੀਲੈਂਡ) ਉਪ ਪ੍ਰਧਾਨ ,ਰਾਮ ਦਾਸ ਗੁਰੂ ਖਜ਼ਾਨਚੀ, ਹੰਸ ਰਾਜ ਸਮਰਾ ਅਤੇ ਰਾਜੀਵ ਕੁਮਾਰ ਆਦਿ ਬੁੱਧੀਜੀਵੀਆਂ , ਬੋਧੀ ਉਪਾਸਕਾਂ ਨੇ ਮਹਾਰ ਫੌਜ ਦੇ ਯੋਧਿਆ ਨੂੰ ਯਾਦ ਕੀਤਾ, ਨਵੇਂ ਸਾਲ ਦੀ ਵੀ ਵਧਾਈ ਦਿੱਤੀ। ਬੁੱਧੀਜੀਵੀ ਬੋਧੀ ਆਗੂਆਂ ਨੇ ਕਿਹਾ ਕਿ ਮਹਾਨ ਰੈਜੀਮੈਂਟ ਦੇ 500 ਸੂਰਵੀਰ ਸਿਪਾਹੀਆਂ ਨੇ ਪੇਸ਼ਵਾ ਦੇ 28,000 ਸੈਨਿਕਾਂ ਦੀ ਫੌਜ ਨੂੰ ਮਾਰ ਮੁਕਾਇਆ ਸੀ ,ਜੋ ਕਿ ਮੂਲ ਨਿਵਾਸੀ ਸੈਨਾ ਦੀ ਬਹਾਦਰੀ ਦੀ ਵਿਸ਼ਵ ਵਿੱਚ ਇੱਕੋ-ਇੱਕ ਉਦਾਹਰਣ ਮਿਲਦੀ ਹੈ। ਐਡਵੋਕੇਟ ਹਰਭਜਨ ਸਾਂਪਲਾ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਹਰ ਸਾਲ ਭੀਮਾ ਕੋਰੇਗਾਓ ਦੇ ਮਹਾਨ ਸਥਾਨ 'ਤੇ ਜਾ ਕੇ ਯੋਧਿਆਂ ਨੂੰ ਨਤਮਸਤਕ ਹੁੰਦੇ ਸਨ। ਜਿਸ ਨਾਲ ਉਹਨਾਂ ਵਿੱਚ ਮਹਾਰ ਯੋਧਿਆਂ ਦੀ ਸੂਰਬੀਰਤਾ ਅਤੇ ਜਿੱਤ ਦੀ ਨਵੀਂ ਊਰਜਾ ਆ ਜਾਂਦੀ ਸੀ। ਇਸ ਮੌਕੇ 'ਤੇ ਸ਼੍ਰੀ ਹਰਭਜਨ ਲਾਲ ਫਗਵਾੜਾ, ਅਮਨ, ਅਸੀਸ, ਚੇਤ ਰਾਮ, ਪ੍ਰਮੋਦ ,ਅਰੁਣ, ਅਜੇ ਕੁਮਾਰ, ਧਰਮਿੰਦਰ, ਰਾਮ ਸੇਵਕ, ਅੰਜਲੀ ਅਤੇ ਹੋਰ ਬਹੁਤ ਸਾਰੇ ਉਪਾਸਕ ਹਾਜ਼ਰ ਸਨ।

# ਪੰਜਾਬ ਦੇ ਬੁੱਧਿਸਟਾਂ ਵੱਲੋਂ 26 ਨਵੰਬਰ ਨੂੰ 23 ਜ਼ਿਲ੍ਹਿਆਂ ਵਿੱਚ ਮੈਮੋਰੰਡਮ ਦਿੱਤੇ ਜਾਣਗੇ

**ਜਲੰਧਰ (ਜੱਸਲ)** – ਪੰਜਾਬ ਵਿੱਚ ਬੁੱਧ ਧੰਮ ਦਾ ਪ੍ਰਚਾਰ ਕਰ ਰਹੀਆਂ ਪ੍ਰਮੁੱਖ ਸੰਸਥਾਵਾਂ ਦੇ ਆਗੂਆਂ ਦੀ ਇੱਕ ਵਿਸ਼ੇਸ਼ ਮੀਟਿੰਗ ਮਿਸ਼ਨਰੀ ਤੇ ਪ੍ਰਸਿੱਧ ਲੇਖਕ ਸ਼੍ਰੀ ਸੋਹਣ ਸਹਿਜਲ ਦੀ ਪ੍ਰਧਾਨਗੀ ਹੇਠ ਸੰਘਮਿੱਤਰਾ ਬੁੱਧ ਵਿਹਾਰ ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਿਖੇ ਹੋਈ। ਜਿਸ ਵਿੱਚ ਬਹੁਤ ਮਹੱਤਵਪੂਰਨ ਫੈਸਲੇ ਕੀਤੇ ਗਏ । ਇਹ ਮਤਾ ਪਾਸ ਕੀਤਾ ਗਿਆ ਕਿ 26 ਨਵੰਬਰ 2024 ਨੂੰ ਪੰਜਾਬ ਦੇ ਸਾਰੇ 23 ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਮੈਮੋਰੰਡਮ ਦਿੱਤਾ ਜਾਵੇ ਜੋ ਬਿਹਾਰ ਦੇ ਮੁੱਖ ਮੰਤਰੀ, ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਘੱਟ ਗਿਣਤੀ ਕਮਿਸ਼ਨ ਭਾਰਤ ਸਰਕਾਰ ਅਤੇ ਹੋਰ ਉੱਚ ਅਧਿਕਾਰੀਆਂ ਨੂੰ ਭੇਜੇ ਜਾਣਗੇ ਤੇ ਮੰਗ ਕੀਤੀ ਜਾਵੇਗੀ ਕਿ ਬੁੱਧ ਗਯਾ ਟੈਂਪਲ ਐਕਟ 1949 ਨੂੰ ਰੱਦ ਕੀਤਾ ਜਾਵੇ ਅਤੇ ਬੁੱਧ ਗਯਾ ਮਹਾਂਬੁੱਧ ਵਿਹਾਰ ਦਾ ਕੰਟਰੋਲ ਨਿਰੋਲ ਬੁੱਧਿਸ਼ਟਾਂ ਨੂੰ ਦਿੱਤਾ ਜਾਵੇ। ਮੀਟਿੰਗ ਵਿੱਚ ਮਿਸ਼ਨਰੀ ਲੇਖਕ ਸੋਹਣ ਸਹਿਜਲ ਫਗਵਾੜਾ, ਭੰਤੇ ਰੇਵਤ ਜੀ, ਭਿਖਸ਼ੂ ਆਨੰਦਸ਼ੀਲ ਯੂ।ਪੀ।, ਭਿਖਸ਼ੂ ਚੰਦਰ ਕੀਰਤੀ ਅਸ਼ੋਕ ਬੁੱਧ ਵਿਹਾਰ ਤਰਖਾਣ ਮਾਜਰਾ ਤਹਿਸੀਲ ਫਿਲੌਰ, ਸ਼ਾਮ ਲਾਲ ਜੱਸਲ ਨਿਊਜ਼ੀਲੈਂਡ, ਕਸ਼ਮੀਰ ਲਾਲ ਝੱਲੀ, ਮਹਿੰਦਰ ਸਿੰਘ, ਹਰਭਜਨ ਲਾਲ, ਐਡਵੋਕੇਟ ਕੁਲਦੀਪ ਭੱਟੀ ਫਗਵਾੜਾ, ਬਲਦੇਵ ਰਾਜ ਜੱਸਲ, ਪ੍ਰਦੀਪ ਅੰਬੇਡਕਰੀ, ਦਵਿੰਦਰ ਦੀਪ, ਰਜਿੰਦਰ ਕੁਮਾਰ ਜੱਸਲ, ਚੰਚਲ ਬੌਧ, ਸਤੀਸ਼ ਕੁਮਾਰ, ਸਤਵੀਰ ਕੁਮਾਰ, ਚੇਤ ਰਾਮ, ਸੋਢੀ ਰਾਮ ਝੱਲੀ, ਨੈਨਦੀਪ, ਐਡਵੋਕੇਟ ਹਰਭਜਨ ਸਾਂਪਲਾ, ਲੱਜਾ ਰਾਮ, ਚਮਨ ਸਾਂਪਲਾ ਸਾਬਕਾ ਲੈਕਚਰਾਰ ਅਤੇ ਹੋਰ ਬਹੁਤ ਸਾਰੇ ਬੋਧੀ ਉਪਾਸਕਾਂ, ਅੰਬੇਡਕਰੀਆਂ, ਬੁੱਧੀਜੀਵੀਆਂ ਨੇ ਸ਼ਿਰਕਤ ਕੀਤੀ। ਭਿਖਸ਼ੂ ਸੰਘ ਵਲੋਂ ਅਸ਼ੀਰਵਾਦ ਦਿੱਤਾ ਗਿਆ। ਪ੍ਰੈਸ ਨੂੰ ਇਸ ਸਬੰਧੀ ਜਾਣਕਾਰੀ ਐਡਵੋਕੇਟ ਹਰਭਜਨ ਸਾਂਪਲਾ, ਬਲਦੇਵ ਰਾਜ ਜੱਸਲ ਐਡਵੋਕੇਟ ਕੁਲਦੀਪ ਭੱਟੀ ਫਗਵਾੜਾ ਅਤੇ ਚੰਚਲ ਬੌਧ ਨੇ ਸਾਂਝੇ ਤੌਰ 'ਤੇ ਦਿੱਤੀ ਹੈ।



# ਭਾਈ ਹਰਦੀਪ ਸਿੰਘ ਦੀ ਅਵਾਜ ਵਿੱਚ ਗਾਇਆ ਸ਼ਬਦ "ਰਵਿਦਾਸੁ ਜਪੈ ਰਾਮ ਨਾਮਾ" ਹੋਇਆ ਰਿਲੀਜ

**ਫਗਵਾੜਾ (ਬੀ.ਕੇ. ਰੱਤੂ)**– ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਉਚਾਰਣ ਇਲਾਹੀ ਬਾਣੀ ਦਾ ਸ਼ਬਦ "ਰਵਿਦਾਸੁ ਜਪੈ ਰਾਮ ਨਾਮਾ" ਪ੍ਰਸਿੱਧ ਕੀਰਤਨੀ ਜਥਾ ਭਾਈ ਹਰਦੀਪ ਸਿੰਘ ਜੀ ਲੁਧਿਆਣਾ ਵਾਲਿਆ ਦੀ ਮਿੱਠੀ ਤੇ ਸੁਰੀਲੀ ਅਵਾਜ ਵਿੱਚ ਰਿੰਗ ਰਿਕਾਰਡਸ ਕੰਪਨੀ ਦੇ ਬੈਨਰ ਤੇ ਨਿਰਮਾਤਾ ਸੀਟੂ ਬਾਈ ਵਲੋਂ ਅਜੈ ਸਰਬ ਗਾਟ ਦੀ ਪੇਸ਼ਕਸ਼ ਵਿੱਚ ਸੋਸ਼ਲ ਸਾਈਟਾਂ ਤੇ ਰਿਲੀਜ਼ ਕੀਤਾ ਗਿਆ ਹੈ। ਸੀਟੂ ਬਾਈ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਬਦ" ਰਵਿਦਾਸੁ ਜਪੈ ਰਾਮ ਨਾਮਾ" ਵਿੱਚ ਭਾਈ ਹਰਦੀਪ ਸਿੰਘ ਲੁਧਿਆਣਾ ਵਾਲੇ ਦੇ ਨਾਲ ਭਾਈ ਕੁਲਦੀਪ ਸਿੰਘ ਲੁਧਿਆਣਾ ਵਾਲਿਆ ਨੇ ਸਾਥ ਦਿੱਤਾ ਹੈ ਤੇ ਨਾਲ ਤਬਲਾ ਵਾਦਕ ਸਾਥੀ ਭਾਈ ਮਨਦੀਪ ਸਿੰਘ ਪਟਿਆਲਾ ਵਾਲੇ ਹਨ। ਇਸ ਸ਼ਬਦ ਦੀ ਵੀਡੀਓਗ੍ਰਾਫੀ ਸ਼੍ਰੋਮਣੀ ਗੁਰੂ ਰਵਿਦਾਸ ਮੰਦਿਰ ਜੀ। ਟੀ। ਰੋਡ ਚੱਕ ਹਕੀਮ ਵਿਖੇ ਕੀਤੀ ਗਈ ਹੈ ਜਿਸ ਵਿੱਚ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਵਿੰਦਰ ਕੁਲਥਮ ਦਾ ਵਿਸ਼ੇਸ਼ ਸਹਿਯੋਗ ਹੈ ਅਤੇ ਉਨ੍ਹਾਂ ਵਲੋਂ ਹੀ ਸ਼ਬਦ ਦੇ ਪੋਸਟਰ ਨੂੰ ਰਿਲੀਜ ਕੀਤਾ ਗਿਆ ਹੈ। ਇਸ ਸ਼ਬਦ ਦੀ ਵੀਡੀਓ ਦਾ ਫਿਲਮਾਂਕਣ ਸੀਟੂ ਬਾਈ ਦੀ ਨਿਰਦੇਸ਼ਨਾਂ ਹੇਠ ਭਾਗ ਫਿਲਮ ਪ੍ਰੋਡਕਸ਼ਨ ਦੀ ਟੀਮ ਵਲੋਂ ਕੀਤਾ ਗਿਆ ਹੈ। ਸੰਗਤਾਂ ਵਲੋਂ ਸ਼ਬਦ " ਰਵਿਦਾਸੁ ਜਪੈ ਰਾਮ ਨਾਮਾ" ਨੂੰ ਸੋਸ਼ਲ ਸਾਈਟਾਂ ਦੇ ਜਰੀਏ ਸਰਵਣ ਕੀਤਾ ਜਾ ਰਿਹਾ ਹੈ। ਸ਼ਬਦ ਦਾ ਪੋਸਟਰ ਰਿਲੀਜ ਕਰਨ ਮੌਕੇ ਸ਼੍ਰੋਮਣੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਰਜਿ ਪੰਜਾਬ ਦੇ ਪ੍ਰਧਾਨ ਦਵਿੰਦਰ ਕੁਲਥਮ, ਗਿਆਨੀ ਜਸਬੀਰ ਸਿੰਘ ਜੱਸਲ, ਪ੍ਰਸਿੱਧ ਗਾਇਕ ਅਤੇ ਪ੍ਰਬੰਧਕ ਕਮੇਟੀ ਮੈਂਬਰ ਮਕਬੂਲ ਅਤੇ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਸਕੱਤਰ ਤੇ ਨਿਰਮਾਤਾ ਨਿਰਦੇਸ਼ਕ ਸੀਟੂ ਬਾਈ ਆਦਿ ਹਾਜ਼ਰ ਸਨ।



# ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਵਿਖੇ ਲੋਹੜੀ ਦਾ ਤਿਉਹਾਰ ਮਨਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਵਿਖੇ ਸ਼੍ਰੀ ਸੁਖਮਣੀ ਸਾਹਿਬ ਦੇ ਭੋਗ ਪਾਏ ਗਏ ਅਤੇ ਲੋਹੜੀ ਦਾ ਤਿਉਹਾਰ ਮਨਾਇਆ ਗਿਆ। ਜਿਸ ਵਿੱਚ ਮਾਨਯੋਗ ਵਿਧਾਇਕ ਹਲਕਾ ਚੱਬੇਵਾਲ ਡਾ। ਇਸ਼ਾਕ ਚੱਬੇਵਾਲ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ। ਇਸ ਦੌਰਾਨ ਡਾ. ਪਵਨ ਕੁਮਾਰ ਸ਼ਗੋਤਰਾ ਸਿਵਲ ਸਰਜਨ ਹੁਸ਼ਿਆਰਪੁਰ, ਡਾ। ਹਰਬੰਸ ਕੌਰ ਡਿਪਟੀ ਮੈਡੀਕਲ ਕਮਿਸ਼ਨਰ, ਸ਼੍ਰੀ ਰਿਸ਼ਵ ਅਰੋੜਾ ਸੰਯੁਕਤ ਸਕੱਤਰ ਭਾਰਤ ਸਰਕਾਰ ਵਿਸ਼ੇਸ਼ ਤੌਰ ਤੇ ਹਾਜ਼ਿਰ ਹੋਏ। ਇਹ ਪ੍ਰੋਗਰਾਮ ਡਾ। ਮਹਿਮਾ ਮਨਹਾਸ ਮੈਡੀਕਲ ਅਫ਼ਸਰ ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਇਸ ਮੌਕੇ ਡਾ। ਇਸ਼ਾਕ ਚੱਬੇਵਾਲ ਵਿਧਾਇਕ ਨੇ ਸਾਰੇ ਸਟਾਫ਼ ਤੇ ਮਰੀਜ਼ਾ ਨੂੰ ਨਵੇਂ ਸਾਲ ਅਤੇ ਲੋਹੜੀ ਦੀਆਂ ਮੁਬਾਰਕਾਂ ਦਿੱਤੀਆਂ ਤੇ ਇਲਾਜ਼ ਅਧੀਨ ਮਰੀਜ਼ਾਂ ਨੂੰ ਨਸ਼ਾ ਮੁਕਤ ਰਹਿਣ ਲਈ ਪ੍ਰੇਰਿਤ ਕੀਤਾ।



ਸਮਾਗਮ ਦੌਰਾਨ ਡਾ. ਪਵਨ ਕੁਮਾਰ ਸਿਵਲ ਸਰਜਨ ਹੁਸ਼ਿਆਰਪੁਰ ਨੇ ਸਭ ਨੂੰ ਲੋਹੜੀ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਤੇ ਸ਼੍ਰੀਮਤੀ ਨਿਸ਼ਾ ਰਾਣੀ ਮੈਨੇਜਰ, ਪ੍ਰਸ਼ਾਂਤ ਆਦਿਆ ਕਾਉਂਸਲਰ, ਰਜਵਿੰਦਰ ਕੌਰ, ਕਾਉਂਸਲਰ, ਤਾਨੀਆ ਵੋਹਰਾ ਕਾਉਂਸਲਰ, ਰਜਵਿੰਦਰ ਕੌਰ, ਪ੍ਰਿੰਸ, ਗੁਰਸਿਮਰਨ ਸਿੰਘ, ਲਵਦੀਪ, ਰਾਜਵਿੰਦਰ ਕੌਰ, ਸਟਾਫ਼ ਨਰਸ, ਹਰੀਸ਼ ਕੁਮਾਰੀ, ਸੰਦੀਪ ਪਾਲ, ਆਦਿ ਹਾਜ਼ਿਰ ਸਨ।

# ਸਮਾਜਿੱਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਨੇ ਮਨਾਈ ਧੀਆਂ ਦੀ ਲੋਹੜੀ

## ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਹੋਏ ਮੁੱਖ ਮਹਿਮਾਨ ਵਜੋਂ ਸਾਮਲ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਲੋਹੜੀ ਦਾ ਤਿਉਹਾਰ ਜਿੱਥੇ ਸਾਡੇ ਸੱਭਿਆਚਾਰ ਦੇ ਨਾਲ ਜੁੜਿਆ ਹੈ ਉੱਥੇ ਹੀ ਸਾਡੀਆਂ ਭਾਵਨਾਵਾਂ ਨੂੰ ਉਜਾਗਰ ਕਰਦਾ ਹੈ, ਅੱਜ ਦਾ ਲੋਹੜੀ ਦਾ ਤਿਉਹਾਰ ਜੋ ਕਿ ਜਿਲ੍ਹਾ ਪਠਾਨਕੋਟ ਅੰਦਰ ਸਮਾਜਿੱਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪਠਾਨਕੋਟ ਵੱਲੋਂ ਆਯੋਜਿਤ ਕੀਤਾ ਗਿਆ ਹੈ ਅਤੇ ਮਹਿਲਾਵਾਂ ਅਤੇ ਬੱਚੀਆਂ ਅੰਦਰ ਖੂਨ ਦੀ ਕਮੀ (ਅਨੀਮੀਆਂ) ਨੂੰ ਸਮਰਪਿਤ ਹੈ ਅਤੇ ਅਨੀਮੀਆਂ ਦੀ ਸਿਕਾਰ ਬੱਚੀਆਂ ਅਤੇ ਮਹਿਲਾਵਾਂ ਨੂੰ ਪੋਸਣ ਦੇ ਨਾਲ ਭਰੀਆਂ ਕਿੱਟਾਂ ਵੀ ਦਿੱਤੀਆਂ ਗਈਆਂ ਹਨ, ਅਤੇ ਅੱਜ ਲੋਹੜੀ ਦੇ ਤਿਉਹਾਰ ਤੇ ਉਹ ਜਿਲ੍ਹਾ ਪਠਾਨਕੋਟ ਦੇ ਸਾਰੇ ਨਿਵਾਸੀਆਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸੁਭਕਾਮਨਾਵਾਂ ਦਿੰਦੇ ਹਨ।

ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਜਿਲ੍ਹਾ ਪਠਾਨਕੋਟ ਦੇ ਜਸਵਾਲੀ ਵਿਖੇ ਸਥਿਤ ਰੈਸਟ ਹਾਊਸ ਵਿਖੇ ਸਮਾਜਿੱਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪਠਾਨਕੋਟ ਵੱਲੋਂ ਆਯੋਜਿਤ ਕੀਤੇ ਗਏ ਸਮਾਰੋਹ ਦੌਰਾਨ ਸੰਬੋਧਨ ਕਰਦਿਆ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਰਾਜੇਸ ਕੁਮਾਰ ਜਿਲ੍ਹਾ ਸਿੱਖਿਆ ਅਫਸਰ ਪਠਾਨਕੋਟ, ਸੰਜੀਵ ਕੁਮਾਰ ਸੀ.ਡੀ.ਪੀ.ਓ। ਪਠਾਨਕੋਟ, ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ.ਸੀ. ਵਿੰਗ ਪਠਾਨਕੋਟ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਗੋਲਡੀ ਸਰਨਾ, ਬਲਜਿੰਦਰ ਕੌਰ ਬਲਾਕ ਪ੍ਰਧਾਨ, ਸੋਹਣ ਲਾਲ ਬਲਾਕ



ਪ੍ਰਧਾਨ, ਭੁਪਿੰਦਰ ਸਿੰਘ ਮੂੰਨਾ, ਰਾਜਾ ਬਕਨੋਰ, ਬੱਬਲੀ ਕੁਮਾਰ ਪ੍ਰਧਾਨ ਨਗਰ ਪੰਚਾਇਤ ਨਰੋਟ ਜੈਮਲ ਸਿੰਘ ਅਤੇ ਹੋਰ ਪਾਰਟੀ ਦੇ ਕਾਰਜਕਰਤਾ ਹਾਜ਼ਰ ਸਨ।

ਇਸ ਮੋਕੇ ਤੇ ਸੰਬੋਧਨ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਲੋਹੜੀ ਦਾ ਤਿਉਹਾਰ ਜੋ ਕਿ ਇਤਿਹਾਸ ਅੰਦਰ ਅਪਣਾ ਇੱਕ ਵੱਖਰਾ ਸਥਾਨ ਰੱਖਦਾ ਹੈ ਅੱਜ ਦਾ ਸਮਾਰੋਹ ਜੋ ਕਿ ਸਮਾਜਿੱਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪਠਾਨਕੋਟ ਵੱਲੋਂ ਆਯੋਜਿਤ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਅੱਜ ਦਾ ਤਿਉਹਾਰ ਜੋ ਕਿ ਧੀਆਂ ਦੀ ਲੋਹੜੀ ਮਨਾਈ ਗਈ ਹੈ ਜੋ ਕਿ ਲੋਹੜੀ ਦਾ ਤਿਉਹਾਰ ਸਾਨੂੰ ਜੁਲਮ ਦੇ ਖਿਲਾਫ ਲੜਨ ਦੇ ਲਈ ਵੀ ਪ੍ਰੇਰਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਲੋਹੜੀ ਦਾ ਤਿਉਹਾਰ ਸਾਨੂੰ ਸਾਰਿਆਂ ਨੂੰ ਮਿਲਜੁਲ ਕੇ ਮਨਾਉਂਣਾ ਚਾਹੀਦਾ ਹੈ।

ਇਸ ਦੇ ਨਾਲ ਲੋਹੜੀ ਦਾ ਤਿਉਹਾਰ ਜੋ ਕਿ ਲੋਕਾਂ ਨੂੰ ਸਾਂਝੀਵਾਲਤਾ ਅਤੇ ਭਾਈਚਾਰੇ ਦੀ ਸਾਂਝ ਬਾਰੇ ਵੀ ਜਾਗਰੂਕ ਕਰਦਾ ਹੈ। ਇਸ ਮੋਕੇ ਤੇ ਕੈਬਨਿਟ ਮੰਤਰੀ ਪੰਜਾਬ ਨੇ ਜਿਲ੍ਹਾ ਨਿਵਾਸੀਆਂ ਨੂੰ ਹਾਰਦਿਕ ਸੁਭਕਾਮਨਾਵਾਂ ਦਿੱਤੀਆਂ।

ਸਮਾਰੋਹ ਦੋਰਾਨ ਧੀਆਂ ਦੀ ਲੋਹੜੀ ਵੀ ਜਲਾਈ ਗਈ ਅਤੇ ਗੁੜ, ਤਿਲ, ਰੇਬੜੀ ਅਤੇ ਮੂੰਗਫਲੀ ਦੀਆਂ ਆਹੁਤਿਆਂ ਵੀ ਪਾਈਆਂ ਗਈਆਂ। ਇਸ ਮੋਕੇ ਤੇ ਵਿਭਾਗ ਵੱਲੋਂ ਵਧੀਆ ਕਾਰਗੁਜਾਰੀ ਕਰਨ ਵਾਲੀਆਂ ਆਂਗਣਬਾੜੀ ਵਰਕਰਾਂ ਨੂੰ ਵੀ ਸਨਮਾਨ ਪੱਤਰ ਭੇਂਟ ਕਰਕੇ ਸਨਮਾਨਤ ਕੀਤਾ। ਇਸ ਮੋਕੇ ਤੇ ਜਿਨ੍ਹਾਂ ਮਹਿਲਾਵਾਂ ਅਤੇ ਲੜਕੀਆਂ ਅੰਦਰ ਖੂਨ ਦੀ ਕਮੀ ਪਾਈ ਗਈ ਅਤੇ ਉਹ ਅਨੀਮੀਆਂ ਦੀਆਂ ਸਿਕਾਰ ਹਨ ਉਨ੍ਹਾਂ ਨੂੰ ਫਲਾਂ ਦੀਆਂ ਪੋਸਨਿਕ ਕਿੱਟਾਂ ਵੀ ਵੰਡੀਆਂ ਗਈਆਂ।

# ਦੇਸ਼ ਭਗਤ ਯੂਨੀਵਰਸਿਟੀ ਨੇ ਧੂਮ-ਧਾਮ ਨਾਲ ਮਨਾਇਆ ਲੋਹੜੀ ਦਾ ਤਿਉਹਾਰ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ, ਮੰਡੀਗੋਬਿੰਦਗੜ੍ਹ ਨੇ ਯੂਨੀਵਰਸਿਟੀ ਕੈਂਪਸ ਵਿਖੇ ਲੋਹੜੀ, ਜੋ ਕਿ ਬਹੁਤ-ਉਡੀਕਿਆ ਜਾਣ ਵਾਲਾ ਤਿਉਹਾਰ ਹੈ, ਦੇ ਸਫਲ ਜਸ਼ਨ ਦਾ ਐਲਾਨ ਕਰਦੇ ਹੋਏ ਖੁਸ਼ੀ ਪ੍ਰਗਟ ਕੀਤੀ। ਇਹ ਸਮਾਗਮ ਸੱਭਿਆਚਾਰਕ ਵਿਰਾਸਤ, ਭਾਈਚਾਰਕ ਭਾਵਨਾ ਅਤੇ ਰਵਾਇਤੀ ਤਿਉਹਾਰਾਂ ਦਾ ਇੱਕ ਜੀਵੰਤ ਪ੍ਰਦਰਸ਼ਨ ਸੀ।



ਲੋਹੜੀ, ਜੋ ਕਿ ਸਰਦੀਆਂ ਦੇ ਅੰਤ ਅਤੇ ਜੀਵਨ ਦੇ ਹਰ ਖੇਤਰ ਦੇ ਲੋਕਾਂ ਨੂੰ ਖੁਸ਼ੀ ਅਤੇ ਏਕਤਾ ਨਾਲ ਭਰੀ ਇੱਕ ਜੀਵੰਤ ਸ਼ਾਮ ਦਾ ਆਨੰਦ ਲੈਣ ਲਈ ਇਕੱਠਾ ਕੀਤਾ। ਜਸ਼ਨ ਦੀ ਸ਼ੁਰੂਆਤ ਰਵਾਇਤੀ ਅੱਗ ਬਾਲਣ ਨਾਲ ਹੋਈ, ਜੋ ਕਿ ਕੁਦਰਤ ਪ੍ਰਤੀ ਸ਼ੁਕਰਗੁਜ਼ਾਰੀ ਅਤੇ ਖੁਸ਼ਹਾਲੀ ਲਈ ਪ੍ਰਾਰਥਨਾ ਦਾ ਪ੍ਰਤੀਕ ਸੀ। ਹਾਜ਼ਰ ਲੋਕ ਲੋਕ ਗੀਤ ਗਾਉਂਦੇ ਹੋਏ ਤਿਲ, ਗੁੜ ਅਤੇ ਮੂੰਗਫਲੀ ਭੇਟ ਕਰਨ ਲਈ ਅੱਗ ਦੇ ਆਲੇ-ਦੁਆਲੇ ਇਕੱਠੇ ਹੋਏ, ਜਿਸ ਨਾਲ ਇੱਕ ਦਿਲ ਨੂੰ ਛੂਹ ਲੈਣ ਵਾਲਾ ਮਾਹੌਲ ਬਣਿਆ।

ਇਸ ਸਮਾਗਮ ਵਿੱਚ ਕਈ ਤਰ੍ਹਾਂ ਦੇ ਸੱਭਿਆਚਾਰਕ ਪ੍ਰਦਰਸ਼ਨ ਪੇਸ਼ ਕੀਤੇ ਗਏ, ਜਿਸ ਵਿੱਚ ਭੰਗੜਾ ਅਤੇ ਗਿੱਧਾ ਵਰਗੇ ਰਵਾਇਤੀ ਪੰਜਾਬੀ ਲੋਕ ਨਾਚ ਸ਼ਾਮਲ ਸਨ, ਨਾਲ ਹੀ ਕਲਾਸਿਕ ਲੋਕ ਗੀਤਾਂ ਦੀ ਸੁਰੀਲੀ ਪੇਸ਼ਕਾਰੀ ਵੀ ਸ਼ਾਮਲ ਸੀ। ਵਿਦਿਆਰਥੀਆਂ ਨੇ ਖੇਡਾਂ ਅਤੇ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ, ਜਿਸ ਨਾਲ ਤਿਉਹਾਰ ਦੀ ਭਾਵਨਾ ਵਿੱਚ ਵਾਧਾ ਹੋਇਆ।

ਇਸ ਮੌਕੇ ਡਾ। ਜ਼ੋਰਾ ਸਿੰਘ, ਚਾਂਸਲਰ ਅਤੇ ਡਾ। ਤਜਿੰਦਰ ਕੌਰ, ਪ੍ਰੋ-ਚਾਂਸਲਰ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ, "ਲੋਹੜੀ ਸਿਰਫ਼ ਇੱਕ ਤਿਉਹਾਰ ਨਹੀਂ ਹੈ; ਇਹ ਜੀਵਨ, ਭਾਈਚਾਰੇ ਅਤੇ ਸ਼ੁਕਰਗੁਜ਼ਾਰੀ ਦਾ ਜਸ਼ਨ ਹੈ। ਇਸ ਖੁਸ਼ੀ ਭਰੇ ਮੌਕੇ ਨੂੰ ਮਨਾਉਣ ਲਈ ਸਾਡੇ ਨਾਲ ਸ਼ਾਮਲ ਹੋਣ ਵਾਲੇ ਹਰ ਵਿਅਕਤੀ ਵੱਲੋਂ ਇੰਨਾ ਵੱਡਾ ਹੁੰਗਾਰਾ ਦੇਖ ਕੇ ਅਸੀਂ ਬਹੁਤ ਖੁਸ਼ ਹਾਂ।"

ਇਹ ਪ੍ਰੋਗਰਾਮ ਇੱਕ ਡੀਜੇ ਪਾਰਟੀ ਨਾਲ ਸਮਾਪਤ ਹੋਇਆ ਜਿੱਥੇ ਫੈਕਲਟੀ ਅਤੇ ਵਿਦਿਆਰਥੀਆਂ ਨੇ ਰਵਾਇਤੀ ਅਤੇ ਆਧੁਨਿਕ ਪੰਜਾਬੀ ਸੰਗੀਤ ਦੀਆਂ ਬੀਟਾਂ 'ਤੇ ਭੰਗੜਾ ਪਾਇਆ ਜਿਸ ਨਾਲ ਸਾਰਿਆਂ ਨੂੰ ਊਰਜਾਵਾਨ ਕਰ ਦਿੱਤਾ ਗਿਆ।

ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਪ੍ਰੈਜ਼ੀਡੈਂਟ ਡਾ। ਹਰਸ਼ ਸਦਾਵਰਤੀ ਨੇ ਲੋਹੜੀ ਦੇ ਜਸ਼ਨ ਦੀ ਸਫਲਤਾ ਵਿੱਚ ਯੋਗਦਾਨ ਪਾਉਣ ਵਾਲੇ ਸਾਰੇ ਹਾਜ਼ਰੀਨ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਭਾਈਚਾਰਕ ਬੰਧਨਾਂ ਨੂੰ ਮਜ਼ਬੂਤ ਕਰਦੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਡੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਦੇ ਹਨ।

# ਆਂਗਨਵਾੜੀ ਸੈਂਟਰ ਵਿਕਾਸ ਨਗਰ-1 ਨੇ ਰੈੱਡ ਕ੍ਰਾਸ ਦੇ ਸਹਿਯੋਗ ਨਾਲ ਮਨਾਈ ਧੀਆਂ ਦੀ ਲੋਹੜੀ

## ਅੱਜ ਦੇ ਜ਼ਮਾਨੇ ਵਿਚ ਕੁੜੀਆਂ ਤੇ ਮੁੰਡਿਆਂ ਵਿਚ ਕੋਈ ਫ਼ਰਕ ਨਹੀਂ ਰਿਹਾ - ਦਵਿੰਦਰ ਕੌਰ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਦੇ ਜ਼ਮਾਨੇ ਵਿਚ ਕੁੜੀਆਂ ਤੇ ਮੁੰਡਿਆਂ ਵਿਚ ਕੋਈ ਫ਼ਰਕ ਨਹੀਂ ਰਿਹਾ, ਸਗੋਂ ਕਈ ਖੇਤਰਾਂ ਵਿਚ ਤਾਂ ਕੁੜੀਆਂ ਮੁੰਡਿਆਂ ਨਾਲੋਂ ਵੀ ਅੱਗੇ ਲੰਘ ਗਈਆਂ ਹਨ। ਕੁੜੀਆਂ ਅਪਣੀ ਮਿਹਨਤ, ਸਵੈ-ਵਿਸ਼ਵਾਸ ਤੇ ਦ੍ਰਿੜ ਇਰਾਦੇ ਨਾਲ ਅੱਜ ਹਰ ਖੇਤਰ ਵਿਚ ਮੁੰਡਿਆਂ ਦਾ ਮੁਕਾਬਲਾ ਕਰ ਰਹੀਆਂ ਹਨ। ਕੋਈ ਵੀ ਖੇਤਰ ਅਜਿਹਾ ਨਹੀਂ ਬਚਿਆ ਜਿਥੇ ਕੁੜੀਆਂ ਨੇ ਮੱਲ੍ਹਾਂ ਨਾ ਮਾਰੀਆਂ ਹੋਣ। ਇਹ ਸ਼ਬਦ ਸੀ।ਡੀ।ਪੀ।ਓ ਨਵਾਂਸ਼ਹਿਰ ਦਵਿੰਦਰ ਕੌਰ ਨੇ ਅੱਜ ਆਂਗਣਵਾੜੀ ਸੈਂਟਰ, ਵਿਕਾਸ ਨਗਰ-1, ਸਰਕਲ ਕੁਲਾਮ ਵੱਲੋਂ ਜ਼ਿਲ੍ਹਾ ਰੈਡ ਕ੍ਰਾਸ ਸੋਸਾਇਟੀ ਦੇ ਸਹਿਯੋਗ ਨਾਲ 15 ਧੀਆਂ ਦੀ ਲੋਹੜੀ ਪਾਉਣ ਲਈ ਕਰਵਾਏ ਸਮਾਗਮ ਮੌਕੇ ਕਹੇ। ਉਨ੍ਹਾਂ ਕਿਹਾ ਕਿ ਜ਼ਮਾਨਾ ਬਦਲ ਰਿਹਾ ਹੈ ਅਤੇ ਕੁੜੀਆਂ ਨੂੰ ਕੁੱਖਾਂ ਵਿਚ ਕਤਲ ਕਰਨ ਵਾਲੇ ਪਰਿਵਾਰਾਂ ਨੂੰ ਵੀ ਅਪਣੀ ਸੋਚ ਬਦਲਣ ਦੀ ਲੋੜ ਹੈ। ਇਸ ਮੌਕੇ ਨਵਜੰਮੀਆਂ 15 ਬੱਚੀਆਂ ਅਤੇ ਉਨ੍ਹਾਂ ਦੀਆਂ ਮਾਵਾਂ ਨੂੰ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਲੋਹੜੀ ਦੀਆਂ ਖੁਸ਼ੀਆਂ ਮਨਾਈਆਂ ਗਈਆਂ। ਇਸ ਮੌਕੇ ਸੁਪਰਵਾਈਜ਼ਰ ਬਿਮਲਾ ਦੇਵੀ, ਅਮਰਜੀਤ ਕੌਰ, ਆਂਗਨਵਾੜੀ ਵਰਕਰ ਯੂਨੀਅਨ ਦੀ ਪ੍ਰਧਾਨ ਲਖਵਿੰਦਰ ਕੌਰ, ਆਂਗਨਵਾੜੀ ਵਰਕਰ ਹਰਜੀਤ ਕੌਰ ਅਤੇ ਹੋਰ ਹਾਜ਼ਰ ਸਨ।

# ਸਾਡੀਆਂ ਧੀਆਂ ਪਰਿਵਾਰ ਅਤੇ ਸੂਬੇ ਦਾ ਮਾਣ ਵਧਾ ਰਹੀਆਂ ਹਨ-ਡਾ. ਰਾਜ ਕੁਮਾਰ

## ਜੰਡੋਲੀ ਦੀ ਰਿਸ਼ੀਕਾ ਜਸਵਾਲ ਨੂੰ ਨਿਊਜ਼ੀਲੈਂਡ ਦੀ ਕ੍ਰਿਕਟ ਟੀਮ ਵਿੱਚ ਚੁਣੇ ਜਾਣ ਦੀ ਮਿਸਾਲ ਦਿੱਤੀ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਦੇ ਯੁੱਗ ਵਿਚ ਲੜਕੀਆਂ ਨਾ ਸਿਰਫ ਹਰ ਖੇਤਰ ਵਿਚ ਲੜਕਿਆਂ ਦਾ ਮੁਕਾਬਲਾ ਕਰ ਰਹੀਆਂ ਹਨ, ਸਗੋਂ ਨਵੇਂ ਰਿਕਾਰਡ ਵੀ ਬਣਾ ਰਹੀਆਂ ਹਨ ਅਤੇ ਆਪਣੇ ਮਾਤਾ-ਪਿਤਾ, ਆਪਣੇ ਪਰਿਵਾਰ ਦੇ ਨਾਲ-ਨਾਲ ਆਪਣੇ ਪਿੰਡ, ਸ਼ਹਿਰ ਅਤੇ ਸੂਬੇ ਦਾ ਨਾਂ ਰੌਸ਼ਨ ਕਰ ਰਹੀਆਂ ਹਨ", ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਡਾ. ਕੁਮਾਰ ਚੱਬੇਵਾਲ ਨੇ ਆਪਣੇ ਸੰਸਦੀ ਹਲਕੇ ਦੇ ਪਰਿਵਾਰਾਂ ਸਮੇਤ ਲੋਹੜੀ ਦੇ ਤਿਉਹਾਰ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਲੜਕੀਆਂ ਦੀ ਲੋਹੜੀ ਵਿੱਚ ਉਤਸ਼ਾਹ ਨਾਲ ਭਾਗ ਲਿਆ ਅਤੇ ਸਮਾਜ ਨੂੰ ਇੱਕ ਨਵਾਂ ਸੁਨੇਹਾ ਦੇਣ ਲਈ ਇਨ੍ਹਾਂ ਪਰਿਵਾਰਾਂ ਦੀ ਤਹਿ ਦਿਲੋਂ ਸ਼ਲਾਘਾ ਕੀਤੀ। ਉਨ੍ਹਾਂ ਨੇ ਧੀਆਂ ਦੀ ਲੋਹੜੀ ਮਨਾਉਣ ਨੂੰ ਲਿੰਗ ਅਸਮਾਨਤਾ ਨੂੰ ਦੂਰ ਕਰਨ ਅਤੇ ਲੜਕੀਆਂ ਦੀ ਪਛਾਣ ਨੂੰ ਮਜ਼ਬੂਤ ਕਰਨ ਲਈ ਇੱਕ ਪ੍ਰੇਰਨਾਦਾਇਕ ਕਦਮ ਦੱਸਿਆ। ਉਨ੍ਹਾਂ ਨੇ ਜ਼ਿਲ੍ਹੇ ਦੇ ਕਈ ਪਿੰਡਾਂ ਵਿੱਚ ਜਾ ਕੇ ਨਵਜੰਮੀਆਂ ਬੱਚੀਆਂ ਦੇ ਜਨਮ ਦਿਨ ਮਨਾਉਣ ਲਈ ਪਰਿਵਾਰਾਂ ਦਾ ਸਨਮਾਨ ਕੀਤਾ ਅਤੇ ਲੋਕਾਂ ਨੂੰ ਇਸ ਅਹਿਮ ਮੁੱਦੇ ਬਾਰੇ ਜਾਗਰੂਕ ਕੀਤਾ। ਡਾ: ਚੱਬੇਵਾਲ ਨੇ ਕਿਹਾ, "ਸਮਾਜ ਅਕਸਰ ਲੋਹੜੀ ਨੂੰ ਲੜਕੇ ਦੇ ਜਨਮ ਦਾ ਤਿਉਹਾਰ ਮੰਨਦਾ ਹੈ, ਪਰ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਲੜਕੀਆਂ ਦੀ ਭੂਮਿਕਾ ਅਤੇ ਯੋਗਦਾਨ ਨੂੰ ਸਵੀਕਾਰ ਕਰੀਏ। ਜੇਕਰ ਕੁੜੀਆਂ ਨਹੀਂ ਹੋਣਗੀਆਂ ਤਾਂ ਸਮਾਜ ਦਾ ਆਧਾਰ ਕਿਵੇਂ ਬਣੇਗਾ? ਇਸ ਦੌਰਾਨ ਉਨ੍ਹਾਂ ਲੜਕੀਆਂ ਦੇ ਜਨਮ ਦਿਨ ਮਨਾਉਣ ਅਤੇ ਉਨ੍ਹਾਂ ਨੂੰ ਸਿੱਖਿਆ, ਸਿਹਤ ਅਤੇ ਸੁਰੱਖਿਆ ਦਾ ਅਧਿਕਾਰ ਦੇਣ ਵੱਲ ਲੋਕਾਂ ਦਾ ਧਿਆਨ ਖਿੱਚਿਆ। ਉਨ੍ਹਾਂ ਕਿਹਾ ਕਿ ਇਹ ਕਦਮ ਨਾ ਸਿਰਫ਼ ਲੜਕੀਆਂ ਪ੍ਰਤੀ ਸਮਾਜਿਕ ਰਵੱਈਆ ਬਦਲੇਗਾ, ਸਗੋਂ ਨਵੀਂ ਪੀੜ੍ਹੀ ਨੂੰ ਬਰਾਬਰੀ ਦੇ ਰਾਹ 'ਤੇ ਲਿਜਾਣ 'ਚ ਵੀ ਸਹਾਈ ਸਿੱਧ ਹੋਵੇਗਾ। ਇਸ ਮੌਕੇ ਡਾ: ਰਾਜ ਨੇ ਜੰਡੋਲੀ ਦੀ ਰਿਸ਼ੀਕਾ ਜਸਵਾਲ ਦੀ ਨਿਊਜ਼ੀਲੈਂਡ ਅੰਡਰ-19 ਕ੍ਰਿਕਟ ਟੀਮ ਵਿੱਚ ਚੁਣੇ ਜਾਣ ਦੀ ਮਿਸਾਲ ਦਿੰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਹਰ ਬੱਚੇ ਨੂੰ ਬਰਾਬਰ ਮੌਕੇ ਦੇਣ ਅਤੇ ਉਸ ਦੀ ਪੜ੍ਹਾਈ ਅਤੇ ਵਿਕਾਸ ਲਈ ਉਪਰਾਲੇ ਕਰਨ। ਉਨ੍ਹਾਂ ਕਿਹਾ ਕਿ ਜਦੋਂ ਸਮਾਜ ਲੜਕੀਆਂ ਨੂੰ ਬਰਾਬਰੀ ਦਾ ਹੱਕ ਦਿੰਦਾ ਹੈ ਤਾਂ ਹੀ ਅਸੀਂ ਤਰੱਕੀ ਦੀ ਕਲਪਨਾ ਕਰ ਸਕਦੇ ਹਾਂ।



# ਨਵੇਂ ਵਰ੍ਹੇ ਨਵੇਂ ਸੁਪਨੇ ਸਿਰਜਣ ਲਈ ਦੇਸ਼ ਭਗਤ ਯਾਦਗਾਰ ਹਾਲ ਇਕੱਤਰਤਾ 26 ਨੂੰ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਸਭਿਆਚਾਰਕ ਵਿੰਗ ਵੱਲੋਂ ਹਰ ਸਾਲ ਵਾਂਗ ਇਸ ਵਾਰ ਨਵੇਂ ਵਰ੍ਹੇ ਮੌਕੇ 26 ਜਨਵਰੀ 11:30 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤੀ ਜਾ ਰਹੀ ਹੈ।

ਇਸ ਮੀਟਿੰਗ ਦਾ ਆਗਾਜ਼ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਸਮੇਤ ਦਸੰਬਰ ਜਨਵਰੀ ਮਹੀਨੇ ਦੇ ਸਮੂਹ ਗ਼ਦਰੀ ਦੇਸ਼ ਭਗਤਾਂ, ਕੂਕਾ ਲਹਿਰ, ਦੁੱਲਾ ਭੱਟੀ ਅਤੇ ਇਤਿਹਾਸਕ ਘਟਨਾਵਾਂ ਦੀ ਪ੍ਰਸੰਗਿਕਤਾ ਬਾਰੇ ਵਿਚਾਰਾਂ ਹੋਣਗੀਆਂ। ਇਸਤੋਂ ਇਲਾਵਾ ਸਾਹਿਤ,ਕਲਾ, ਮਿਊਜ਼ੀਅਮ, ਥੀਏਟਰ ਅਤੇ ਮੁੱਖ ਦੁਆਰ ਬਾਹਰ ਭਵਿੱਖ ਵਿਚ ਹੋਣ ਵਾਲੇ ਕੰਮਾਂ ਬਾਰੇ ਵੀ ਵਿਚਾਰਾਂ ਹੋਣਗੀਆਂ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸਮੂਹ ਸਬ ਕਮੇਟੀਆਂ , ਪੱਤਰਕਾਰ ਭਾਈਚਾਰੇ,ਦੇਸ਼ ਭਗਤ ਯਾਦਗਾਰ ਹਾਲ ਨਾ਼ਲ ਜੁੜੇ ਅਤੇ ਜੁੜਕੇ ਕੰਮ ਕਰਨ ਦੇ ਚਾਹਵਾਨ ਸਭਨਾਂ ਨੂੰ ਨਵੇਂ ਵਰ੍ਹੇ ਦੇ ਸ਼ੁੱਭ ਆਗਮਨ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

ਉਹਨਾਂ ਕਿਹਾ ਕਿ ਕਮੇਟੀ ਨੇ ਗ਼ਦਰੀ ਬਾਬਿਆਂ ਦੇ ਮੇਲੇ ਮੌਕੇ ਹੀ ਲੋਕਾਂ ਨੂੰ ਚੌਕੰਨੇ ਕੀਤਾ ਸੀ ਕਿ ਸਾਮਰਾਜੀ ਅਤੇ ਦੇਸੀ ਬਦੇਸ਼ੀ ਕਾਰਪੋਰੇਟ ਘਰਾਣਿਆਂ ਅਤੇ ਅਤੇ ਫਿਰਕੂ ਫਾਸ਼ੀ ਹੱਲੇ ਖ਼ਿਲਾਫ਼ ਵਿਸ਼ਾਲ ਲੋਕ ਤਾਕਤ ਅਤੇ ਲੋਕ ਆਵਾਜ਼ ਹੀ ਰੋਕ ਲਾਏਗੀ ਇਹ ਹਾਲਤ ਆਟੇ ਅਤੇ ਹੋਰ ਜ਼ਰੂਰੀ ਵਸਤਾਂ ਦੀਆਂ ਅਸਮਾਨ ਛੂੰਹਦੀਆਂ ਕੀਮਤਾਂ ਤੋਂ ਦੇਖੀ ਜਾ ਸਕਦੀ ਹੈ।

# ਨਿਊਰੋਸਾਇੰਸ ਸੈਂਟਰ ਆਫ਼ ਐਕਸੀਲੈਂਸ ਹੁਣ ਲਿਵਾਸ ਹਸਪਤਾਲ ਹੁਸ਼ਿਆਰਪੁਰ ਵਿਖੇ ਜਾਗਰੂਕਤਾ ਕੈਂਪ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਵੱਖ-ਵੱਖ ਪ੍ਰਕਾਰ ਦੀਆਂ ਨਿਊਰੋ ਸਮੱਸਿਆਵਾਂ ਅਤੇ ਉਨ੍ਹਾਂ ਦੇ ਇਲਾਜ ਦੇ ਵਿਕਲਪਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਲਿਵਾਸ ਹਸਪਤਾਲ ਹੁਸ਼ਿਆਰਪੁਰ ਦੇ ਡਾਕਟਰਾਂ ਦੀ ਟੀਮ ਨੇ ਅੱਜ ਪੱਤਰਕਾਰਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਲਿਵਾਸਾ ਹਸਪਤਾਲ ਹੁਸ਼ਿਆਰਪੁਰ ਵਿਖੇ ਸੀਨੀਅਰ ਕੰਸਲਟੈਂਟ ਨਿਊਰੋ ਸਰਜਰੀ ਡਾ ਰਿਦੀਪ ਸੈਕੀਆ ਅਤੇ ਕੰਸਲਟੈਂਟ ਨਿਊਰੋ ਸਰਜਰੀ ਡਾ ਨੇਹਾ ਰਾਏ ਹਾਜ਼ਰ ਸਨ। ਲਿਵਾਸਾ ਹਸਪਤਾਲ ਪੰਜਾਬ ਦਾ ਸਭ ਤੋਂ ਵੱਡਾ ਸੁਪਰਸਪੈਸ਼ਲਿਟੀ ਹਸਪਤਾਲ ਨੈਟਵਰਕ ਹੈ ਜਿਸ ਵਿੱਚ 5 ਹਸਪਤਾਲ, 750 ਬਿਸਤਰੇ, 280 ਆਈਸੀਯੂ ਬੈਡ, 06 ਕੈਥ ਲੈਬ, 20 ਮਾਡਿਊਲਰ ਓ.ਟੀ. ਅਤੇ ਸਿਹਤ ਸੰਭਾਲ ਹਨ। ਚੇਨ ਹਰ ਸਾਲ 3 ਲੱਖ ਤੋਂ ਵੱਧ ਮਰੀਜ਼ਾਂ ਦਾ ਇਲਾਜ ਕਰ ਰਹੀ ਹੈ।ਇਸ ਮੌਕੇ ਬੋਲਦਿਆਂ ਡਾ ਨੇਹਾ ਰਾਏ ਨੇ ਕਿਹਾ ਕਿ ਲਿਵਾਸ ਹਸਪਤਾਲ ਹੁਸ਼ਿਆਰ-ਪੁਰ ਨਿਊਰੋ ਸਾਇੰਸ ਦਾ ਸੈਂਟਰ ਆਫ਼ ਐਕਸੀਲੈਂਸ ਬਣ ਗਿਆ ਹੈ ਕਿਉਂਕਿ ਇਸ ਵਿਚ ਬ੍ਰੇਨ ਸਟ੍ਰੋਕ, ਬ੍ਰੇਨ ਟਿਊਮਰ, ਨਿਊਰੋ ਟਰਾਮਾ, ਮਿਨੀਮਲੀ ਇਨਵੇਸਿਵ ਸਪਾਈਨ ਸਰਜਰੀ, ਨਾਨ-ਇਨਵੇਸਿਵ ਸਪਾਈਨ ਸਰਜਰੀ-ਕਾਈਫੋਪਲਾਸਟੀ ਵਰਗੀਆਂ ਨਿਊਰੋ ਸਮੱਸਿਆਵਾਂ ਦੇ ਇਲਾਜ ਲਈ ਸਾਰੀਆਂ ਸਹੂਲਤਾਂ ਮੌਜੂਦ ਹਨ।ਡਿਸਕ ਨਾਲ ਸਬੰਧਤ ਸਮੱਸਿਆਵਾਂ ਲਈ ਸਰਜਰੀਆਂ, ਪਾਰਕਿੰਸਨ'ਸ ਰੋਗ, ਮਿਰਗੀ ਦਾ ਇਲਾਜ ਅਤੇ ਹਰ ਤਰ੍ਹਾਂ ਦੀਆਂ ਫੰਕਸ਼ਨਲ ਨਿਊਰੋਸਰਜਰੀਆਂ, ਸੀਟੀ ਸਕੈਨ, ਐਮਆਰਆਈ ਅਤੇ ਬਲੱਡ ਬੈਂਕ ਦੀ ਇਨ-ਹਾਊਸ ਸਹੂਲਤ ਇੱਕੋ ਛੱਤ ਹੇਠ ਉਪਲਬਧ ਹੈ। ਇਸ ਮੌਕੇ 'ਤੇ ਬੋਲਦਿਆਂ ਡਾ। ਰਿਦੀਪ ਸੈਕੀਆ ਨੇ ਕਿਹਾ, "ਭਾਰਤ ਵਿੱਚ ਬ੍ਰੇਨ ਟਿਊਮਰ ਤੇਜ਼ੀ ਨਾਲ ਵੱਧ ਰਹੇ ਹਨ। ਅੰਕੜੇ ਹੈਰਾਨ ਕਰਨ ਵਾਲੇ ਹਨ, ਹਰ ਸਾਲ 40,000 ਤੋਂ 50,000 ਲੋਕਾਂ ਨੂੰ ਬ੍ਰੇਨ ਟਿਊਮਰ ਦੀ ਜਾਂਚ ਕੀਤੀ ਜਾਂਦੀ ਹੈ, ਜਿਸ ਨਾਲ ਜੀਵਨ ਦੀ ਸੰਭਾਵਨਾ 20 ਸਾਲ ਘੱਟ ਜਾਂਦੀ ਹੈ।ਡਾ ਨੇਹਾ ਰਾਏ ਨੇ ਕਿਹਾ ਕਿ ਬ੍ਰੇਨ ਟਿਊਮਰ ਦੇ ਕੁਝ ਆਮ ਲੱਛਣ ਹਨ ਸਿਰਦਰਦ (ਆਮ ਤੌਰ 'ਤੇ ਸਵੇਰੇ ਗੰਭੀਰ), ਉਲਟੀਆਂ, ਦੌਰੇ, ਸਰੀਰ ਦੇ ਇੱਕ ਜਾਂ ਦੂਜੇ ਹਿੱਸੇ ਦੀ ਕਮਜ਼ੋਰੀ, ਦੇਖਣ ਜਾਂ ਸੁਣਨ ਜਾਂ ਸਮਝਣ ਵਿਚ ਮੁਸ਼ਕਲ।, ਦਿਮਾਗ ਦੇ ਟਿਊਮਰ ਦੇ ਇਲਾਜ ਵਿੱਚ ਟਿਊਮਰ ਨੂੰ ਹਟਾਉਣਾ ਸ਼ਾਮਲ ਹੈ,ਇਸ ਤੋਂ ਬਾਅਦ ਸਿਰਫ ਘਾਤਕ ਜਖਮਾਂ ਲਈ ਰੇਡੀਓਥੈਰੇਪੀ ਅਤੇ ਕੀਮੋਥੈਰੇਪੀ ਕੀਤੀ ਜਾਂਦੀ ਹੈ। ਉੱਨਤ ਤਕਨੀਕਾਂ ਜਿਵੇਂ ਕਿ ਨਿਊਰੋ ਨੈਵੀਗੇਸ਼ਨ ਨੇ ਨਿਊਰੋ ਸਰਜਨਾਂ ਲਈ ਉਹਨਾਂ ਖੇਤਰਾਂ ਵਿੱਚ ਉੱਦਮ ਕਰਨਾ ਸੰਭਵ ਬਣਾਇਆ ਹੈ ਜੋ ਲੰਬੇ ਸਮੇਂ ਤੋਂ ਪਹੁੰਚਯੋਗ ਨਹੀਂ ਸਨ।

ਬ੍ਰੇਨ ਟਿਊਮਰ ਦੇ ਸ਼ੁਰੂਆਤੀ ਲੱਛਣ :-

- ਵਾਰ-ਵਾਰ ਸਿਰ ਦਰਦ ਹੋਣਾ
- ਚੱਕਰ ਆਉਣਾ
- ਮਤਲੀ ਅਤੇ ਉਲਟੀਆਂ
- ਫਿੱਟ ਆਉਣਾ
- ਮਾਨਸਿਕ ਸਥਿਤੀ ਜਾਂ ਸ਼ਖਸੀਅਤ ਅਤੇ ਵਿਵਹਾਰ ਸੰਬੰਧੀ ਸਮੱਸਿਆਵਾਂ ਵਿੱਚ ਤਬਦੀਲੀਆਂ
- ਯਾਦਦਾਸ਼ਤ ਦਾ ਨੁਕਸਾਨ
- ਤੁਰਨ ਵਿੱਚ ਅਸਥਿਰਤਾ
- ਬੋਲਣ ਵਿੱਚ ਮੁਸ਼ਕਲ
- ਇੱਕ ਜਾਂ ਇੱਕ ਤੋਂ ਵੱਧ ਅੰਗਾਂ ਵਿੱਚ ਕਮਜ਼ੋਰੀ
- ਚਿਹਰੇ ਜਾਂ ਸਰੀਰ ਦੇ ਅੱਧੇ ਹਿੱਸੇ ਵਿੱਚ ਕਮਜ਼ੋਰੀ

# ਰਾਸ਼ਟਰੀ ਵੋਟਰ ਦਿਵਸ ਨੂੰ ਸਮਰਪਿਤ 'ਪੰਜਾਬ ਇਲੈਕਸ਼ਨ ਕੁਇਜ਼-2025' 'ਚ ਵੱਧ ਤੋਂ ਵੱਧ ਭਾਗ ਲੈਣ ਨੌਜਵਾਨ

## ਆਫਲਾਈਨ ਮੁਕਾਬਲੇ ਸੂਬਾ ਪੱਧਰ 'ਤੇ 24 ਜਨਵਰੀ ਨੂੰ ਹੋਣਗੇ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਅੰਕੁਸ਼ ਸ਼ਰਮਾ ਨੇ ਅੱਜ ਜ਼ਿਲ੍ਹੇ ਦੇ ਸਾਰੇ ਵਿਧਾਨ ਸਭਾ ਹਲਕਿਆਂ ਦੇ ਸਵੀਪ ਨੋਡਲ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ ਉਨ੍ਹਾਂ ਨੂੰ ਰਾਸ਼ਟਰੀ ਵੋਟਰ ਦਿਵਸ ਨੂੰ ਸਮਰਪਿਤ 'ਪੰਜਾਬ ਇਲੈਕਸ਼ਨ ਕੁਇਜ਼-2025' ਵਿਚ ਸਰਗਰਮੀ ਨਾਲ ਭਾਗ ਲੈਣ ਲਈ ਕਿਹਾ। ਉਨ੍ਹਾਂ ਕਿਹਾ ਕਿ ਮੁਕਾਬਲੇ ਵਿਚ ਭਾਗ ਲੈਣ ਲਈ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਵੇ। ਉਨ੍ਹਾਂ ਸਾਰੇ ਭਾਗੀਦਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ




ਰਜਿਸਟ੍ਰੇਸ਼ਨ ਦੇ ਨਾਲ ਵੈਧ ਦਸਤਾਵੇਜ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ। ਬਿਨ੍ਹਾਂ ਵੈਧ ਦਸਤਾਵੇਜਾਂ ਦੇ ਰਜਿਸਟ੍ਰੇਸ਼ਨ ਅਸਵੀਕਾਰ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿਚ ਲੋਕਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਉਣ ਅਤੇ ਉਨ੍ਹਾਂ ਨੂੰ ਮਤਦਾਨ ਦੇ ਮਹੱਤਵ ਦੇ ਬਾਰੇ ਵਿਚ ਜਾਗਰੂਕ ਕਰਨ ਲਈ ਮੁੱਖ ਚੋਣ ਅਫ਼ਸਰ (ਸੀ.ਈ.ਓ) ਪੰਜਾਬ ਵਲੋਂ 'ਰਾਸ਼ਟਰੀ ਮਤਦਾਤਾ ਦਿਵਸ' ਨੂੰ ਸਮਰਪਿਤ 'ਪੰਜਾਬ ਇਲੈਕਸ਼ਨ ਕੁਇਜ਼-2025' ਕਰਵਾਈ ਜਾ ਰਹੀ ਹੈ।

ਅੰਕੁਸ਼ ਸ਼ਰਮਾ ਨੇ ਦੱਸਿਆ ਕਿ 'ਪੰਜਾਬ ਇਲੈਕਸ਼ਨ ਕੁਇਜ਼-2025' ਦੇ ਤਹਿਤ ਆਨਲਾਈਨ ਅਤੇ ਆਫਲਾਈਨ ਦੋਵੇਂ ਤਰ੍ਹਾਂ ਨਾਲ ਮੁਕਾਬਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਲਈ ਆਨਲਾਈਨ ਰਜਿਸਟ੍ਰੇਸ਼ਨ 17 ਜਨਵਰੀ 2025 ਤੱਕ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਆਨਲਾਈਨ ਚੁਦ ਕੁਇਜ਼ ਮੁਕਾਬਲੇ 19 ਜਨਵਰੀ 2025 ਨੂੰ ਅਤੇ ਸੂਬਾ ਪੱਧਰੀ ਆਫਲਾਈਨ ਮੁਕਾਬਲੇ 24 ਜਨਵਰੀ 2025 ਨੂੰ ਆਯੋਜਿਤ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਹਿਲੇ ਪੜਾਅ ਵਿਚ ਜੇਤੂਆਂ ਨੂੰ ਪਹਿਚਾਣ ਆਨਲਾਈਨ ਮੁਕਾਬਲੇ ਦੇ ਤਹਿਤ ਜ਼ਿਲ੍ਹਾ ਪੱਧਰ 'ਤੇ ਕੀਤੀ ਜਾਵੇਗੀ ਤਥੇ ਅੰਤਿਮ ਆਫਲਾਈਨ ਮੁਕਾਬਲੇ 24 ਜਨਵਰੀ, 2025 ਨੂੰ ਲੁਧਿਆਣਾ ਵਿਚ 23 ਜ਼ਿਲ੍ਹਿਆਂ ਦੇ ਜੇਤੂਆਂ ਦੇ ਵਿਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਇਲੈਕਸ਼ਨ ਕੁਇਜ਼-2025 ਦੇ ਲਈ ਆਨਲਾਈਨ ਰਜਿਸਟ੍ਰੇਸ਼ਨ https://punjabi.nidastatqiuz.com/ 'ਤੇ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਮੁਕਾਬਲੇ ਵਿਚ ਭਾਗ ਲੈਣ ਲਈ ਵੋਟਰ ਪਹਿਚਾਣ ਪੱਧਰ, ਆਧਾਰ ਕਾਰਡ ਅਤੇ ਸਕੂਲ/ਕਾਲਜ ਵਲੋਂ ਜਾਰੀ ਪਹਿਚਾਣ ਪੱਤਰ ਜਮ੍ਹਾਂ ਕੀਤਾ ਜਾ ਸਕਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜੇਤੂਆਂ ਨੂੰ ਮੋਬਾਇਲ, ਲੈਪਟਾਪ ਸਹਿਤ ਕਈ ਆਕਰਸ਼ਿਤ ਇਨਾਮ ਸੀ.ਈ.ਓ ਪੰਜਾਬ ਵਲੋਂ ਦਿੱਤੇ ਜਾਣਗੇ। ਇਸ ਮੌਕੇ ਚੋਣ ਕਾਨੂੰਗੋ ਦੀਪਕ ਕੁਮਾਰ, ਹਰਪ੍ਰੀਤ ਕੌਰ, ਲਖਬੀਰ ਸਿੰਘ, ਮੇਘਾ ਮਹਿਤਾ ਵੀ ਮੌਜੂਦ ਸਨ।

# ਕੌਲ ਬ੍ਰਦਰਸ ਕੰਪਨੀ ਵਲੋਂ ਕੇ ਐਸ ਮੱਖਣ ਦਾ ਧਾਰਮਿਕ ਟ੍ਰੈਕ "ਆਸਰਾ ਗੁਰੂ ਰਵਿਦਾਸ ਜੀ ਤੇਰਾ" ਰਿਲੀਜ਼

## ਸ਼੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਗੁਰੂ ਘਰ ਵਿੱਚ ਕੀਤਾ ਗਿਆ ਪੋਸਟਰ ਲਾਂਚ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–** ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਗੁਰਪਰਬ ਦੇ ਮੌਕੇ ਤੇ ਕੌਲ ਬ੍ਰਦਰਜ਼ ਮਿਊਜ਼ਿਕ ਅਤੇ ਕੌਲ ਫੈਮਲੀ ਯੂਐਸਏ ਦੇ ਸਾਰੇ ਮੈਂਬਰਾਂ ਨੇ ਕੌਲ ਬ੍ਰਦਰਜ਼ ਦੇ ਇਹਨਾਂ ਧਾਰਮਿਕ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਸਤਿਗੁਰ ਦੀ ਉਸਤਤ ਵਿਚ ਕੋਈ ਨਾ ਕੋਈ ਹੰਭਲਾ ਮਾਰ ਕੇ ਉਹਨਾਂ ਦੇ ਜੀਵਨ ਸੰਘਰਸ਼ ਬਾਣੀ ਪ੍ਰਤੀ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ । ਜੋ ਅੱਜ ਦੇ ਸਮੇਂ ਦੀ ਲੋੜ ਹੈ।



ਜੰਡੂ ਸਿੰਘਾ ਦੀ ਤਰਫੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਧਾਰਮਿਕ ਟ੍ਰੈਕ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਾਨ ਉਸਤਤ ਵਿੱਚ ਰਿਲੀਜ਼ ਕੀਤਾ ਜਾ ਰਿਹਾ ਹੈ । ਇਸ ਵਾਰ ਪ੍ਰਸਿੱਧ ਲੋਕ ਗਾਇਕ ਕੇ ਐਸ ਮੱਖਣ ਇਸ ਸ਼ਾਨਦਾਰ ਟ੍ਰੈਕ ਨੂੰ ਆਪਣੀ ਆਵਾਜ਼ ਦੇ ਕੇ ਸ਼ਿੰਗਾਰਿਆ ਹੈ। ਜਿਸ ਨੂੰ ਕੌਲ ਬ੍ਰਦਰਸ ਕੰਪਨੀ ਵੱਲੋਂ ਵਿਸ਼ਵ ਭਰ ਵਿੱਚ ਰਿਲੀਜ਼ ਕੀਤਾ ਜਾ ਰਿਹਾ ਹੈ। ਜਿਸ ਦਾ ਟਾਈਟਲ "ਆਸਰਾ ਗੁਰੂ ਰਵਿਦਾਸ ਜੀ ਤੇਰਾ" ਰੱਖਿਆ ਗਿਆ ਹੈ ਅਤੇ ਇਸ ਟ੍ਰੈਕ ਨੂੰ ਪ੍ਰਸਿੱਧ ਨਾਮਵਰ ਕਲਮ ਰੱਤੂ ਰੰਧਾਵਾ ਨੇ ਕਲਮਬੱਧ ਕੀਤਾ ਹੈ । ਇਸ ਸਬੰਧੀ ਇਸ ਟ੍ਰੈਕ ਦਾ ਪੋਸਟਰ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਯੂਐਸਏ ਵਿਖੇ ਵੱਖ ਵੱਖ ਧਾਰਮਿਕ ਸ਼ਖਸੀਅਤਾਂ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤਾ ਗਿਆ ਅਤੇ ਕੌਲ ਬ੍ਰਦਰਜ਼ ਦੇ ਇਸ ਪ੍ਰੋਜੈਕਟ ਲਈ ਸਾਰਿਆਂ ਵਲੋਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਯੂਐਸਏ

ਇਸ ਟ੍ਰੈਕ ਦੇ ਪ੍ਰੋਡਿਊਸਰ ਸ੍ਰੀ ਚਰਨਜੀਤ ਰਾਏ ਕੌਲ ਯੂਐਸਏ ਅਤੇ ਪੇਸ਼ਕਾਰ ਸਰਬਜੀਤ ਕੌਲ ਮਿੰਟੂ ਜੰਡੂ ਸਿੰਘਾ, ਸੈਂਡੀ ਕੌਲ ਯੂਐਸਏ ਹਨ। ਜ਼ਿਕਰਯੋਗ ਹੈ ਕਿ ਕੌਲ ਬ੍ਰਦਰਸ ਮਿਊਜ਼ਿਕ ਯੂਐਸਏ ਦੀ ਤਰਫੋਂ ਇਸ ਟ੍ਰੈਕ ਨੂੰ ਯੂ ਟਿਊਬ ਚੈਨਲ ਤੇ ਸਭ ਸੰਗਤਾਂ ਨੂੰ ਜਲਦ ਹੀ ਦੇਖਣ ਨੂੰ ਮਿਲੇਗਾ । ਕੰਪਨੀ ਦੇ ਕਾਰਜਕਰਤਾਵਾਂ ਨੇ ਦੱਸਿਆ ਕਿ ਇਸ ਟ੍ਰੈਕ ਤੋਂ ਬਾਅਦ ਉਹ ਜਲਦ ਹੀ ਹੋਰ ਕਲਾਕਾਰਾਂ ਦੇ ਵੀ ਟ੍ਰੈਕ ਆਪਣੀ ਕੰਪਨੀ ਵਿੱਚ ਰਿਲੀਜ਼ ਕਰਨਗੇ ਅਤੇ ਵਿਸ਼ਵ ਭਰ ਵਿੱਚ ਵੱਸਦੀਆਂ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀਆਂ ਹਾਰਦਿਕ ਮੁਬਾਰਕਾਂ ਇਹਨਾਂ ਆਵਾਜ਼ਾਂ ਰਾਹੀਂ ਦਿੱਤੀਆਂ ਜਾਣਗੀਆਂ।

# ਇਕ ਪੰਜਾਬੀ ਸਿਆਣਪ !

**ਵਲੋਂ ਗੁਰਜਿੰਦਰ ਸਿੰਘ ਸਾਧੜਾ (011 91 98153 02341)**
**ਮਾਰਫਤ ਤਰਲੋਚਨ ਸਿੰਘ ਦੁਪਾਲ ਪੁਰ**

ਸਾਡਾ ਪੰਜਾਬੀਆਂ ਦਾ ਇੱਕ ਅਲੱਗ ਹੀ ਸੁਭਾਅ ਹੈ। ਜੇਕਰ ਕਿਸੇ ਦੂਜੇ ਜਣੇ ਨੂੰ ਹਾਨੀ ਪਹੁੰਚਾਉਣ ਲਈ ਸਾਨੂੰ ਆਪਣਾ ਨੁਕਸਾਨ ਵੀ ਝੱਲਣਾ ਪਵੇ ਤਾਂ ਵੀ ਅਸੀਂ ਪਰਵਾਹ ਨੀ ਕਰੀ ਦੀ।'ਸ਼ਰੀਕ' ਦੇ ਟੱਕ ਲਾਉਣ ਲੱਗਿਆਂ ਆਪਣਾ ਗਿੱਟਾ ਵੀ ਛਿੱਲਿਆ ਜਾਵੇ ਤਾਂ ਵੀ ਕੋਈ ਦੁੱਖ ਨੀ, ਫ਼ਾਇਦੇ ਦਾ ਸੌਦਾ ਹੀ ਸਮਝਦੇ ਹਾਂ!

ਇੱਥੇ ਇੱਕ ਦਿਲਚਸਪ ਵਾਕਿਆ ਸਾਂਝਾ ਕਰਨਾ ਚਾਹਾਂਗਾ। ਇੱਕ ਵਾਰ ਸਾਡੇ ਰਿਸ਼ਤੇਦਾਰਾਂ ਦੀ ਪਿੰਡ ਚ ਫ਼ੌਜਦਾਰੀ ਹੋ ਗਈ। ਪੁਲਸ ਆਈ, ਇੱਕ ਬੰਦਾ ਸਾਡੇ ਰਿਸ਼ਤੇਦਾਰਾਂ ਦਾ ਤੇ ਦੋ ਦੂਜੀ ਧਿਰ ਦੇ ਹੱਥ ਆ ਗਏ ਤੇ ਪੁਲੀਸ ਤਿੰਨਾਂ ਨੂੰ ਚੁੱਕ ਕੇ ਥਾਣੇ ਲੈ ਗਈ। ਹੋਇਆ ਕੀ ਹਵਾਲਾਤ ਚ ਸਾਡਾ ਬੰਦਾ, ਵਿਰੋਧੀ ਦੋ ਬੰਦਿਆਂ ਨਾਲ ਅੱਧੇ ਕੁ ਘੰਟੇ ਬਾਅਦ ਕੋਈ ਚਿੱਜੜੀ ਛੇੜ ਲਿਆ ਕਰੇ। ਪੁਲਸ ਆਵੇ ਤੇ ਤਿੰਨਾਂ ਨੂੰ 'ਧਰ' ਲਿਆ ਕਰੇ।



ਸ਼ਾਮ ਨੂੰ ਪੰਚਾਇਤ ਛੁਡਾ ਕੇ ਘਰ ਲੈ ਆਈ। ਜਦੋਂ ਥਾਣੇ ਅੰਦਰਲੇ ਵਾਕਿਆ ਦਾ ਮੇਰੇ ਡੈਡੀ ਨੂੰ ਪਤਾ ਲੱਗਿਆ ਤਾਂ ਉਹ ਕਹਿੰਦੇ- "ਯਾਰ ਤੇਰਾ ਦਿਮਾਗ ਖ਼ਰਾਬ ਹੋਇਆ ਸੀ, ਜਦ ਤੈਨੂੰ ਪਤਾ ਤੂੰ 'ਕੱਲਾ ਸੀ ਤੇ ਉਹ ਦੋ, ਤਾਂ ਐਵੇਂ ਤੈਨੂੰ ਪੰਗਾ ਲੈਣ ਦੀ ਕੀ ਲੋੜ ਪਈ ਸੀ?"

ਤੇ ਅੱਗਿਓਂ ਜਵਾਬ ਪਤਾ ਕੀ ਮਿਲਿਆ? ਕਹਿੰਦਾ ਇਹੀ ਤਾਂ ਤੁਸੀਂ ਸਮਝੇ ਨੀ, ਦਿਮਾਗ ਮੇਰਾ ਨੀ ਤੁਹਾਡਾ ਹਿੱਲਿਆ ਵਾ !ਮੇਰੇ ਤਾਂ 'ਕੱਲੇ ਦੇ ਈ ਵੱਜਦੀ ਸੀ ਪਰ ਉਨ੍ਹਾਂ ਦੇ ਦੋਂਹ ਜਣਿਆਂ ਦਾ ਵਜੰਤਰ ਹੁੰਦਾ ਸੀ ਮੇਰੇ ਸਾਹਮਣੇ!

# ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਆਸਟ੍ਰੇਲੀਆ ਵਿੱਚ ਕਰੀਅਰ ਦੇ ਮੌਕਿਆਂ ਬਾਰੇ ਮਾਹਿਰ ਭਾਸ਼ਣ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ ਨੇ "ਆਸਟ੍ਰੇਲੀਆ ਵਿੱਚ ਕਰੀਅਰ ਅਤੇ ਮੌਕੇ" ਵਿਸ਼ੇ 'ਤੇ ਇੱਕ ਪ੍ਰੇਰਣਾਦਾਇਕ ਅਤੇ ਜਾਣਕਾਰੀ ਭਰਪੂਰ ਸੈਸ਼ਨ ਕਰਵਾਇਆ ਜਿਸ ਵਿੱਚ ਬੀਐਸਸੀ ਨਰਸਿੰਗ ਜੀਐਨਐਮ, ਏਐਨਐਮ, ਬੀਐਸਸੀ ਨਰਸਿੰਗ ਅਤੇ ਸਹਾਇਕ ਸਿਹਤ ਸੰਭਾਲ ਵਿਸ਼ਿਆਂ ਸਮੇਤ ਵੱਖ-ਵੱਖ ਸਿਹਤ ਸੰਭਾਲ ਪ੍ਰੋਗਰਾਮਾਂ ਦੇ 200 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਇਸ ਵਿੱਚ ਡਾ। ਕੁਲਭੂਸ਼ਣ ਸ਼ਰਮਾ, ਡਾਇਰੈਕਟਰ ਦੇਸ਼



ਭਗਤ ਆਯੁਰਵੈਦਿਕ ਕਾਲਜ ਅਤੇ ਹਸਪਤਾਲ ਅਤੇ ਹੋਰ ਫੈਕਲਟੀ ਮੈਂਬਰਾਂ ਦੀ ਮੌਜੂਦਗੀ ਨੇ ਖੂਬ ਰੌਣਕ ਵਧਾਈ।

ਆਪਣੇ ਸਵਾਗਤੀ ਭਾਸ਼ਣ ਵਿੱਚ ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਪ੍ਰੈਜ਼ੀਡੈਂਟ ਡਾ। ਹਰਸ਼ ਸਦਾਵਰਤੀ ਨੇ ਸਿਹਤ ਸੰਭਾਲ ਵਿੱਚ ਉੱਭਰ ਰਹੇ ਪ੍ਰਮਾਣੀਕਰਨਾਂ ਰਾਹੀਂ ਹੁਨਰਾਂ ਨੂੰ ਵਧਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਸਿਹਤ ਸੰਭਾਲ ਖੇਤਰ ਨੂੰ ਬਦਲਣ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਵਿੱਚ ਖੋਜ ਦੀ ਭੂਮਿਕਾ 'ਤੇ ਚਾਨਣਾ ਪਾਇਆ। ਉਨ੍ਹਾਂ ਵਿਦਿਆਰਥੀਆਂ ਨੂੰ ਵਿਸ਼ਵਵਿਆਪੀ ਮੌਕਿਆਂ 'ਤੇ ਵਿਚਾਰ ਕਰਨ ਲਈ ਉਤਸ਼ਾਹਿਤ ਕੀਤਾ, ਪਰ ਆਕਟਸ ਟ੍ਰੇਨਿੰਗ ਇੰਸਟੀਚਿਊਟ, ਆਸਟ੍ਰੇਲੀਆ ਵਰਗੇ ਸੰਸਥਾਨਾਂ ਦੁਆਰਾ ਪ੍ਰਦਾਨ ਕੀਤੇ ਗਏ ਗਿਆਨ ਅਤੇ ਹੁਨਰਾਂ ਨਾਲ ਆਪਣੇ ਆਪ ਨੂੰ ਲੈਸ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਆਕਟਸ ਦੇ ਗਲੋਬਲ ਐਂਗੇਜਮੈਂਟ ਕੰਸਲਟੈਂਟ ਡਾ। ਸੁਮੀਤ ਸ਼ਰਮਾ ਦਾ ਜਾਣਕਾਰੀ ਭਰਪੂਰ ਸੈਸ਼ਨ ਲਈ ਧੰਨਵਾਦ ਕੀਤਾ ਅਤੇ ਆਕਟਸ ਦੇ ਸਹਿਯੋਗ ਨਾਲ ਟਵਿਨਿੰਗ ਅਤੇ ਪਾਥਵੇਅ ਪ੍ਰੋਗਰਾਮ ਪੇਸ਼ ਕਰਨ ਦੇ ਡੀਬੀਯੂ ਦੇ ਇਰਾਦੇ ਦਾ ਐਲਾਨ ਕੀਤਾ, ਜਿਸ ਨਾਲ ਵਿਦਿਆਰਥੀਆਂ ਨੂੰ ਭਾਰਤ ਅਤੇ ਆਸਟ੍ਰੇਲੀਆ ਦੋਵਾਂ ਵਿੱਚ ਪੜ੍ਹਾਈ ਕਰਨ ਦਾ ਮੌਕਾ ਮਿਲੇਗਾ।

ਡਾ। ਹਰਸ਼ ਨੇ ਇਹ ਵੀ ਦੱਸਿਆ ਕਿ ਦੇਸ਼ ਭਗਤ ਯੂਨੀਵਰਸਿਟੀ ਆਪਣੇ ਜੀ ਐਨ ਐਮ, ਏ ਐਨ ਐਮ ਅਤੇ ਹੋਰ ਸਿਹਤ ਸੰਭਾਲ ਪ੍ਰੋਗਰਾਮਾਂ ਵਿੱਚ ਐਕਟਸ ਸਰਟੀਫਿਕੇਟ ਸ਼ਾਮਲ ਕਰਨ ਦੀ ਯੋਜਨਾ ਬਣਾ ਰਹੀ ਹੈ ਜੋ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿਖਲਾਈ ਪ੍ਰਦਾਨ ਕਰੇਗਾ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਸ਼ਾਨਦਾਰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰੇਗਾ।

ਸੈਸ਼ਨ ਦੌਰਾਨ ਡਾ। ਸੁਮੀਤ ਸ਼ਰਮਾ ਨੇ ਆਕਟਸ ਦੁਆਰਾ ਪੇਸ਼ ਕੀਤੇ ਜਾਂਦੇ ਪ੍ਰਮਾਣੀਕਰਨਾਂ ਅਤੇ ਆਸਟ੍ਰੇਲੀਆ ਵਿੱਚ ਹੁਨਰਮੰਦ ਸਿਹਤ ਸੰਭਾਲ ਪੇਸ਼ੇਵਰਾਂ ਦੀ ਉੱਚ ਮੰਗ ਬਾਰੇ ਵਿਸਥਾਰ ਨਾਲ ਦੱਸਿਆ। ਉਸਨੇ ਦੱਸਿਆ ਕਿ ਕਿਵੇਂ ਕਮਿਊਨਿਟੀ ਸੇਵਾ, ਬਜ਼ੁਰਗਾਂ ਦੀ ਦੇਖ-ਭਾਲ ਅਤੇ ਅਪੰਗਤਾ ਸਹਾਇਤਾ ਦੇ ਪ੍ਰੋਗਰਾਮ ਰੁਜ਼ਗਾਰਯੋਗਤਾ ਨੂੰ ਮਹੱਤਵਪੂਰਨ ਢੰਗ ਨਾਲ ਵਧਾ ਸਕਦੇ ਹਨ ਅਤੇ ਵਿਦਿਆਰਥੀਆਂ ਨੂੰ ਵਿਸ਼ਵਵਿਆਪੀ ਕਰੀਅਰ ਲਈ ਤਿਆਰ ਕਰ ਸਕਦੇ ਹਨ।

ਇਸ ਸੈਸ਼ਨ ਨੂੰ ਵਿਦਿਆਰਥੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ, ਜਿਨ੍ਹਾਂ ਨੇ ਕੀਮਤੀ ਜਾਣਕਾਰੀ ਅਤੇ ਸਾਂਝੇ ਕੀਤੇ ਮੌਕਿਆਂ ਦੀ ਸ਼ਲਾਘਾ ਕੀਤੀ। ਦੇਸ਼ ਭਗਤ ਯੂਨੀਵਰਸਿਟੀ ਆਕਟਸ ਟ੍ਰੇਨਿੰਗ ਇੰਸਟੀਚਿਊਟ ਵਰਗੇ ਵੱਕਾਰੀ ਸੰਸਥਾਨਾਂ ਦੇ ਸਹਿਯੋਗ ਰਾਹੀਂ ਆਪਣੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਅਤੇ ਵਿਸ਼ਵਵਿਆਪੀ ਪਹੁੰਚ ਨਾਲ ਸਸ਼ਕਤ ਬਣਾਉਣ ਲਈ ਵਚਨਬੱਧ ਹੈ।

# ਸ੍ਰ. ਅਤਿੰਦਰਜੀਤ ਸਿੰਘ ਰੰਧਾਵਾ (ਗੋਲਡੀ) ਦਾ ਅਕਾਲ ਚਲਾਣਾ



ਪੰਜਾਬੀ ਲਿਖਾਰੀ ਸਭਾ (ਰਜਿ.) ਜਲੰਧਰ ਦੇ ਚੇਅਰਮੈਨ ਅਤੇ ਪ੍ਰਸਿੱਧ ਪੰਥਕ ਕਵੀ ਪ੍ਰੋ ਦਲਬੀਰ ਸਿੰਘ ਰਿਆੜ ਦੇ ਦਾਮਾਦ ਸ੍ਰ ਅਤਿੰਦਰਜੀਤ ਸਿੰਘ ਰੰਧਾਵਾ (ਗੋਲਡੀ) ਬੀਤੇ ਦਿਨੀਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਉਹ ਆਪਣੇ ਪਿੱਛੇ ਪਤਨੀ ਅਤੇ ਇੱਕ ਬੇਟੇ ਨੂੰ ਛੱਡ ਗਏ।

ਉਹਨਾਂ ਨਮਿੱਤ ਸਹਿਜ ਪਾਠ ਅਤੇ ਅੰਤਮ ਅਰਦਾਸ ਮਿਤੀ 18-1-2025 ਦਿਨ ਸ਼ਨੀਵਾਰ ਨੂੰ ਗੁਰਦੁਆਰਾ ਛੇਵੀਂ ਪਾਤਸ਼ਾਹੀ ਰਣਜੀਤ ਐਵਿਨਿਊ ਬਲਾਕ ਏ ਅਮ੍ਰਿਤਸਰ ਵਿਖੇ ਦੁਪਹਿਰ 1 ਵਜੇ ਤੋਂ 2 ਵਜੇ ਤੱਕ ਹੋਵੇਗੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਬਾਪੂ ਸੂਰਤ ਸਿੰਘ ਖਾਲਸਾ ਦਾ ਦੇਹਾਂਤ, ਅਮਰੀਕਾ 'ਚ ਲਏ ਆਖਰੀ ਸਾਹ



ਜਲੰਧਰ- ਬਾਪੂ ਸੂਰਤ ਸਿੰਘ ਖਾਲਸਾ ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ ਨੇ ਅਮਰੀਕਾ ਵਿਚ ਆਖਰੀ ਸਾਹ ਲਏ। ਉਹ ਕੁਝ ਸਮਾਂ ਪਹਿਲਾਂ ਹੀ ਪਰਿਵਾਰ ਨਾਲ ਅਮਰੀਕਾ ਸ਼ਿਫ਼ਟ ਹੋਏ ਸਨ। ਉਹ 8 ਸਾਲ ਦੇ ਲੰਮੇ ਸਮੇਂ ਤਕ ਬੰਦੀ ਸਿੱਖਾਂ ਦੀ ਰਿਹਾਈ ਲਈ ਭੁੱਖ ਹੜਤਾਲ 'ਤੇ ਬੈਠੇ ਰਹੇ ਸਨ। ਭੁੱਖ ਹੜਤਾਲ ਦੌਰਾਨ ਉਹ ਲੁਧਿਆਣਾ DMC ਹਸਪਤਾਲ ਵਿਚ ਦਾਖਲ ਵੀ ਰਹੇ ਸਨ। ਉਨ੍ਹਾਂ ਨੇ 16 ਜਨਵਰੀ 2015 ਨੂੰ 82 ਸਾਲ ਦੀ ਉਮਰ ਵਿੱਚ ਬੰਦੀ ਸਿੱਖਾਂ ਦੀ ਰਿਹਾਈ ਲਈ ਆਪਣਾ ਸੰਘਰਸ਼ ਸ਼ੁਰੂ ਕੀਤਾ ਅਤੇ 14 ਜਨਵਰੀ 2023 ਨੂੰ ਆਪਣਾ ਮਰਨ ਵਰਤ ਖਤਮ ਕੀਤਾ ਸੀ।ਇਸ ਦੌਰਾਨ ਉਨਾਂ ਨੂੰ ਸਿਰਫ਼ ਇੱਕ ਨੱਕ ਰਾਹੀਂ ਭੋਜਨ ਦਿੱਤਾ ਜਾਂਦਾ ਸੀ । ਸੂਰਤ ਸਿੰਘ ਖਾਲਸਾ ਦੇ ਮਰਨ ਵਰਤ ਦਾ ਮਕਸਦ ਪੰਜਾਬ ਅਤੇ ਦੇਸ਼ ਦੀਆਂ ਜੇਲ੍ਹਾਂ ਵਿੱਚ ਬੰਦ ਉਨ੍ਹਾਂ ਸਿੰਘਾਂ ਦੀ ਰਿਹਾਈ ਨੂੰ ਯਕੀਨੀ ਬਣਾਉਣਾ ਸੀ ਜੋ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਲੰਬਾ ਸਮਾਂ ਸੰਘਰਸ਼ ਕਰਨ ਵਾਲੇ ਬਾਪੂ ਸੂਰਤ ਸਿੰਘ ਦੇ ਅਕਾਲ ਚਲਾਣੇ 'ਤੇ ਗਹਿਰੀ ਸੰਵੇਦਨਾ ਪ੍ਰਗਟ ਕਰਦਿਆਂ ਆਖਿਆ ਹੈ ਕਿ ਬਾਪੂ ਸੂਰਤ ਸਿੰਘ ਦਾ ਸੰਘਰਸ਼ਸ਼ੀਲ ਜੀਵਨ ਸਦਾ ਚੇਤੇ ਰੱਖਿਆ ਜਾਵੇਗਾ।

ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਬਾਪੂ ਸੂਰਤ ਸਿੰਘ ਪੰਥਕ ਜਜ਼ਬੇ ਦੀ ਮਿਸਾਲ ਸਨ। ਉਨ੍ਹਾਂ ਨੇ ਸਿੱਖ ਸੰਘਰਸ਼ ਵਿਚ ਅਹਿਮ ਸੇਵਾਵਾਂ ਦੇਣ ਤੋਂ ਇਲਾਵਾ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਬੜਾ ਕਠਿਨ ਤੇ ਔਕੜਾਂ ਭਰਿਆ ਸੰਘਰਸ਼ ਕੀਤਾ ਹੈ। ਉਨ੍ਹਾਂ ਜਿੱਥੇ ਬਾਪੂ ਸੂਰਤ ਸਿੰਘ ਦੀ ਆਤਮਾ ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਸਦੀਵੀ ਨਿਵਾਸ ਲਈ ਅਰਦਾਸ ਕੀਤੀ, ਉੱਥੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਕਾਮਨਾ ਵੀ ਕੀਤੀ।

# ਅੰਬੇਡਕਰੀ ਤੇ ਬੁੱਧਿਸਟਾਂ ਨੇ ਵਧੀਕ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਬੋਧ ਗਯਾ ਮਹਾਂ ਬੁੱਧ ਵਿਹਾਰ ਦਾ ਨਿਰੋਲ ਕੰਟਰੋਲ ਬੋਧੀਆਂ ਨੂੰ ਸੌਂਪਣ ਲਈ ਮੈਮੋਰੰਡਮ ਦਿੱਤਾ

**ਜਲੰਧਰ (ਜੱਸਲ)**– ਅੱਜ ਅੰਬੇਡਕਰੀ ਅਤੇ ਬੁੱਧਿਸਟ ਸ੍ਰੀ ਗੁਰਮੇਲ ਸਿੰਘ ਧੂਰੀ ਅਤੇ ਅਮਰੀਕ ਸਿੰਘ ਐਮ. ਸੀ. ਧੂਰੀ ਵੱਲੋਂ ਵਧੀਕ ਡਿਪਟੀ ਕਮਿਸ਼ਨਰ ਸੰਗਰੂਰ ਰਾਹੀਂ ਮਾਨਯੋਗ ਪ੍ਰਧਾਨ ਮੰਤਰੀ ਜੀ, ਮਾਨਯੋਗ ਦੇਸ਼ ਦੇ ਰਾਸ਼ਟਰਪਤੀ ਜੀ, ਬਿਹਾਰ ਰਾਜ ਦੇ ਮਾਨਯੋਗ ਮੁੱਖ ਮੰਤਰੀ ਜੀ, ਘੱਟ ਗਿਣਤੀਆਂ ਕਮਿਸ਼ਨ ਭਾਰਤ ਸਰਕਾਰ ਨੂੰ ਮੈਮੋਰੰਡਮ ਦਿੱਤਾ ਗਿਆ। ਜਿਸ ਵਿੱਚ ਬੋਧ ਗਯਾ ਮੰਦਰ ਐਕਟ 1949 ਨੂੰ ਰੱਦ ਕਰਨ ਅਤੇ ਬੋਧ ਗਯਾ ਮਹਾ ਬੁੱਧ ਬਿਹਾਰ ਦਾ ਕੰਟਰੋਲ ਨਿਰੋਲ ਬੋਧੀਆਂ ਨੂੰ ਸੌਂਪੇ ਜਾਣ ਦੀ ਮੰਗ ਕੀਤੀ ਗਈ ।ਇਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਤੋਂ ਇਹ ਮੰਗ ਕੀਤੀ ਗਈ ਕਿ ਪੰਜਾਬ ਵਿੱਚ ਬੁੱਧ ਪੂਰਨਿਮਾ ਦੀ ਸਰਕਾਰੀ ਛੁੱਟੀ ਕੀਤੀ ਜਾਵੇ। ਇਸ ਮੰਗ ਪੱਤਰ 'ਤੇ ਨਵਕਰਨ ਸਿੰਘ, ਤਜਿੰਦਰ ਸਿੰਘ, ਸਨੀ ਸਿੰਘ, ਜਸਵੀਰ ਸਿੰਘ, ਬਲਵਿੰਦਰ ਸਿੰਘ, ਜਸਵੀਰ ਕੌਰ, ਕੁਲਵੰਤ ਸਿੰਘ, ਕਨਵਰਜੀਤ ਸਿੰਘ, ਜਸਕਰਨਦੀਪ ਸਿੰਘ , ਗੁਰਮੇਲ ਸਿੰਘ, ਮਨਜੀਤ ਕੌਰ, ਜਗਦੇਵ ਸਿੰਘ, ਗੁਰਦੇਵ ਸਿੰਘ, ਸਤਿੰਦਰ ਸਿੰਘ, ਕੁਲਦੀਪ ਕੌਰ, ਗੁਰਨਾਮ ਸਿੰਘ, ਚਰਨਜੀਤ ਸਿੰਘ ਕੈਂਥ, ਹਾਕਮ ਸਿੰਘ ਧੂਰੀ , ਰਾਮ ਸਰੂਪ ਧੂਰੀ ਆਦਿ ਅੰਬੇਡਕਰੀ, ਮੂਲ ਨਿਵਾਸੀਆਂ, ਉੱਚੀ ਸੋਚ ਰੱਖਣ ਵਾਲਿਆਂ ਅਤੇ ਬੋਧੀ ਸਾਥੀਆਂ ਨੇ ਦਸਤਖਤ ਕਰਕੇ ਆਪਣਾ ਸਮਰਥਨ ਦਿੱਤਾ।





ਬਾਬੂ ਮੰਗੂ ਰਾਮ ਮੂਗੋਵਾਲੀਆ ਦੇ ਜਨਮ ਦਿਨ 'ਤੇ ਵਿਸ਼ੇਸ਼

# .ਗ਼ਦਰੀ ਬਾਬਾ ਮੰਗੂ ਰਾਮ ਮੂਗੋਵਾਲੀਆ ਅਤੇ ਆਦਿ-ਧਰਮ

## ਸੰਪਾਦਕ, ਸਵੈ-ਜੀਵਨੀਕਾਰ, ਕਵੀ ਅਤੇ ਸੁਘੜ ਰਾਜਨੀਤੀਵਾਨ

ਬਾਬੂ ਮੰਗੂ ਰਾਮ ਮੂਗੋਵਾਲੀਆ ਇੱਕ ਐਸੀ ਵਿਲੱਖਣ ਸ਼ਖ਼ਸੀਅਤ ਸਨ ਜਿਹੜੇ ਨਾ ਕੇਵਲ ਰਾਜਨੀਤਕ ਨੇਤਾ ਵਜੋਂ ਪੰਜਾਬ ਦੀ ਰਾਜਨੀਤੀ ਵਿੱਚ ਉੱਭਰੇ, ਸਗੋਂ ਉਹ ਇੱਕ ਕੁਸ਼ਲ ਸੰਪਾਦਕ ਅਤੇ ਸਾਹਿਤਕਾਰ ਵੀ ਸਨ। ਅਮਰੀਕਾ 'ਚ ''ਗ਼ਦਰ ਲਹਿਰ'' 'ਚ ਕੰਮ ਕਰਦਿਆਂ ਜਿਥੇ ਮਨੁੱਖੀ ਅਜ਼ਾਦੀ ਦੇ ਅਰਥ ਅਤੇ ਸੰਭਾਵਨਾਵਾਂ ਤੋਂ ਭਲੀਭਾਂਤ ਵਾਕਿਫ਼ ਸਨ, ਉਥੇ ਉਹ ਪ੍ਰੈੱਸ ਦੀ ਅਜ਼ਾਦੀ ਬਾਰੇ ਵੀ ਜਾਗਰੁਕ ਸਨ। ਇਸ ਕਾਰਨ ਆਦਿ-ਧਰਮ ਮੰਡਲ ਲਹਿਰ ਦੀ ਪਹਿਲੀ ਹੀ ਕਾਨਫਰੰਸ ਵਿੱਚ ਬਾਬੂ ਮੰਗੂ ਰਾਮ ਜੀ ਨੇ 1926 ਈਸਵੀ ਵਿੱਚ ਆਦਿ-ਧਰਮ ਦੇ ਇਸ਼ਤਿਹਾਰ ਵਿੱਚ ਆਪਣੀ ਇੱਕ ਕਵਿਤਾ,

''ਆਦਿ ਧਰਮੀਓ! ਸੁਣੋ ਖਿਆਲ ਕਰਕੇ''


ਕੌਮ ਦੇ ਨਾਂ ਸੰਦੇਸ਼ ਵਿੱਚ ਕਵੀ ਹੋਣ ਦਾ ਪ੍ਰਮਾਣ ਹੀ ਨਹੀਂ ਦਿੱਤਾ, ਸਗੋਂ ਆਪਣੇ ਸਮਾਜ ਦੀ ਮੰਦੀ ਸਮਾਜਿਕ ਸਥਿਤੀ ਦਾ ਵੀ ਵਰਨਣ ਕੀਤਾ। 1927-28 'ਚ ਪੰਜਾਬੀ ਵਿੱਚ ''ਆਦਿ ਡੰਕਾ'' ਸਪਤਾਹਿਕ ਅਖ਼ਬਾਰ ਸ਼ੁਰੂ ਕੀਤਾ ਫਿਰ 1930 ਈਸਵੀ 'ਚ ਉਰਦੂ ਵਿੱਚ ਵੀ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ। ਇਹ ਅਖਬਾਰ 1951 ਤੱਕ ਚਲਦੀ ਰਹੀ। ਹਰ ਮੰਗਲਵਾਰ ਇਹ ਅਖ਼ਬਾਰ ਉਰਦੂ ਅਤੇ ਪੰਜਾਬੀ ਵਿੱਚ ਇਕੱਠੇ ਹੀ ਪੋਸਟ ਕੀਤੇ ਜਾਂਦੇ ਸਨ। ਬਾਅਦ ਵਿੱਚ ਬਾਬੂ ਜੀ ਦੇ ਰਾਜਨੀਤਕ ਰੁਝੇਵਿਆਂ ਕਾਰਨ ''ਆਦਿ-ਡੰਡਾ'' ਦੀ ਸੰਪਾਦਕ ਦੀ ਜ਼ਿੰਮੇਵਾਰੀ ਬਾਬੂ ਰਾਮ ਚੰਦ ਖੇੜਾ ਨੂੰ ਸੌਂਪ ਦਿੱਤੀ। ਸੰਤ ਰਾਮ ਅਜ਼ਾਦ ਨੂੰ ਸਬ-ਐਡੀਟਰ ਬਣਾਇਆ ਗਿਆ। ''ਆਦਿ ਡੰਕਾ'' ਦੇ ਮੁਢਲੇ ਕਵੀਆਂ ਵਿੱਚ ਬਾਬੂ ਮੰਗੂ ਰਾਮ ਮੂਗੋਵਾਲੀਆ, ਸੰਤ ਰਾਮ ਭਾਮ, ਧੰਨ ਸਿੰਘ ਲੰਗੇਰੀ, ਸੰਸਾਰ ਚੰਦ ਮੂਗੋਵਾਲੀਆ, ਭਗਤ ਰਾਮ ਦੀਵਾਨਾ ਮੰਡਾਲੀ, ਸੰਤ ਗੋਪਾਲ ਦਾਸ, ਗੁਰਦਾਸ ਦਾਸ ਆਲਮ, ਪੰਡਿਤ ਹਰੀ ਰਾਮ ਪੰਡੋਰੀ ਬੀਬੀ, ਚਰਨ ਸਿੰਘ ਸਫ਼ਰੀ, ਚਾਨਣ ਲਾਲ ਮਾਣਕ, ਸੰਤ ਰਾਮ ਅਜ਼ਾਦ, ਸੰਗੂ ਰਾਮ ਰਾਇਪੁਰ ਡੱਬਾ, ਪੰਡਿਤ ਬਖਸ਼ੀ ਰਾਮ ''ਆਦਿ ਦੁਖੜੇ'' ਟ੍ਰੈਕਟ ਵਿੱਚ ਕਵੀਆਂ ਦੀਆਂ ਕਵਿਤਾਵਾਂ ਛਾਪ ਕੇ ਮੁਫ਼ਤ ਵੰਡਦੇ ਸੀ।''

ਮਹੱਤਵਪੂਰਨ ਤੱਥ ਇਹ ਹੈ ਕਿ 'ਆਦਿ-ਡੰਕਾ' ਦੇ ਇਹ ਕਵੀ ਆਦਿ-ਧਰਮ ਲਹਿਰ ਨਾਲ ਸਬੰਧਤ ਪਰਚਿਆਂ ਵਿੱਚ ਲਗਾਤਾਰ ਛਪਦੇ ਰਹੇ। ਜਿਨ੍ਹਾਂ ਦੀ ਗਿਣਤੀ ਕਈ ਦਰਜਨ ਹੈ। ਇਸ ਤੋਂ ਬਾਅਦ ''ਆਦੀ ਦੁਖੜੇ'' ਟ੍ਰੈਕਟ ਨੰਬਰ 1 ਵਿਚ ਬਾਬੂ ਜੀ ਦੀਆਂ ਕਵਿਤਾਵਾਂ ਪ੍ਰਕਾਸ਼ਿਤ ਹੋਈਆਂ। 'ਆਦੀ ਦੁਖੜੇ' ਟ੍ਰੈਕਟ ਕਿਸ਼ਨਾ ਸਟੀਮ ਪ੍ਰੈੱਸ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ ਗਿਆ ਜਿਸ ਦੀ ਪ੍ਰਕਾਸ਼ਿਤ ਤਾਦਾਦ ਦੋ ਹਜ਼ਾਰ (2000) ਸੀ। ਮਿਤੀ ਟ੍ਰੈਕਟ ਉਪਰ ਨਹੀਂ ਲਿਖੀ ਸੰਭਵ ਹੈ-1926 ਤੋਂ ਬਾਅਦ ਹੀ ਛਪਿਆ ਹੋਵੇ। ਟ੍ਰੈਕਟ ਦੇ ਮੁੱਖ ਪੰਨੇ ਉਪਰ 'ਏਕ ਬ੍ਰਹਮ ਦੁਤੀਆ ਨਾਸ' ਪ੍ਰਕਾਸ਼ਿਤ ਹੈ, ਨਾਲ ਹੀ 'ਸੋਹੰ' ''ਆਦ ਧਰਮ ਕੀਜੈ' ਛਪਿਆ ਹੈ। ਸੰਭਵ ਹੈ ਇਸ ਟ੍ਰੈਕਟ ਤੋਂ ਬਾਅਦ ਵੀ ਹੋਰ ਟ੍ਰੈਕਟ ਪ੍ਰਕਾਸ਼ਿਤ ਹੋਏ ਹੋਣਗੇ। 'ਆਦਿ-ਦੁਖੜੇ' ਟ੍ਰੈਕਟ ਵਿੱਚ ਬਾਬੂ ਜੀ ਦੀ ਕਵਿਤਾ ਗੁਰਦੇਵ ਉਸਤਤੀ ਨਾਲ ਸ਼ੁਰੂ ਹੁੰਦੀ ਹੈ ਜਿਸ ਵਿੱਚ 10 ਕਵਿਤਾਵਾਂ ਬੈਂਤ ਛੰਦ ਵਿੱਚ ਹਨ ਤੇ ਚਾਰ ਕੋਰੜਾ ਛੰਦ ਵਿੱਚ। ਬਾਬੂ ਮੰਗੂ ਰਾਮ ਮੂਗੋਵਾਲੀਆ ਦੀਆਂ ਕੁਝ ਕਵਿਤਾਵਾਂ 'ਰਵਿਦਾਸ ਪੱਤ੍ਰਿਕਾ' 'ਚ ਵੀ ਪ੍ਰਕਾਸ਼ਿਤ ਹੋਈਆਂ। ਇਸ ਟ੍ਰੈਕਟ 'ਚ ਪ੍ਰਕਾਸ਼ਿਤ ਕਵਿਤਾਵਾਂ ਮੂਲ ਰੂਪ 'ਚ ਆਦਿ-ਧਰਮ ਦਾ ਮੁਢਲਾ ਕਾਵਿ, ਹੈ ਜਿਸ ਨੂੰ ਛੰਦ ਬੱਧ ਰਚਨਾ ਕਿਹਾ ਜਾ ਸਕਦਾ ਹੈ। ਇਹ ਮਨੋਰਥ ਮੁਖੀ ਕਾਵਿ ਹੈ, ਜਿਸ ਵਿੱਚ ਮੁਢਲੇ ਤੌਰ 'ਤੇ ਗੁਰਦੇਵ ਉਸਤਤੀ ਤੋਂ ਬਾਅਦ ਗੁਰਦੇਵ ਅੱਗੇ ਆਪਣੀ ਕੌਮ ਦੀ ਬਦ ਤੋਂ ਬਦਤਰ ਸਥਿਤੀ ਦਾ ਵਰਨਣ ਕੀਤਾ ਗਿਆ ਹੈ। ਨਾਲ ਹੀ ਆਦਿ-ਧਰਮੀ ਸਮਾਜ ਨੂੰ ਜਾਗਰੁਕ ਕੀਤਾ ਗਿਆ ਹੈ ਕਿ ਤੁਸੀਂ ਆਪਣੇ ਆਪ ਦੀ ਪਛਾਣ ਕਰਕੇ ਵਿਦਿਆ ਪ੍ਰਾਪਤ ਕਰੋ ਤੇ ਗੁਲਾਮੀ ਦੇ ਸਮਾਜਕ ਬੰਧਨਾਂ ਤੋਂ ਮੁਕਤ ਹੋਵੋ। ਸੰਭਵ ਹੈ ਜਦੋਂ ਆਦਿ-ਧਰਮ ਦੇ ਸੰਘਰਸ਼ ਦਾ ਬਿਗਲ ਬੱਜ ਗਿਆ ਸੀ ਉਦੋਂ ਇਹ ਟ੍ਰੈਕਟ ਛਪਿਆ ਹੋਵੇ,

ਆਦਿ ਧਰਮੀਓ ਬੇਨਤੀ ਮੰਨ ਲੈਣੀ
ਬਿਗਲ ਕੌਮ ਸੁਧਾਰ ਦਾ ਬੱਜ ਗਿਆ।

ਬਾਬੂ ਮੰਗੂ ਰਾਮ ਮੂਗੋਵਾਲੀਆ ਸਿਰਫ਼ ਸੰਪਾਦਕ ਅਤੇ ਕਵੀ ਹੀ ਨਹੀਂ ਸੀ ਸਗੋਂ ਉਸ ਨੇ ਆਪਣੀਆਂ ਲਿਖਤਾਂ ਵਿੱਚ ਸਵੈ-ਜੀਵਨੀ ਮੂਲਕ ਬਿਰਤਾਂਤ ਦੀ ਸਿਰਜਨਾ ਵੀ ਕੀਤੀ ਹੈ, ਨਾਲ ਹੀ ਆਦਿ-ਧਰਮ ਦੇ ਪ੍ਰਸੰਗ ਵਿੱਚ ਰਵਿਦਾਸ ਪੱਤ੍ਰਿਕਾ ਦੇ 1970ਵਿਆਂ ਦੇ ਅੰਕਾਂ ਵਿੱਚ ਆਦਿ-ਧਰਮੀ ਕੌਮ ਦੇ ਨਾਂ ਸੰਦੇਸ਼ ਦੇ ਰੂਪ 'ਚ ਲਗਾਤਾਰ ਛੋਟੇ ਲੇਖਾਂ ਦੇ ਰੂਪ 'ਚ ਵਾਰਤਕ ਦੀ ਰਚਨਾ ਵੀ ਕੀਤੀ ਹੈ। ਸਪਤਾਹਿਕ ਰਵਿਦਾਸ ਪੱਤ੍ਰਿਕਾ ਜਨਵਰੀ 1970 'ਚ ਛਪਣਾ ਸ਼ੁਰੂ ਹੋਇਆ। ਪਰਚੇ ਦੀ ਪ੍ਰਕਾਸ਼ਨਾ ਦਾ ਮਨੋਰਥ ਆਦਿ-ਧਰਮ ਮੰਡਲ ਲਹਿਰ ਨੂੰ ਮੁੜ ਤੋਂ ਉਸਾਰਨਾ ਸੀ। ਬਾਬੂ ਮੰਗੂ ਰਾਮ ਮੂਗੋਵਾਲੀਆ ਨੇ 30 ਜੂਨ 1970 ਦੇ ਅੰਕ 'ਚ ''ਪੰਜਾਬ ਆਦਿ ਧਰਮ ਮੰਡਲ'' ਸਿਰਲੇਖ ਹੇਠ ਲਿਖਣਾ ਸ਼ੁਰੂ ਕੀਤਾ। ਲੇਖਕ ਦਾ ਨਾਮ ਬਾਬੂ ਮੰਗੂ ਰਾਮ ਜਨਮਦਾਤਾ ਆਦਿ-ਧਰਮ ਮੰਡਲ ਦਰਜ ਕੀਤਾ ਗਿਆ ਹੈ। ਲੇਖ ਦੀ ਪਹਿਲੀ ਹੀ ਸਤਰ ਵਿੱਚ ਲਿਖਿਆ ਹੈ ''ਆਦਿ-ਧਰਮ ਮੰਡਲ ਦੀ ਸਥਾਪਨਾ ਉਸ ਸਮੇਂ ਹੋਈ ਜਦੋਂ ਸਾਡੇ ਉੱਤੇ ਕਈ ਤਰ੍ਹਾਂ ਦੇ ਅੱਤਿਆਚਾਰ ਹਿੰਦੂਆਂ ਵਲੋਂ ਹੋ ਰਹੇ ਸਨ।'' ਇਸ ਪ੍ਰਕਾਰ ਬਾਬੂ ਮੰਗੂ ਰਾਮ ਨੇ ਲਗਾਤਾਰ ਰਵਿਦਾਸ ਪੱਤ੍ਰਿਕਾ ਵਿੱਚ ਆਦਿ-ਧਰਮ ਬਾਰੇ ਸਵੈ-ਜੀਵਨੀ ਮੂਲਕ ਨਿਬੰਧ ਲਿਖੇ।

ਇਨ੍ਹਾਂ ਨਿਬੰਧਾਂ ਵਿੱਚ 1970ਵਿਆਂ ਤੋਂ ਬਾਅਦ ਆਦਿ-ਧਰਮ ਮੰਡਲ ਲਹਿਰ ਦੇ ਮੁੜ ਸੰਗਠਿਤ ਰੂਪ ਬਾਰੇ, ਜਿਥੇ ਸੈਂਕੜੇ ਹੋਰ ਲੇਖਕਾਂ ਨੇ ਰਵਿਦਾਸ ਪੱਤ੍ਰਿਕਾ ਵਿੱਚ ਲਗਾਤਾਰ ਲਿਖਿਆ, ਉਥੇ ਵਿਸ਼ੇਸ਼ ਰੂਪ 'ਚ ਬਾਬੂ ਮੰਗੂ ਰਾਮ ਜੀ ਨੇ ਵਿਭਿੰਨ ਦ੍ਰਿਸ਼ਟੀਕੋਣ ਤੋਂ ਲਗਾਤਾਰ ਆਦਿ-ਧਰਮੀ ਸਮਾਜ ਦੀ ਮੁੜ ਅਗਵਾਈ ਕੀਤੀ। ''ਰਾਇਲ ਕਮਿਸ਼ਨ ਦਾ ਆਉਣਾ'' (21 ਜੁਲਾਈ 1970) ਨਾਮਕ ਆਰਟੀਕਲ 'ਚ ਜਿਥੇ ਮੰਗੂ ਰਾਮ ਮੂਗੋਵਾਲੀਆ ਨੇ ਇਸ ਬਾਰੇ ਤਫ਼ਸੀਲ ਨਾਲ ਇਤਿਹਾਸਕ ਜਾਣਕਾਰੀ ਰੌਚਿਕ ਢੰਗ ਨਾਲ ਪੇਸ਼ ਕੀਤੀ ਹੈ, ਉਥੇ ਇਸ ਸਿਰਲੇਖ ਰਾਹੀਂ ਆਦਿ-ਧਰਮ ਦੀ ਆਕਟ ਜਿੱਤ ਦੇ ਇੱਕ ਮਹੱਤਵਪੂਰਨ ਦਸਤਾਵੇਜ਼ ਦੇ ਰੂਪ 'ਚ ਪੇਸ਼ ਕੀਤਾ ਹੈ, ਇਹ ਇੱਕ ਅਜਿਹਾ ਦਸਤਾਵੇਜ਼ ਹੈ ਜਿਸ ਰਾਹੀਂ ਆਦਿ ਧਰਮੀਆਂ ਨੂੰ ਵੱਖਰੇ ਤੌਰ 'ਤੇ ਚੋਣ ਕਮਿਸ਼ਨ ਵਲੋਂ ਵੋਟ ਅਧਿਕਾਰ ਦੀ ਪ੍ਰਵਾਨਗੀ ਦਾ ਮਿਲਣਾ, 1931 ਦੀ ਮਰਦਮ ਸ਼ੁਮਾਰੀ 'ਚ ਵੱਖਰੇ ਤੌਰ 'ਤੇ ਪਛਾਣ ਨਿਸ਼ਚਿਤ ਹੋਣੀ, ਮੁੜ 1937 'ਚ ਚੋਣਾਂ 'ਚ ਆਦਿ-ਧਰਮੀ ਮੈਂਬਰਾਂ ਦਾ ਜਿੱਤਣਾ ਅਤੇ ਬਾਬੂ ਜੀ ਦਾ 1945 'ਚ ਹੁਸ਼ਿਆਰਪੁਰ ਸੀਟ ਤੋਂ ਪੰਜਾਬ ਵਿਧਾਨ ਸਭਾ ਦਾ ਮੈਂਬਰ ਚੁਣੇ ਜਾਣਾ, ਸ਼ਾਮਿਲ ਹੈ। ਇਸ ਪ੍ਰਸੰਗ ਵਿੱਚ ਇਹ ਜਾਣਕਾਰੀ ਦੇਣੀ ਵੀ ਉਚਿਤ ਜਾਪਦੀ ਹੈ ਕਿ ਇਸੇ ਸਮੇਂ 22 ਦਸੰਬਰ 1970 'ਚ ਆਦਿ-ਧਰਮ ਮੰਡਲ ਦੀ ਮੁੜ ਸਥਾਪਨਾ ਦੀ ਖ਼ਬਰ ਰਵਿਦਾਸ ਪੱਤ੍ਰਿਕਾ 'ਚ ਪ੍ਰਕਾਸ਼ਿਤ ਹੋਈ। ਬਾਬੂ ਜੀ ਦੀ ਚੋਣ 13 ਦਸੰਬਰ 1970 ਨੂੰ ਪਿੰਡ ਰਾਇਪੁਰ ਬੱਲਾਂ ਵਿਖੇ ਆਦਿ-ਧਰਮ ਦੀ ਇੱਕ ਕਾਨਫਰੰਸ 'ਚ ਹਜ਼ਾਰਾਂ ਆਦਿ-ਧਰਮੀਆਂ ਦੀ ਹਾਜ਼ਰੀ 'ਚ ਕੀਤੀ ਗਈ। ਇਸ ਪ੍ਰਕਾਰ ਬਾਬੂ ਜੀ ਦੇ ਇਸ ਰਾਜਨੀਤਕ ਗਲਪ ਨਾਲ ਇਹ ਸਿੱਧ ਹੁੰਦਾ ਹੈ ਕਿ ਬਾਬੂ ਜੀ ਦੇ 1926 ਦੀ ਕਾਨਫਰੰਸ ਤੋਂ 44 ਸਾਲ ਬਾਅਦ ਦੇ ਰਾਜਨੀਤਕ ਜੀਵਨ ਉਪਰੰਤ ਬੌਧਿਕ ਬਣਤਰ ਵਾਲੇ ਆਰਟੀਕਲਾਂ ਦਾ ਪ੍ਰਕਾਸ਼ਿਤ ਹੋਣਾ ਉਨ੍ਹਾਂ ਨੂੰ ਇੱਕ ਚੰਗੇ ਨਿਬੰਧਕਾਰ ਸਾਬਿਤ ਕਰਦਾ ਹੈ ਜਿਨ੍ਹਾਂ ਵਿੱਚ ਰਾਜਨੀਤਕ ਚੇਤਨਾ ਦਾ ਸ੍ਵਰ ਕਾਫ਼ੀ ਡੂੰਘਾ ਨਜ਼ਰੀਂ ਪੈਂਦਾ ਹੈ।





ਡਾ. ਗੁਰਮੀਤ ਕੱਲਰਮਾਜਰੀ
91-94178-65377

ਬਾਬੂ ਮੰਗੂ ਰਾਮ :

**ਮੇਰੀ ਵਿਦੇਸ਼ ਯਾਤਰਾ ਅਤੇ ਮੇਰਾ ਜੀਵਨ ਬਿਰਤਾਂਤ**

ਬਾਬੂ ਜੀ ਆਪਣੀ ਸਵੈ-ਜੀਵਨੀ ਵਿੱਚ ਆਪਣੇ ਮੁਢਲੇ ਜੀਵਨ ਸਬੰਧੀ ਜ਼ਿਕਰ ਕਰਦੇ ਹਨ ਕਿ ਤਿੰਨ ਵਰ੍ਹਿਆਂ ਦੀ ਉਮਰ 'ਚ ਮਾਤਾ ਜੀ ਚੱਲ ਵਸੇ। ਮੁਢਲੀ ਪੜ੍ਹਾਈ ਪਿੰਡ ਦੇ ਸਕੂਲ 'ਚ ਸ਼ੁਰੂ ਕੀਤੀ। ਇੱਕ ਸਾਲ ਟੂਟੋ ਮਜਾਰਾ ਦੇ ਸਕੂਲ 'ਚ ਪੜ੍ਹਨ ਤੋਂ ਬਾਅਦ ਮਾਹਿਲਪੁਰ ਸਕੂਲ ਤੋਂ ਪ੍ਰਾਇਮਰੀ ਪਾਸ ਕੀਤੀ। ਇਨ੍ਹਾਂ ਦੇ ਪਿਤਾ ਜੀ ਚਮੜੇ ਦਾ ਵਪਾਰ ਕਰਦੇ ਸਨ। ਇਸ ਕੰਮ ਕਾਰ 'ਚ ਅੰਗਰੇਜ਼ੀ ਦੀ ਲੋੜ ਸੀ, ਇਸ ਕਾਰਨ ਮੰਗੂ ਰਾਮ ਨੂੰ ਅਮੀਰ ਚੰਦ ਹਾਈ ਸਕੂਲ ਵਜਵਾੜੇ ਦਾਖਲ ਕਰਵਾ ਦਿੱਤਾ ਗਿਆ। ਉਸ ਸਮੇਂ ਮਾਸਟਰ ਪੋਲੋ ਰਾਮ ਦੇ ਜਾਤੀ ਵਿਤਕਰੇ ਕਾਰਨ ਮੰਗੂ ਰਾਮ ਨੂੰ 1905 'ਚ ਸਕੂਲ ਛੱਡ ਕੇ 1908 ਤੱਕ ਪਿਤਾ ਜੀ ਨਾਲ ਕੰਮ ਕਰਵਾਉਣਾ ਪਿਆ। ਉਨ੍ਹਾਂ ਸਮਿਆਂ 'ਚ ਦੁਆਬੇ 'ਚੋਂ ਅਮਰੀਕਾ ਲਈ ਰੁਜ਼ਗਾਰ ਕਾਰਨ ਪਰਵਾਸ ਹੋਣਾ ਸ਼ੁਰੂ ਹੋ ਚੁੱਕਾ ਸੀ। ਪਾਸਪੋਰਟ ਦੀ ਜ਼ਰੂਰਤ ਨਹੀਂ ਸੀ ਹੁੰਦੀ। ਸਾਥੀਆਂ ਨਾਲ 1909 ਦੇ ਅਖੀਰ ਵਿਚ ਕੈਲੇਫੋਰਨੀਆ (ਅਮਰੀਕਾ) ਪਹੁੰਚ ਕੇ ਪਿੰਡ ਦੇ ਸਾਥੀਆਂ ਨਾਲ ਫ਼ਲ ਤੋੜਨ ਦਾ ਕੰਮ ਕਰਨਾ ਪਿਆ। ਬਾਬੂ ਜੀ ਨੇ ਇਥੇ ਚਾਰ ਸਾਲ ਕੰਮ ਕੀਤਾ। ਪਹਿਲਾਂ ਫਰਿਜ਼ਨੋ, ਫਿਰ ਸਟਾਕਟਨ (Sackton), ਸੈਕਰਾਮੈਂਟੋ, ਐਲਸੈਂਟਰੋ (5lcentro, ਵਾਕਾਵਿਲਾ (Vacavilla), ਵੀਸਾਲੀਆ (Visalia) ਤੋਂ ਬਾਅਦ ਮੁੜ ਫਰਿਜ਼ਨੋ ਕੰਮ ਕੀਤਾ। ਇਥੇ ਰਹਿੰਦਿਆਂ ਬਾਬੂ ਮੰਗੂ ਰਾਮ ਨੇ ਮਹਿਸੂਸ ਕੀਤਾ ਕਿ ਇਥੇ ਛੂਤ-ਛਾਤ ਬਿਲਕੁਲ ਨਹੀਂ ਸੀ। ਫਿਰ ਇਹ ਦੂਹਰੀ ਗੁਲਾਮੀ ਭਾਰਤ ਵਿੱਚ ਹੀ ਕਿਉਂ? ਰਾਜਨੀਤਕ ਗੁਲਾਮੀ ਤਾਂ ਸਾਰੇ ਭਾਰਤੀਆਂ ਲਈ ਹੈ ਹੀ, ਪ੍ਰੰਤੂ ਅਛੂਤਾਂ ਲਈ ਇਹ ਦੂਹਰੀ ਗੁਲਾਮੀ ਤੋਂ ਮੁਕਤ ਹੋਣਾ ਜ਼ਰੂਰੀ ਹੈ। ਇਥੇ ਰਹਿੰਦਿਆਂ ਬਾਬੂ ਜੀ ਨੇ ਵੇਖਿਆ ਕਿ ਕਾਲੇ ਤੇ ਗੋਰੇ ਮਜ਼ਦੂਰਾਂ 'ਚ ਤਾਂ ਵਿਤਕਰਾ ਹੈ ਜਿਸ ਨੂੰ ਰੰਗ ਨਸਲੀ ਵਿਤਕਰੇ ਵਜੋਂ ਵੇਖਿਆ ਜਾਂਦਾ ਹੈ। ਇਹ ਸਥਿਤੀ ਅੱਜ 21ਵੀਂ ਸਦੀ 'ਚ ਵੀ ਨਜ਼ਰ ਆਉਂਦੀ ਹੈ। ਇਤਫ਼ਾਕ ਨਾਲ ਸਾਨ ਫਰਾਂਸਿਸਕੋ ਸ਼ਹਿਰ ਵਿੱਚ 1913 'ਚ ਲਾਲਾ ਹਰਦਿਆਲ ਨਾਲ ਰਲ ਕੇ ਗ਼ਦਰ ਪਾਰਟੀ 'ਚ ਸ਼ਾਮਿਲ ਹੋ ਗਏ। ਪਾਰਟੀ ਦਾ ਆਪਣਾ ਛਾਪਾਖਾਨਾ ਸੀ। ''ਗ਼ਦਰ ਦੀ ਗੂੰਜ'' ਅਤੇ ਹੋਰ ਅਨੇਕਾਂ ਟ੍ਰੈਕਟ ਛਾਪ ਕੇ ਜਿਥੇ-ਜਿਥੇ ਵੀ ਪੰਜਾਬੀ ਰਹਿੰਦੇ ਸਨ, ਉਥੇ ਭੇਜੇ ਜਾਂਦੇ ਸਨ। ਪਹਿਲੇ ਸੰਸਾਰ ਯੁੱਧ (1914) ਸਮੇਂ ਪਾਰਟੀ ਪ੍ਰਚਾਰ ਲਈ ਬਹੁਤ ਸਾਰੇ ਲੀਡਰ ਜਰਮਨ 'ਚ ਗਏ। ਇਥੇ ਹੀ ਬਾਬੂ ਮੰਗੂ ਰਾਮ ਨੂੰ ਗ਼ਦਰ ਪਾਰਟੀ 'ਚ ਅਜ਼ਾਦੀ ਲਈ ਸੰਘਰਸ਼ ਕਰਦਿਆਂ ਸੰਪਾਦਕੀ, ਛਾਪੇਖਾਨਾ, ਟ੍ਰੈਕਟ-ਅਖ਼ਬਾਰ ਅਤੇ ਰਾਜਨੀਤਕ ਅਨੁਭਵ ਹਾਸਲ ਹੋਇਆ। 1915 'ਚ ਗ਼ਦਰ ਪਾਰਟੀ ਦੀ ਇੱਕ ਮੀਟਿੰਗ 'ਚ ਸਰਦਾਰ ਸੋਹਣ ਸਿੰਘ ਭਕਨਾ ਦੀ ਪ੍ਰਧਾਨਗੀ 'ਚ ਹਿੰਦੁਸਤਾਨ ਹਥਿਆਰ ਲੈ ਕੇ ਜਾਣ ਲਈ ਪੰਜ ਬੰਦਿਆਂ ਦੀ ਚੋਣ 'ਚ ਬਾਬੂ ਮੰਗੂ ਰਾਮ ਦਾ ਨਾਂ ਵੀ ਸ਼ਾਮਿਲ ਸੀ। ਇਸ ਇਤਿਹਾਸਕ ਘਟਨਾ ਦਾ ਜ਼ਿਕਰ ਬਾਬੂ ਮੰਗੂ ਰਾਮ ਨੇ ''ਮੇਰੀ ਵਿਦੇਸ਼ ਯਾਤਰਾ ਅਤੇ ਮੇਰਾ ਜੀਵਨ ਬਿਰਤਾਂਤ'' ਵਿੱਚ ਕੀਤਾ ਹੈ।

ਮੰਗੂ ਰਾਮ ਜੀ ਦਾ ਇਹ ਜੀਵਨ ਬਿਰਤਾਂਤ, ਬਾਕੀ ਲੇਖਕਾਂ ਨਾਲੋਂ ਵੱਖਰਾ ਤੇ ਇਤਿਹਾਸਕ ਹੋਣ ਕਾਰਨ ਵਿਅਕਤੀਗਤ ਨਾ ਹੋ ਕੇ ਗ਼ਦਰ ਲਹਿਰ ਦੇ ਮੁਢਲੇ ਬਾਰਾਂ ਸਾਲਾਂ ਦਾ ਇਹ ਇਤਿਹਾਸਕ ਬਿਰਤਾਂਤ ਹੈ ਜਿਸ ਵਿੱਚ ਮੰਗੂ ਰਾਮ ਦੇ ਦੇਸ਼ ਭਗਤ ਹੋਣ ਦਾ ਸਬੂਤ ਮਿਲਦਾ ਹੈ। ਸਮਕਾਲੀ ਦਲਿਤ ਸਵੈਜੀਵਨੀਕਾਰਾਂ ਵਾਂਗ ਇਹ ਬਿਰਤਾਂਤ ਵਿਅਕਤੀਗਤ ਪੱਧਰ 'ਤੇ ਸਮਾਜਕ ਵਿਤਕਰੇ ਦੀਆਂ ਤਹਿਆਂ ਨੂੰ ਨਹੀਂ ਉਭਾਰਦਾ, ਸਗੋਂ ਵਿਸ਼ਵ ਵਿਆਪੀ ਪੱਧਰ 'ਤੇ ਆਲਮੀ ਜੰਗ ਦੇ ਦ੍ਰਿਸ਼ ਵਿੱਚ ਗ਼ਦਰੀ ਬਾਬਿਆਂ ਦੇ ਯੋਗਦਾਨ ਦੀ ਭਰਵੀਂ ਨਿਸ਼ਾਨਦੇਹੀ ਕਰਦਾ ਹੈ।

ਬਾਬੂ ਮੰਗੂ ਰਾਮ ਨੇ ਆਪਣੀ ਉਮਰ ਦੇ ਲੱਗਭੱਗ ਸੌਲਾਂ ਕੁ ਸਾਲ ਕੈਲੇਫੋਰਨੀਆ ਜਾਣ ਸਮੇਂ ਗ਼ਦਰ ਲਹਿਰ ਵਿੱਚ ਗੁਜ਼ਾਰੇ। ਉਥੇ ਰਹਿੰਦਿਆਂ ਗ਼ਦਰੀ ਬਾਬਿਆਂ ਨਾਲ ਕੰਮ ਕਰਦਿਆਂ ਜਾਤਪਾਤੀ ਵਿਤਕਰੇ ਦਾ ਆਭਾਸ ਕਦੇ ਨਹੀਂ ਸੀ ਹੋਇਆ। ਭਾਰਤ ਨੂੰ ਅਜ਼ਾਦ ਕਰਾਉਣ ਦੀ ਧੁਨ ਹਮੇਸ਼ਾ ਦਿਲ ਦਿਮਾਗ 'ਤੇ ਛਾਈ ਰਹਿੰਦੀ ਪ੍ਰੰਤੂ ਭਾਰਤ ਪਰਤਣ 'ਤੇ ਸਕੂਲ 'ਚ ਪੜ੍ਹਨ ਸਮੇਂ ਬ੍ਰਾਹਮਣ ਅਧਿਆਪਕ ਵਲੋਂ ਕੀਤਾ ਵਿਤਕਰਾ ਅਤੀਤ ਮੁੱਖ ਵਰਤਾਰੇ ਦੇ ਰੂਪ 'ਚ ਸਾਹਮਣੇ ਆਉਣ ਲੱਗ ਪਿਆ। ਇਥੇ ਆ ਕੇ ਹੀ ਮੰਦਰਾਂ, ਤਾਲਾਬਾਂ ਖੂਹਾਂ-ਸਕੂਲਾਂ 'ਚ ਅਛੂਤਾਂ ਦੇ ਜਾਣ ਦੀ ਪਾਬੰਦੀ ਬਾਰੇ ਜਾਣਕੇ ਬਹੁਤ ਦੁੱਖ ਹੋਇਆ। ਲੇਖਕ ਮਦਰਾਸ ਤੋਂ ਬੰਬਈ ਚਲਾ ਗਿਆ। ਪੂਨਾ ਸਿਤਾਰਾ ਨਾਗਪੁਰ ਵਿੱਚ ਵੀ ਇਹੋ ਸਥਿਤੀ ਸੀ। ਦਿੱਲੀ ਆ ਕੇ ਵੀ ਇਹੀ ਨਜ਼ਾਰਾ ਸੀ। ਪੰਜਾਬ ਆ ਕੇ ਲੇਖਕ ਨੇ ਗ਼ਦਰ ਪਾਰਟੀ ਨੂੰ ਖਤ ਲਿਖਿਆ ਕਿ ''ਇਹ ਜੋ 8-9 ਕਰੋੜ ਆਦਮੀ ਹਨ, ਜੇਕਰ ਦੇਸ਼ ਨੂੰ ਅਜ਼ਾਦੀ ਮਿਲ ਵੀ ਜਾਵੇ ਤਾਂ ਇਹ ਲੋਕ ਤਾਂ ਫਿਰ ਵੀ ਇਸੇ ਤਰ੍ਹਾਂ ਰੁਲਦੇ ਰਹਿਣਗੇ। ਪਾਰਟੀ ਨੇ ਲਿਖਿਆ ਕਿ ਤੁਸੀਂ ਇਨ੍ਹਾਂ ਲਈ ਕੰਮ ਕਰੋ ਪਾਰਟੀ ਤੁਹਾਡੀ ਸਹਾਇਤਾ ਕਰੇਗੀ।''

ਇਥੋਂ ਤੱਕ ਬਾਬੂ ਮੰਗੂ ਰਾਮ ਦੀ ਸਵੈਜੀਵਨੀ ਦਾ ਮੁਢਲੀ ਭਾਗ ਸਮਾਪਤ ਹੁੰਦਾ ਹੈ, ਜਿਸ ਵਿੱਚ ਉਸ ਦੇ ਪੰਜਾਬ ਤੋਂ ਅਮਰੀਕਾ ਤੱਕ ਦੇ (1909 ਤੋਂ 1925 ਤੱਕ) ਸਫ਼ਰ ਦਾ ਜ਼ਿਕਰ ਹੈ ਜਿਸ ਵਿੱਚ 1909 ਤੋਂ 1913 ਤੱਕ ਇੱਕ ਮਜ਼ਦੂਰ ਵਜੋਂ ਤੇ 1913 ਤੋਂ ਲੱਗਭੱਗ 1924 ਤੱਕ ਗ਼ਦਰ ਲਹਿਰ 'ਚ ਇੱਕ ਗ਼ਦਰੀ ਵਜੋਂ ਕੰਮ ਕੀਤਾ। ਇਨ੍ਹਾਂ ਅਧੀਨ ਸਰਗਰਮੀਆਂ ਕੀਤੀਆਂ। ਇਹੋ ਸਮਾਂ ਸੀ ਜਦੋਂ ਉਨ੍ਹਾਂ ਨੇ ਮਹਿਸੂਸ ਕਰ ਲਿਆ ਸੀ ਕਿ ਭਾਰਤ ਦੀ ਰਾਜਨੀਤਕ ਗੁਲਾਮੀ ਦੇ ਨਾਲ-ਨਾਲ ਛੂਤ-ਛਾਤ ਦੀ ਜਿਹੜੀ ਸਮਾਜਕ-ਗੁਲਾਮੀ ਦੀ ਲਾਇਲਾਜ ਬੀਮਾਰੀ ਸਦੀਆਂ ਤੋਂ ਲੱਗੀ ਹੋਈ ਹੈ, ਉਸ ਦੇ ਇਲਾਜ ਲਈ ਸੰਘਰਸ਼ ਕਰਨਾ ਜ਼ਰੂਰੀ ਹੈ। ਇਸ ਦੂਸਰੇ ਪੜਾਅ 'ਚ ਬਾਬੂ ਮੰਗੂ ਰਾਮ ਦੇ ਜੀਵਨ 'ਚ ਵਿਆਪਕ ਤਬਦੀਲੀ ਵਾਪਰਦੀ ਹੈ। ਜਿਸ ਵਿੱਚ ਉਹ ਨਾ ਕੇਵਲ ਆਦਿ ਧਰਮ ਮੰਡਲ ਲਹਿਰ ਦੇ ਬਾਨੀ ਵਜੋਂ ਉਭਰਦੇ ਹਨ ਸਗੋਂ ਉਹ ਇੱਕ ਸੰਪਾਦਕ-ਕਵੀ, ਵਾਰਤਾਕਾਰ ਅਤੇ ਭਾਰਤੀ ਸਮਾਜਕ ਗੁਲਾਮੀ ਦੇ ਮੁਕਤੀਦਾਤਾ ਵਜੋਂ ਸਾਹਮਣੇ ਆਉਂਦੇ ਹਨ। ਪ੍ਰੰਤੂ ਅਫਸੋਸ ਇਸ ਗੱਲ ਦਾ ਹੈ ਕਿ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਉਸ ਦਾ ਜ਼ਿਕਰ ਬਤੌਰ ਸਵੈਜੀਵਨੀਕਾਰ, ਕਵੀ ਅਤੇ ਸੰਪਾਦਕ ਵਜੋਂ ਨਹੀਂ ਆਉਂਦਾ ਤੇ ਉਸ ਦੇ ਆਪਣੇ ਸਮਾਜ ਦੇ ਲੇਖਕਾਂ ਨੇ ਉਸ ਨੂੰ ਮਹਿਜ਼ ਇੱਕ ਰਾਜਨੀਤੀਵਾਨ ਵਜੋਂ ਹੀ ਪੇਸ਼ ਕੀਤਾ ਹੈ।

ਮੰਗੂ ਰਾਮ ਮੂਗੋਵਾਲੀਆ ਦੀ ਸਵੈਜੀਵਨੀ ਮੁਢਲੇ ਤੌਰ 'ਤੇ ਰਵਿਦਾਸ ਪੱਤ੍ਰਿਕਾ 'ਚ 6 ਅਪ੍ਰੈਲ 1971 ਤੋਂ ਲਗਾਤਾਰ ਕਿਸ਼ਤਵਾਰ ਛਪਣਾ ਸ਼ੁਰੂ ਹੋਇਆ। ਉਸ ਪਿਛੋਂ ਇਹ ਲਗਾਤਾਰ 3 ਮਈ 1988 ਅਤੇ 26 ਫਰਵਰੀ 2008 ਤੋਂ ਮੁੜ ਨਵੇਂ ਅਤੇ ਪੁਰਾਣੇ ਪਾਠਕਾਂ ਦੀ ਜਾਣਕਾਰੀ ਲਈ ਲਗਾਤਾਰ ਪ੍ਰਕਾਸ਼ਿਤ ਕੀਤਾ ਗਿਆ। 3 ਮਈ 1988 ਦੇ ਪਰਚੇ ਵਿੱਚ ਸੰਪਾਦਕ ਸ੍ਰੀ ਮੰਗੂ ਰਾਮ ਜਸਪਾਲ ਵਲੋਂ ਇਹ ਸਵੈ ਜੀਵਨੀ ਦੀ ਲੜੀ 'ਚ ਬਾਬੂ ਜੀ ਦੇ ਸਪੁੱਤਰ ਸ੍ਰੀ ਚਤਰਸੈਨ ਵਲੋਂ ਪ੍ਰਕਾਸ਼ਿਤ ਕਰਨ ਦਾ ਜ਼ਿਕਰ ਆਇਆ ਹੈ।

ਉਪਰੋਕਤ ਜਾਣਕਾਰੀ ਤੋਂ ਪਤਾ ਲੱਗਦਾ ਹੈ ਕਿ ਬਾਬੂ ਮੰਗੂ ਰਾਮ ਮੂਗੋਵਾਲੀਆ ਨਾ ਕੇਵਲ ਇੱਕ ਗ਼ਦਰ ਲਹਿਰ ਦੇ ਮੁਢਲੇ ਬਾਬਿਆਂ ਵਿੱਚੋਂ ਸਨ, ਸਗੋਂ ਉਹ ਆਦਿ-ਧਰਮ ਮੰਡਲ ਲਹਿਰ ਦੇ ਸੰਸਥਾਪਕ ਬਾਨੀ ਸਨ। ਇੱਕ ਸੁੱਘੜ ਰਾਜਨੀਤੀਵਾਨ ਹੋਣ ਦੇ ਨਾਲ-ਨਾਲ ਉਨ੍ਹਾਂ ਵਿੱਚ ਇਕ ਉੱਘੇ ਸਾਹਿਤਕਾਰ ਅਤੇ ਸੰਪਾਦਕ ਹੋਣ ਦੇ ਗੁਣ ਵੀ ਸਨ। ਸਮਾਂਤਰ ਉਹ ਇੱਕ ਗਲਪਕਾਰ ਵੀ ਸਨ। ਪ੍ਰੰਤੂ ਭਾਰਤ ਦੀ ਰਾਜਨੀਤੀ ਵਿੱਚ 'ਆਦਿ-ਧਰਮ' ਦੀ ਸਥਾਪਨਾ ਦੇ ਨਾਲ-ਨਾਲ, ਜਿਸ ਤਰੀਕੇ ਨਾਲ ਉਨ੍ਹਾਂ ਨੇ ਇੱਥੋਂ ਦੀ ਰਾਜਨੀਤੀ-ਸਭਿਆਚਾਰ ਅਤੇ ਇਤਿਹਾਸ ਨੂੰ ਇੱਕ ਨਵਾਂ ਮੋੜ ਦੇ ਕੇ, ਨਵੇਂ ਸਮਾਜ ਦੀ ਸਿਰਜਣਾ 'ਚ ਅਹਿਮ ਰੋਲ ਨਿਭਾਇਆ, ਉਸ ਕਾਰਨ ਬਾਬੂ ਜੀ ਨੂੰ ਇੱਕ ਰਾਜਨੀਤੀਵਾਨ ਵਜੋਂ ਸਾਸ਼ੱਕਤ ਰੂਪ 'ਚ ਉਭਰਨ ਦਾ ਮੌਕਾ ਮਿਲਿਆ, ਜਿਸ ਨਾਲ ਉਨ੍ਹਾਂ ਅੰਦਰ ਛੁਪੇ ਇੱਕ ਸੰਪਾਦਕ, ਸਵੈਜੀਵਨੀਕਾਰ, ਕਵੀ ਅਤੇ ਵਾਰਤਾਕਾਰ ਵਜੋਂ ਉਨ੍ਹਾਂ ਨੂੰ ਅਕਾਦਮਿਕ ਅਦਾਰਿਆਂ ਅੰਦਰ ਲੋੜੀਂਦੀ ਪਛਾਣ ਨਹੀਂ ਮਿਲੀ। ਇਹ ਗੱਲ ਬਹੁਤ ਮਹੱਤਵਪੂਰਨ ਹੈ ਅਤੇ ਚਿੰਤਾ ਵਾਲੀ ਵੀ ਕਿ ਰਵਿਦਾਸ ਪੱਤ੍ਰਿਕਾ 'ਚ ਉਨ੍ਹਾਂ ਦੀ ਸਵੈਜੀਵਨੀ ਦੇ ਪ੍ਰਕਾਸ਼ਿਤ ਹੋਣ ਤੋਂ ਬਿਨਾਂ ਵੱਖਰੇ ਤੌਰ 'ਤੇ ਕੋਈ ਪੁਸਤਕ ਉਨ੍ਹਾਂ ਦੇ ਬਾਰੇ ਨਹੀਂ ਮਿਲਦੀ। ਹਥਲਾ ਯਤਨ ਉਨ੍ਹਾਂ ਦੀਆਂ ਸਾਰੀਆਂ ਸਾਹਿਤਕ ਰਚਨਾਵਾਂ ਕਿਤਾਬੀ ਰੂਪ 'ਚ ਪ੍ਰਕਾਸ਼ਿਤ ਕਰਨ ਦਾ ਇਕ ਨਿਮਾਣਾ ਜਿਹਾ ਯਤਨ ਹੈ।

**'ਆਦਿ-ਧਰਮ ਮੰਡਲ ਰਿਪੋਰਟ**

ਆਦਿ-ਧਰਮ ਮੰਡਲ ਦਾ ਮੁੱਖ ਦਸਤਾਵੇਜ਼ ''ਆਦਿ-ਧਰਮ ਮੰਡਲ ਰਿਪੋਰਟ'' ਹੈ। ਇਹ ਰਿਪੋਰਟ 15 ਮਈ 1931 'ਚ ਪ੍ਰਕਾਸ਼ਿਤ ਕੀਤੀ ਗਈ। ਮੁਢਲੇ ਤੌਰ 'ਤੇ ਇਹ ਰਿਪੋਰਟ ਉਰਦੂ ਭਾਸ਼ਾ ਵਿੱਚ ਸੀ। ''ਆਦਿ ਡੰਕਾ'' ਵੀ ਰਿਪੋਰਟ ਛਪਣ ਸਮੇਂ ਉਰਦੂ ਵਿੱਚ ਹੀ ਪ੍ਰਕਾਸ਼ਿਤ ਕੀਤਾ ਜਾਂਦਾ ਸੀ। ਇਸ ਰਿਪੋਰਟ 'ਚ 1925 ਤੋਂ 1931 ਅੱਸੀ ਪੰਨਿਆਂ ਵਿੱਚ ਆਦਿ-ਧਰਮ ਮੰਡਲ ਲਹਿਰ ਦੀ ਮੁਕੰਮਲ ਜਾਣਕਾਰੀ ਮਿਲਦੀ ਹੈ। ਰਿਪੋਰਟ ਉੱਪਰ ਲੇਖਕ ਦਾ ਨਾਮ ਨਹੀਂ ਹੈ ਪ੍ਰੰਤੂ ਯਕੀਨਨ ''ਆਦੀ ਦੁੱਖੜੇ'', ''ਵਿਹਾਰ ਸੁਧਾਰ'' ਅਤੇ ਆਦਿ-ਧਰਮ ਮੰਡਲ ਰਿਪੋਰਟ (1931) ਵੀ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਹੀ ਰਚਨਾ ਹੈ। ਕਿਸ਼ਨ ਸਟੀਮ ਪ੍ਰੈੱਸ, ਰੇਲਵੇ ਰੋਡ ਜਲੰਧਰ (ਸ਼ਹਿਰ) ਨੇ ਅਸਲ ਰਿਪੋਰਟ ਦੀਆਂ ਇੱਕ ਹਜ਼ਾਰ ਕਾਪੀਆਂ ਪ੍ਰਕਾਸ਼ਿਤ ਕੀਤੀਆਂ ਸਨ।

'ਰਿਲੀਜੀਅਸ ਰੈਬਲਜ਼ ਇਨ ਪੰਜਾਬ' ਦੇ ਕਰਤਾ ਡਾ. ਮਾਰਕ ਜਰਗਨਜ਼ਮਾਇਰ ਨੇ ਇਸ ਰਿਪੋਰਟ ਦਾ ਅੰਗਰੇਜ਼ੀ 'ਚ ਅਨੁਵਾਦ ਆਪਣੇ ਥੀਸਿਸ 'ਚ ਕੀਤਾ ਸੀ। ਡਾ। ਮਾਰਕ ਅਨੁਸਾਰ ਇਸ ਦੀ ਵਿਚਾਰਧਾਰਾ, ਇਸ ਦਾ ਧਾਰਮਿਕ ਜਨਮ ਇਸ ਦੇ ਵਿਸ਼ਵਾਸਾਂ ਅਤੇ ਚਿੰਨ੍ਹਾਂ, ਇਸ ਦੀਆਂ ਭਵਿੱਖ ਪ੍ਰਤੀ ਆਸਾਵਾਂ ਅਤੇ ਇਸ (ਮੰਡਲ) ਵਲੋਂ ਆਪਣੇ ਪੈਰੋਕਾਰਾਂ ਤੋਂ ਜੋ ਇੱਛਾਵਾਂ ਰੱਖੀਆਂ ਉਨ੍ਹਾਂ ਦੇ ਵੇਰਵੇ ਇਸ ਵਿੱਚ ਦਰਜ ਹਨ। ਮੋਟੇ ਤੌਰ 'ਤੇ ਇਹ ਰਿਪੋਰਟ ਆਦਿ-ਧਰਮ ਵਲੋਂ ਪੰਜਾਬ ਦੇ ਦੱਬੇ ਕੁਚਲੇ ਪਰ ਬੇਸਹਾਰਾ ਸਮਾਜ ਨੂੰ ਜ਼ਰੂਰਤ ਭਰੀ ਅਤੇ ਉਤਸ਼ਾਹਪੂਰਨ ਭਾਵਨਾ ਪ੍ਰਦਾਨ ਕਰਦੀ ਹੈ। ਇਹ ਨਵੀਂ ਦੁਨੀਆ ਅਤੇ ਨਵੀਂ ਦੁਨਿਆਵੀ ਵਿਚਾਰਕ ਸੋਝੀ ਦੀ ਤਸਵੀਰ ਪ੍ਰਦਾਨ ਕਰਦੀ ਹੈ। ਪੰਜਾਬੀ ਵਿੱਚ ਇਸ ਦਾ ਅਨੁਵਾਦ ਸ੍ਰੀ ਸੀ. ਐਲ. ਚੁੰਬਰ ਸੰਪਾਦਕ 'ਕੌਮੀ ਉਡਾਰੀਆਂ', ਅੰਗਰੇਜ਼ੀ ਵਿੱਚ ਸੁਰਜੀਤ ਸਿੰਘ ਗੁਰਾਇਆ ਅਤੇ ਹਸਨ ਹਮਦਾਨੀ ਦੀ ਸਹਾਇਤਾ ਨਾਲ ਕੀਤਾ ਗਿਆ। ਇਹ ਸਪਸ਼ਟ ਹੈ ਕਿ ''ਬਿਹਾਰ ਸੁਧਾਰ'' ਟ੍ਰੈਕਟ ਅਤੇ ਆਦਿ-ਧਰਮ ਮੰਡਲ ਰਿਪੋਰਟ ਦੇ ਲੇਖਕ ਵੀ ਮੰਗੂ ਰਾਮ ਮੂਗੋਵਾਲੀਆ ਹੀ ਸਨ।

**(ਬਾਬੂ ਮੰਗੂ ਰਾਮ ਮੂਗੋਵਾਲੀਆ ਬਾਰੇ ਛਪ ਰਹੀ ਪੁਸਤਕ ਵਿੱਚੋਂ)**

# ਦਿੱਲੀ ਵਿਧਾਨ ਸਭਾ ਚੋਣਾਂ- ਰਾਜ ਮਹਿਲ ਬਨਾਮ ਸ਼ੀਸ਼ ਮਹਿਲ



ਗੁਰਮੀਤ ਪਲਾਹੀ
91-98158-02070

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ, ਦੇਸ਼ ਦੀ ਰਾਜਧਾਨੀ ਦਿੱਲੀ ਸਥਿਤ ਨਿਵਾਸ, ਚਰਚਾ ਵਿੱਚ ਹਨ। ਚਰਚਾ ਵਿੱਚ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਵੀ ਹਨ। ਇਹ ਚੋਣਾਂ ਦਿੱਲੀ ਵਿਧਾਨ ਸਭਾ ਦੀ ਸਥਾਪਨਾ ਤੋਂ ਬਾਅਦ ਸਤਵੀਂ ਵੇਰ ਹੋ ਰਹੀਆਂ ਹਨ।

ਚੋਣ ਪ੍ਰਚਾਰ, ਕੂੜ ਪ੍ਰਚਾਰ, 5 ਫਰਵਰੀ 2025 ਦੀਆਂ ਚੋਣਾਂ ਲਈ ਇਸ ਕਦਰ ਵਧ ਚੁੱਕਾ ਹੈ ਕਿ ਭਾਜਪਾ ਕਹਿ ਰਹੀ ਹੈ ਕਿ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਸ਼ੀਸ਼ ਮਹਿਲ ਨਿਵਾਸ 'ਚ ਸੋਨੇ ਦਾ ਟਾਇਲਟ ਲੱਗਿਆ ਹੋਇਆ ਹੈ। ਅਤੇ ਆਪ ਆਗੂ ਸੰਜੇ ਸਿੰਘ ਕਹਿ ਰਹੇ ਹਨ ਕਿ ਪ੍ਰਧਾਨ ਮੰਤਰੀ ਮੋਦੀ ਦੇ 2700 ਕਰੋੜ 'ਚ ਜੋ ਰਾਜ ਮਹਿਲ ਬਣਿਆ ਹੈ ਉਸ 'ਚ 300 ਕਰੋੜ ਦੀ ਕਲੀਨ ਵਿਛੀ ਹੈ। 10-10 ਲੱਖ ਦੇ ਪੈਨ, 6700 ਜੋੜੀ ਜੁੱਤੇ ਹਨ, 12-12 ਕਰੋੜ ਦੀਆਂ ਗੱਡੀਆਂ, 5000 ਸੂਟ, 200 ਕਰੋੜ ਦੇ ਝੂਮਰ ਹਨ। ਭਾਜਪਾ ਅਤੇ ਵਿਚਲੀ ਇਹ ਸ਼ਬਦੀ ਜੰਗ ਇਸ ਗੱਲ ਦਾ ਸੰਕੇਤ ਹੈ ਕਿ ਦੋਵੇਂ ਮੁੱਖ ਧਿਰਾਂ ਕਿਸੇ ਵੀ ਹਾਲਤ ਵਿੱਚ ਦਿੱਲੀ 'ਤੇ ਕਾਬਜ਼ ਹੋਣਾ ਚਾਹੁੰਦੀਆਂ ਹਨ। ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ 'ਆਪ' ਕਨਵੀਨਰ ਸਾਬਕਾ ਮੁੱਖ ਮੰਤਰੀ ਦਿੱਲੀ ਅਰਵਿੰਦ ਕੇਜਰੀਵਾਲ ਦਾ 'ਅਕਸ' ਇਸ ਵਕਤ ਦਾਅ 'ਤੇ ਲੱਗਿਆ ਹੋਇਆ ਹੈ। ਪਰ ਇਸ ਸ਼ਕਤੀ ਹਥਿਆਉਣ ਦੀ ਜੰਗ ਵਿੱਚ ਲੋਕ ਮੁੱਦੇ ਗਾਇਬ ਹਨ।

70 ਮੈਂਬਰੀ ਵਿਧਾਨ ਸਭਾ ਲਈ ਮੁੱਖ ਮੁਕਾਬਲਾ ਭਾਵੇਂ ਆਪ, ਭਾਜਪਾ, ਕਾਂਗਰਸ ਦਰਮਿਆਨ ਹੈ, ਪਰ ਬਸਪਾ, ਸਪਾ ਆਦਿ ਹੋਰ ਛੋਟੀਆਂ ਸਿਆਸੀ ਪਾਰਟੀਆਂ ਵੀ ਆਪਣਾ ਰੰਗ ਵਿਖਾਉਣਗੀਆਂ। ਲਾਰਿਆਂ, ਵਾਇਦਿਆਂ, ਨੋਟਾਂ ਦੀ ਵਰਤੋਂ ਵੋਟਰਾਂ ਨੂੰ ਭਰਮਾਉਣ ਲਈ ਮੋਦੀ ਅਤੇ ਉਸਦੇ ਰਣਨੀਤੀਕਾਰ, ਕੇਜਰੀਵਾਲ ਅਤੇ ਉਸਦੇ ਪੈਰੋਕਾਰਾਂ ਵੱਲੋਂ ਵੱਡੇ ਜਾਲ ਵਿਛਾਏ ਜਾ ਰਹੇ ਹਨ।

ਦਿੱਲੀ ਦੇ ਵੋਟਰ ਸਦਾ ਅਚੰਭੇ ਕਰਨ ਲਈ ਜਾਣੇ ਜਾਂਦੇ ਹਨ। 2014 'ਚ ਭਾਜਪਾ ਨੂੰ ਦਿੱਲੀ ਦੇ ਵੋਟਰਾਂ ਨੇ ਪਾਰਲੀਮੈਂਟ ਵਿੱਚ ਵੱਡੀ ਜਿੱਤ ਦਿੱਤੀ ਅਤੇ ਸਾਲ ਦੇ ਵਿੱਚ ਵਿੱਚ ਹੀ ਜਦੋਂ ਫਰਵਰੀ 2015 'ਚ ਵਿਧਾਨ ਸਭਾ ਚੋਣਾਂ ਹੋਈਆਂ, 'ਆਪ' ਨੇ ਭਾਜਪਾ ਨੂੰ ਕਰਾਰੀ ਹਾਰ ਦਿੱਤੀ। 2019 'ਚ ਭਾਜਪਾ ਪਾਰਲੀਮੈਂਟ ਚੋਣਾਂ ਦਿੱਲੀ 'ਚ ਫਿਰ ਜਿੱਤ ਗਈ, ਪਰ ਫਰਵਰੀ 2020 'ਚ ਫਿਰ ਆਪ ਕੋਲੋਂ ਵਿਧਾਨ ਸਭਾ ਚੋਣਾਂ 'ਚ ਬੁਰੀ ਤਰ੍ਹਾਂ ਹਾਰ ਗਈ। ਹੁਣ ਵੀ ਭਾਵੇਂ ਦਿੱਲੀ 'ਚ ਤਿਕੋਨੀ ਟੱਕਰ ਹੈ, ਪਰ ਮੁੱਖ ਮੁਕਾਬਲਾ ਭਾਜਪਾ ਅਤੇ ਆਪ ਵਿਚਕਾਰ ਹੈ।

ਵਿਧਾਨ ਸਭਾ ਚੋਣਾਂ ਸਾਲ-2020 ਵਿੱਚ 'ਆਪ' ਨੂੰ 53.6 ਫ਼ੀਸਦੀ ਅਤੇ ਬੀ।ਜੇ।ਪੀ। ਨੂੰ 38.5 ਫ਼ੀਸਦੀ ਵੋਟਾਂ ਮਿਲੀਆਂ। 2022 'ਚ ਦਿੱਲੀ ਮਿਊਂਸਪਲ ਕਾਰਪੋਰੇਸ਼ਨ ਚੋਣਾਂ 'ਚ ਭਾਜਪਾ 39 ਫ਼ੀਸਦੀ ਅਤੇ ਆਪ 42 ਫ਼ੀਸਦੀ ਵੋਟ ਪ੍ਰਾਪਤ ਕਰ ਗਈ। ਜਦਕਿ ਲੋਕ ਸਭਾ-2024 ਦੀਆਂ 7 ਸੀਟਾਂ ਦਿੱਲੀ ਵਿੱਚ ਭਾਜਪਾ ਹਥਿਆ ਗਈ। ਹਾਲਾਂਕਿ ਕਾਂਗਰਸ ਅਤੇ ਆਪ ਨੇ ਇੱਕਠਿਆਂ ਇਹ ਚੋਣਾਂ ਲੜੀਆਂ ਸਨ। ਫਰਵਰੀ 2025 ਦੀਆਂ ਵਿਧਾਨ ਸਭਾ ਚੋਣਾਂ 'ਚ ਮੁੜ ਆਪ ਅਤੇ ਕਾਂਗਰਸ ਇਕੱਲਿਆਂ ਹੀ ਚੋਣ ਲੜ ਰਹੀਆਂ ਹਨ।

ਰਾਜਧਾਨੀ ਦਿੱਲੀ 'ਚ ਪਹਿਲੀ ਵਾਰ 1993 ਵਿਧਾਨ ਸਭਾ ਬਣੀ। ਭਾਜਪਾ ਨੂੰ ਦਿੱਲੀ 'ਚ 27 ਸਾਲਾਂ ਤੋਂ ਸੱਤਾ ਦਾ ਇੰਤਜ਼ਾਰ ਹੈ। ਜਦਕਿ ਆਪ 10 ਸਾਲਾਂ ਤੋਂ ਲਗਾਤਾਰ ਸੱਤਾਧਾਰੀ ਹੈ, ਹਾਲਾਂਕਿ ਭਾਜਪਾ ਵੱਖੋਂ-ਵੱਖਰੇ ਹਥਕੰਡੇ ਵਰਤਕੇ 'ਆਪ' ਨੂੰ ਦਿੱਲੀ 'ਤੇ ਸਹੀ ਢੰਗ ਨਾਲ ਰਾਜ ਨਹੀਂ ਕਰਨ ਦੇ ਰਹੀ। ਭਾਜਪਾ ਵਲੋਂ ਹਰ ਹਰਬਾ ਵਰਤਕੇ 'ਆਪ' ਨੇਤਾਵਾਂ ਉਤੇ ਨਿਰੰਤਰ ਕੇਸ ਦਰਜ ਕੀਤੇ, ਕਰਵਾਏ ਜਾ ਰਹੇ ਹਨ। 'ਆਪ' ਦੇ ਨੇਤਾਵਾਂ ਨੂੰ ਲਗਾਤਾਰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।



ਦਿੱਲੀ 'ਚ ਆਪ ਕੋਲੋਂ ਰਾਜ-ਭਾਗ ਖੋਹਣ ਲਈ ਭਾਜਪਾ ਲਗਾਤਾਰ ਹਮਲਾਵਰ ਹੈ। ਰਾਜਧਾਨੀ ਦਿੱਲੀ ਨੂੰ ਸੱਤਾ ਖੋਹਣ ਦੇ ਢੰਗ- ਤਰੀਕਿਆਂ ਦੀ ਪ੍ਰਯੋਗਸ਼ਾਲਾ ਬਣਾ ਦਿੱਤਾ ਗਿਆ ਹੈ। ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਵਲੋਂ ਜਦੋਂ ਇਕ ਲੰਮੀ ਸੁਣਵਾਈ ਤੋਂ ਬਾਅਦ ਫ਼ੈਸਲਾ ਦਿੱਤਾ ਗਿਆ ਕਿ ਚੁਣੀ ਹੋਈ ਸਰਕਾਰ ਦੇ ਅਧਿਕਾਰਾਂ ਵਿਚ ਕਟੌਤੀ ਦਾ ਅਧਿਕਾਰ ਉਪ ਰਾਜਪਾਲ ਕੋਲ ਨਹੀਂ ਹੈ ਤਾਂ ਭਾਜਪਾ ਦੀ ਕੇਂਦਰ ਸਰਕਾਰ ਨੇ ਨਵੇਂ ਨੋਟੀਫੀਕੇਸ਼ਨ ਜਾਰੀ ਕਰਕੇ ਇਹ ਯਕੀਨੀ ਬਣਾਇਆ ਕਿ ਕੇਜਰੀਵਾਲ ਦੀ ਸਰਕਾਰ ਆਪਣੀਆਂ ਘੋਸ਼ਿਤ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਨਾ ਕਰ ਸਕੇ। ਨਤੀਜਾ ਇਹ ਨਿਕਲਿਆ ਕਿ ਚੁਣੀ ਹੋਈ ਸਰਕਾਰ ਦੇ ਕੋਲ ਇਕ ਸੇਵਾਦਾਰ ਦੀ ਨਿਯੁੱਕਤੀ ਦੇ ਹੱਕ ਵੀ ਨਹੀਂ ਹਨ।

ਦਿੱਲੀ ਵਿੱਚ ਭਾਜਪਾ ਪਿਛਲੀਆਂ ਛੇ ਚੋਣਾਂ ਤੋਂ ਆਪਣੀ ਸਰਕਾਰ ਨਹੀਂ ਬਣਾ ਸਕੀ। ਦਿੱਲੀ ਵਿੱਚ ਉਸ ਕੋਲ 30 ਤੋਂ 32 ਫ਼ੀਸਦੀ ਵੋਟਾਂ ਹਨ। ਇਸ ਸਮੇਂ ਦੌਰਾਨ ਆਪ ਜਾਂ ਕਾਂਗਰਸ ਨੇ ਜਦੋਂ ਵੀ ਜਿੱਤ ਪ੍ਰਾਪਤ ਕੀਤੀ, ਭਾਜਪਾ ਵੋਟ ਪ੍ਰਤੀਸ਼ਤ ਇਸ ਪ੍ਰਤੀਸ਼ਤ ਤੋਂ ਵੱਧ ਨਹੀਂ ਕਰ ਸਕੀ।

'ਆਪ' ਜਿਸ ਵਲੋਂ ਦਿੱਲੀ ਤੋਂ ਬਾਅਦ ਪੰਜਾਬ ਜਿੱਤਿਆ। ਹਰਿਆਣਾ, ਗੁਜਰਾਤ ਤੱਕ ਵੀ ਉਸ ਵਲੋਂ ਚੋਣਾਂ ਲੜੀਆਂ ਗਈਆਂ, ਪਰ ਇਸ ਵੇਰ ਉਸ ਲਈ ਦਿੱਲੀ ਚੋਣਾਂ ਸੌਖਿਆਂ ਜਿੱਤਣੀਆਂ ਸੰਭਵ ਨਹੀਂ, ਕਿਉਂਕਿ ਦਿੱਲੀ ਦਾ ਮੱਧ ਵਰਗ ਪੁੱਛ ਰਿਹਾ ਹੈ ਕਿ ਜੇਕਰ 'ਆਪ' ਨੂੰ ਦਿੱਲੀ 'ਚ ਬਹੁਮਤ ਦੇ ਦਿੱਤੀ ਅਤੇ ਰਾਜਪਾਲ ਨੇ ਉਸ ਨੂੰ ਫਿਰ ਵੀ ਕੰਮ ਨਾ ਕਰਨ ਦਿੱਤਾ ਤਾਂ ਫਿਰ ਕੀ ਹੋਏਗਾ? ਕਿਉਂਕਿ ਦਿੱਲੀ ਦੀਆਂ ਸੜਕਾਂ ਖ਼ਰਾਬ ਹਨ। ਲਗਾਤਾਰ ਹਵਾ ਪ੍ਰਦੂਸ਼ਨ ਇਥੇ ਵੱਧ ਰਿਹਾ ਹੈ। ਕੀਤੇ ਹੋਏ ਵਾਅਦਿਆਂ ਮੁਤਾਬਕ ਨਾ ਦਿੱਲੀ 'ਚ ਨਵੇਂ ਹਸਪਤਾਲ ਬਣੇ ਹਨ ਅਤੇ ਨਾ ਹੀ ਕੂੜਾ-ਪ੍ਰਬੰਧਨ ਠੀਕ ਹੋ ਸਕਿਆ, ਨਾ ਠੀਕ ਢੰਗ ਨਾਲ ਪਾਣੀ ਦੀ ਉਪਲੱਬਧਤਾ ਹੋ ਸਕੀ ਹੈ।

ਦਿੱਲੀ ਵਾਲੇ ਵੋਟਰਾਂ ਦੀ ਇੱਕ ਵੱਖਰੀ ਪਛਾਣ ਅਤੇ ਖ਼ਾਸੀਅਤ ਹੈ। ਕੁਝ ਇੱਕੋ ਜਾਤ-ਬਰਾਦਰੀ ਵਾਲੇ ਪ੍ਰਵਾਸੀ ਹਨ, ਜਿਹਨਾ ਦੀਆਂ ਮੰਗਾਂ ਵੱਖਰੀਆਂ ਹਨ। ਕੁਝ ਮੱਧ ਵਰਗੀ ਲੋਕ ਹਨ। ਇੱਕ ਵੱਖਰੀ ਤਰ੍ਹਾਂ ਦੀ ਭੀੜ ਨੂੰ ਵੋਟਾਂ ਤੋਂ ਪਹਿਲਾਂ ਪਾਰਟੀਆਂ, ਵੱਖੋ-ਵੱਖਰੇ ਲਾਲਚ ਦੇਕੇ ਭਰਮਾਉਣ ਦਾ ਯਤਨ ਕਰਦੀਆਂ ਹਨ । ਕਿਧਰੇ ਬੇਟੀਆਂ, ਔਰਤਾਂ ਲਈ ਪੈਨਸ਼ਨ ਦਾ ਲਾਲਚ ਹੈ, ਕਿਧਰੇ ਬਜ਼ੁਰਗਾਂ ਲਈ ਮੁਫ਼ਤ ਬੀਮਾ ਯੋਜਨਾ। ਪਾਰਟੀਆਂ ਇੱਕ ਤੋਂ ਵੱਧ ਇੱਕ ਭਰਮਾਊ ਨਾਹਰਾ ਦਿੰਦੀਆਂ ਹਨ।

ਅਸਲ ਵਿੱਚ ਆਮ ਲੋਕਾਂ ਦੀ ਮੰਗ ਰੋਟੀ, ਕੱਪੜਾ, ਮਕਾਨ, ਸਿਹਤ ਸਹੂਲਤਾਂ, ਸਿੱਖਿਆ ਸਹੂਲਤਾਂ, ਰੁਜ਼ਗਾਰ, ਚੰਗਾ ਵਾਤਾਵਰਨ, ਬਣਨੀ ਚਾਹੀਦੀ ਹੈ। ਸਿਆਸੀ ਪਾਰਟੀਆਂ ਦੇ ਆਪਣੇ ਚੋਣ ਮੈਨੀਫੈਸਟੋ ਇਹਨਾ ਵਾਇਦਿਆਂ ਨਾਲ ਭਰੇ ਵੀ ਦਿਸਦੇ ਹਨ, ਪਰ ਇਹ ਚੋਣਾਂ ਜਿੱਤਣ ਤੋਂ ਬਾਅਦ ਧਰੇ-ਧਰਾਏ ਰਹਿ ਜਾਂਦੇ ਹਨ। ਇਹ ਸਾਰੇ ਵਾਇਦੇ ਦੇਸ਼ ਦੇ ਦਿਲ, ਦਿੱਲੀ 'ਤੇ ਰਾਜ ਕਰਨ ਲਈ ਕਾਂਗਰਸ ਦੀ ਮੁੱਖ ਮੰਤਰੀ ਬਣੀ ਸ਼ੀਲਾ ਦੀਕਸ਼ਤ ਨੇ ਕਾਂਗਰਸ ਵਲੋਂ ਦਿੱਤੇ ਸਨ, ਜਿਸਨੇ ਲੰਮਾ ਸਮਾਂ ਦਿੱਲੀ ਸੰਭਾਲੀ। ਉਹ 1998 'ਚ ਪਹਿਲੀ ਵੇਰ ਮੁੱਖ ਮੰਤਰੀ ਬਣੀ ਸੀ। ਉਸ ਤੋਂ ਬਾਅਦ ਕਾਂਗਰਸ ਦੇ ਦਿੱਲੀ 'ਚ ਪੈਰ ਨਾ ਲੱਗੇ, ਕਿਉਂਕਿ ਕਾਂਗਰਸ ਚੋਣ ਮੈਨੀਫੈਸਟੋ ਵਾਲੇ ਵਾਇਦੇ ਪੂਰਿਆਂ ਨਾ ਕਰ ਸਕੀ। ਇਸ ਵੇਰ ਦਿੱਲੀ ਦੀ ਕਾਂਗਰਸ, ਸ਼ੀਲਾ ਦੀਕਸ਼ਤ ਦੇ ਸਪੁੱਤਰ ਸੰਦੀਪ ਦੀਕਸ਼ਤ ਉਤੇ ਵਿਧਾਨ ਸਭਾ ਦੀ ਖੇਡ, ਖੇਡ ਰਹੀ ਹੈ। ਇਹ ਜਾਣਦਿਆਂ ਹੋਇਆ ਵੀ ਕਿ ਕਾਂਗਰਸ ਦਿੱਲੀ 'ਚ ਰਾਜ-ਭਾਗ 'ਤੇ ਕਾਬਜ ਨਹੀਂ ਹੋ ਸਕਦੀ, ਕਿਉਂਕਿ ਉਸਦਾ ਦਿੱਲੀ 'ਚ ਲੋਕ-ਅਧਾਰ ਖਿਸਕ ਚੁੱਕਾ ਹੈ, ਪਰ ਉਹ ਇਸ ਆਸ ਵਿੱਚ ਹੈ ਕਿ ਉਸਦੀ ਵੋਟ ਫ਼ੀਸਦੀ ਵਧੇਗੀ, ਉਂਜ ਕਾਂਗਰਸ ਚਾਹੇਗੀ ਕਿ ਭਾਜਪਾ ਦੀ ਥਾਂ 'ਆਪ' ਹੀ ਦਿੱਲੀ ਤਖ਼ਤ ਸੰਭਾਲੇ, ਕਿਉਂਕਿ ਉਹ ਇੰਡੀਆਂ ਗੱਠਜੋੜ ਦੀ ਮੈਂਬਰ ਹੈ, ਹਾਲਾਂਕਿ 'ਆਪ' ਵਲੋਂ ਕਾਂਗਰਸ ਉਤੇ ਇੰਡੀਆ ਗੱਠਜੋੜ 'ਚ ਤਿੱਖੇ ਹਮਲੇ ਕੀਤੇ ਹਨ।ਇਥੇ ਇਹ ਵੀ ਵਰਨਣ ਕਰਨਾ ਜ਼ਰੂਰੀ ਹੈ ਕਿ ਸਪਾ, ਬੈਨਰਜੀ ਅਤੇ ਸੀਪੀਐਮ ਵਲੋਂ ਵੀ ਕੇਜਰੀਵਾਲ ਨੂੰ ਹੀ ਸਮਰਥਨ ਦਿੱਤਾ ਗਿਆ ਹੈ।

ਦਿੱਲੀ ਚੋਣਾਂ 'ਚ 'ਆਪ' ਕਦੇ ਵੀ ਨਹੀਂ ਚਾਹੇਗੀ ਕਿ ਉਸਦੀ ਹਾਰ ਹੋਵੇ, ਇਥੋਂ ਤੱਕ ਕਿ ਉਹ ਮੌਜੂਦਾ ਬਹੁਮੱਤ ਸੀਟਾਂ ਆਪਣੇ ਨਾਂਅ ਕਰਨ 'ਤੇ ਜ਼ੋਰ ਲਗਾਏਗੀ। 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਦਾ ਅਕਸ ਦਾਅ 'ਤੇ ਹੈ, ਕਿਉਂਕਿ ਉਸਨੇ ਲੋਕਾਂ ਤੋਂ ਵੋਟਾਂ ਇਸ ਅਧਾਰ 'ਤੇ ਮੰਗੀਆਂ ਹਨ ਕਿ ਉਹ ਇੱਕ ਇਮਾਨਦਾਰ ਸਿਆਸਤਦਾਨ ਹੈ, ਪਰ ਭਾਜਪਾ ਉਸਨੂੰ ਬੇਈਮਾਨ ਸਿੱਧ ਕਰਨਾ ਚਾਹੁੰਦੀ ਹੈ। ਉਂਜ ਵੀ ਜੇਕਰ ਕੇਜਰੀਵਾਲ ਦੀ ਪਾਰਟੀ 'ਆਪ' ਦਿੱਲੀ 'ਚ ਹਾਰਦੀ ਹੈ ਤਾਂ ਅੱਗੋਂ ਇਸਦਾ ਅਸਰ ਸਿੱਧਾ ਪੰਜਾਬ ਉਤੇ ਪਏਗਾ ਅਤੇ ਕੇਜਰੀਵਾਲ ਦਾ ਵੱਡਾ ਰਾਸ਼ਟਰੀ ਨੇਤਾ ਬਨਣ ਦਾ ਸੁਪਨਾ ਖੇਰੂੰ-ਖੇਰੂੰ ਹੋ ਜਾਏਗਾ।

ਭਾਜਪਾ ਹਰ ਹੀਲੇ ਦਿੱਲੀ 'ਤੇ ਕਾਬਜ਼ ਹੋਣ ਦੀ ਤਾਕ 'ਚ ਹੈ। ਮਹਾਂਰਾਸ਼ਟਰ ਅਤੇ ਹਰਿਆਣਾ 'ਚ ਸਿਆਸੀ ਦਾਅ ਖੇਡਕੇ ਜਿਵੇਂ ਉਸਨੇ ਰਾਜਭਾਗ ਸੰਭਾਲਿਆ ਹੈ, ਉਹ ਚਾਹੇਗੀ ਕਿ ਦਿੱਲੀ ਉਸਦੇ ਹੱਥ ਆ ਜਾਏ। ਪ੍ਰਧਾਨ ਮੰਤਰੀ ਨੇ ਦਿੱਲੀ 'ਤੇ ਕਾਬਜ਼ ਹੋਣ ਲਈ ਡਵਲ ਇੰਜਨ ਸਰਕਾਰ ਦੇ ਫ਼ਾਇਦੇ ਗਿਣਾਉਣੇ ਸ਼ੁਰੂ ਕਰ ਦਿੱਤੇ ਹਨ। ਨਵੀਆਂ ਸਕੀਮਾਂ ਦਿੱਲੀ ਵਾਲਿਆਂ ਲਈ ਦੇਣ ਦੇ ਵਾਇਦੇ ਕੀਤੇ ਹਨ।

ਸਿਆਸੀ ਪੰਡਿਤ ਇਹ ਅੰਦਾਜ਼ੇ ਲਾ ਰਹੇ ਹਨ ਕਿ ਭਾਜਪਾ ਦੀ ਆਰ.ਐਸ.ਐਸ. ਦੇ ਯਤਨਾਂ ਨਾਲ ਵੋਟ ਟਿਕਾਊ ਹੈ ਅਤੇ ਆਪ ਅਤੇ ਕਾਂਗਰਸ ਦਾ ਵੋਟ ਬੈਂਕ ਮੁੱਖ ਤੌਰ 'ਤੇ ਘੱਟ ਗਿਣਤੀਆਂ ਅਤੇ ਦਲਿਤ ਹਨ। ਭਾਜਪਾ ਆਸ ਕਰੇਗੀ ਕਿ ਜਿਵੇਂ ਉਸਨੇ ਮਹਾਂਰਾਸ਼ਟਰ ਅਤੇ ਹਰਿਆਣਾ 'ਚ ਕਾਂਗਰਸ ਦੀ ਵੋਟ ਬੈਂਕ 'ਤੇ ਸੰਨ ਲਾਈ ਹੈ, ਉਹ ਇਥੇ ਵੀ ਇਹੋ ਕਿਸਮ ਦੀ ਸੰਨ ਲਾਉਣ 'ਚ ਕਾਮਯਾਬ ਹੋ ਜਾਏਗੀ ਅਤੇ ਉਸਦੀ ਵੋਟ ਬੈਂਕ ਵਿੱਚ 10 ਤੋਂ 12 ਫ਼ੀਸਦੀ ਦਾ ਵਾਧਾ ਹੋ ਜਾਵੇਗਾ ਅਤੇ ਉਹ ਚੋਣ ਜਿੱਤ ਜਾਏਗੀ। ਉਸਨੂੰ ਇਹ ਵੀ ਆਸ ਹੈ ਕਿ ਜੇਕਰ ਕਾਂਗਰਸ ਆਪਣੀ ਵੋਟ ਬੈਂਕ 'ਚ ਵਾਧਾ ਕਰਦੀ ਹੈ ਤਾਂ ਇਹ ਵੋਟ ਬੈਂਕ 'ਆਪ' ਦੀ ਹੀ ਟੁੱਟੇਗੀ ਤੇ ਇਸਦਾ ਫ਼ਾਇਦਾ ਭਾਜਪਾ ਨੂੰ ਹੋਵੇਗਾ।

ਦਿੱਲੀ 2025 ਵਿਧਾਨ ਸਭਾ ਚੋਣਾਂ 'ਚ ਸਫ਼ਲਤਾ ਰਾਸ਼ਟਰੀ ਅਤੇ ਸਥਾਨਕ ਮੰਗਾਂ 'ਤੇ ਵੀ ਨਿਰਭਰ ਹੋਏਗੀ। ਕਾਰਪੋਰੇਸ਼ਨ ਅਤੇ ਰਾਸ਼ਟਰੀ ਲੋਕ ਸਭਾ ਚੋਣਾਂ 'ਚ ਵੋਟਰ ਜਿਹਨਾ ਉਮੀਦਵਾਰਾਂ ਨੂੰ ਚੁਣਦੇ ਹਨ ਬਿਨ੍ਹਾਂ ਸ਼ੱਕ ਉਸਦਾ ਅਧਾਰ ਵੱਖਰਾ ਗਿਣਿਆ ਜਾਂਦਾ ਹੈ, ਪਰ ਪਾਰਟੀਆਂ ਨਾਲ ਜੁੜੀ ਵੋਟ ਇਹਨਾ ਚੋਣਾਂ ਵੇਲੇ ਵੀ ਬਹੁਤੀਆਂ ਹਾਲਤਾਂ 'ਚ ਨਹੀਂ ਖਿਸਕਦੀ।

ਇਸ ਸਮੇਂ ਆਪ ਦਿੱਲੀ 'ਚ ਹੋਰ ਵੱਡੀ ਤਾਕਤ ਅਤੇ ਬਹੁਮਤ ਪ੍ਰਾਪਤ ਕਰਨ ਦੀ ਲੜਾਈ ਲੜ ਰਹੀ ਹੈ ਅਤੇ ਭਾਜਪਾ ਕੇਜਰੀਵਾਲ ਦਾ ਅਕਸ ਛੋਟਾ ਕਰਨ ਦੇ ਆਹਰ 'ਚ ਦਿੱਲੀ ਜਿੱਤਣ ਲਈ ਯਤਨਸ਼ੀਲ ਹੈ। ਉਂਜ ਭਾਜਪਾ ਨੂੰ ਇਸ ਗੱਲ ਵਿੱਚ ਵੀ ਤਸੱਲੀ ਮਿਲੇਗੀ ਜੇਕਰ 'ਆਪ' ਦੀਆਂ ਸੀਟਾਂ ਵਿਧਾਨ ਸਭਾ ਵਿੱਚ ਘੱਟਦੀਆਂ ਹਨ।

ਪਰ ਜੇਕਰ 'ਆਪ' ਵੱਡੇ ਬਹੁਮਤ ਨਾਲ ਫਿਰ ਦਿੱਲੀ ਵਿਧਾਨ ਸਭਾ ਚੋਣਾਂ 'ਚ ਜੇਤੂ ਰਹਿੰਦੀ ਹੈ ਤਾਂ ਇਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸਿਆਸੀ ਕੱਦ-ਬੁੱਤ ਲਈ ਇੱਕ ਵੱਡਾ ਝਟਕਾ ਹੋਏਗਾ।

# ਨਿਮਰ ਸੁਭਾਅ ਵਾਲੇ ਸਨ ਮਾਤਾ ਸਰਦਾਰਨੀ ਮਨਜੀਤ ਕੌਰ



ਮੇਜਰ ਸਿੰਘ ਨਾਭਾ
91-94635-53962

ਗੀਤਾਂ ਵਿੱਚ ਅਕਸਰ ਮਾਂ ਨੂੰ ਵਡਿਆਇਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਜ਼ਿਕਰ ਮਾਂ ਦਾ ਦਰਜਾ ਸਾਡੇ ਸਮਾਜ ਵਿੱਚ ਰੱਬ ਸਮਾਨ ਸਮਝਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਮਾਂ ਦਾ ਕਰਜ਼ਾ ਪੁੱਤ ਧੀਆਂ ਮੋੜ ਨਹੀਂ ਸਕਦੇ। ਮਾਂ ਦੇ ਦਿੱਤੇ ਚੰਗੇ ਸੰਸ਼ਕਾਰ ਪਰਿਵਾਰ ਨੂੰ ਬੁਲੰਦੀਆਂ ਵੱਲ ਲ਼ੈ ਜਾਂਦੇ ਹਨ। ਇਸੇ ਤਰ੍ਹਾਂ ਦੇ ਮਾਤਾ ਸਰਦਾਰਨੀ ਮਨਜੀਤ ਕੌਰ ਸਨ ।ਉਨ੍ਹਾਂ ਦਾ ਜਨਮ 1945 ਵਿੱਚ ਅਮਰਗੜ੍ਹ (ਮਾਲੇ-ਰਕੋਟਲਾ) ਵਿਖੇ ਸਵ: ਸ੍ਰ.ਰਣਧੀਰ ਸਿੰਘ ਦੇ ਘਰ ਮਾਤਾ ਸਵ: ਸ੍ਰੀਮਤੀ ਅਮਰ ਕੌਰ ਦੀ ਕੁੱਖੋਂ ਹੋਇਆ।

ਉਨ੍ਹਾਂ ਦਾ ਵਿਆਹ ਸ੍ਰ. ਜਸਵੀਰ ਸਿੰਘ ਢੀਂਡਸਾ ਨਾਲ ਪਿੰਡ ਦੰਦਰਾਲਾ ਢੀਂਡਸਾ (ਪਟਿਆਲਾ) ਵਿਖੇ ਹੋਇਆ। ਉਨ੍ਹਾਂ ਦੇ ਘਰ ਬੇਟੇ ਰਵਿੰਦਰ ਸਿੰਘ ਢੀਂਡਸਾ ਅਤੇ ਦੋ ਬੇਟੀਆਂ ਹਰਿੰਦਰ ਕੌਰ ਅਤੇ ਰਾਜਿੰਦਰ ਕੌਰ ਨੇ ਜਨਮ ਲਿਆ। ਉਨ੍ਹਾਂ ਦੇ ਪਤੀ ਨੇ ਮਿਲਟਰੀ ਵਿੱਚ ਸੇਵਾ ਨਿਭਾਉਣ ਤੋਂ ਬਾਅਦ ਸੇਵਾ ਮੁਕਤ ਹੋਣ ਉਪਰੰਤ ਐਕਸਾਈਜ਼ ਵਿਭਾਗ ਵਿਖੇ ਨੌਕਰੀ ਕਰ ਲਈ। ਅਚਾਨਕ ਉਨ੍ਹਾਂ ਦੀ ਮੌਤ ਨੌਕਰੀ ਦੌਰਾਨ 1981 ਵਿੱਚ ਹੋ ਗਈ ਜੋ ਮਾਤਾ ਜੀ ਲਈ ਵੱਡਾ ਸਦਮਾ ਸੀ। ਪਰ ਮਾਤਾ ਜੀ ਨੇ ਇਸ ਦੁੱਖ ਦੀ ਘੜੀ ਨੂੰ ਵੀ ਅਡੋਲਤਾ ਪੂਰਵਕ ਬਿਤਾਉਂਦੇ ਹੋਏ ਬੱਚਿਆਂ ਦਾ ਚੰਗਾ ਪਾਲਣ ਪੌਸ਼ਣ ਕਰਕੇ ਆਪਣੇ ਬੱਚਿਆਂ ਨੂੰ ਚੰਗੇ ਸੰਸਕਾਰ ਦਿੱਤੇ। ਉਨ੍ਹਾਂ ਦੀ ਬੇਟੀ ਹਰਿੰਦਰ ਕੌਰ (ਰਿਟਾਇਰਡ ਹੈਡ ਟੀਚਰ) ਜਰਗੜੀ (ਲੁਧਿਆਣਾ) ਵਿਖੇ ਸ੍ਰ. ਰਣਧੀਰ ਸਿੰਘ (ਰਿਟਾ: ਸੁਪਰਡੰਟ ਪੰਜਾਬ ਬਿਜਲੀ ਬੋਰਡ) ਨਾਲ ਆਪਣੇ ਪੁੱਤਰ ਦਰਸ਼ਨਦੀਪ ਸਿੰਘ ਲੈਕਚਰਾਰ



(ਸਿਖਿਆ ਵਿਭਾਗ) ਨੂੰਹ ਰਵਿੰਦਰ ਕੌਰ ਈ.ਟੀ.ਟੀ. ਟੀਚਰ, ਪੋਤਰੇ ਵੀਰਮਹਿਤਾਬ ਸਿੰਘ ਅਤੇ ਪੋਤਰੀ ਕਿਸਮਤਜੋਤ ਕੌਰ ਨਾਲ ਰਹਿ ਰਹੇ ਹਨ। ਮਾਤਾ ਜੀ ਦੀ ਦੋਹਤੀ ਸੁਖਦੀਪ ਕੌਰ ਈ.ਟੀ.ਟੀ. ਟੀਚਰ ਦਿੱਲੀ ਵਿਖੇ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ।

ਮਾਤਾ ਜੀ ਦੂਸਰੀ ਬੇਟੀ ਰਾਜਿੰਦਰ ਕੌਰ ਜੋ ਕਿ ਸ੍ਰ. ਬੇਅੰਤ ਸਿੰਘ ਪਿੰਡ ਬਾਬਰਪੁਰ ਨਾਲ ਆਪਣੇ ਬੇਟੇ ਅਰਸਦੀਪ ਸਿੰਘ ਨੂੰਹ ਦਵਿੰਦਰ ਕੌਰ (ਦੋਵੇਂ ਡੀਫੈਂਸ ਸਕੂਲ ਰੱਖੜਾ ਵਿਖੇ ਜਾਬ ਕਰਦੇ ਹਨ) ਅਤੇ ਪੋਤਰੇ ਇਆਨਜੋਤ ਸਿੰਘ ਨਾਲ ਰਹਿ ਰਹੀ ਹੈ। ਦੋਹਤੀ ਗਗਨਦੀਪ ਕੌਰ ਆਪਣੇ ਪਤੀ ਅਮਨ ਹਾਂਸ ਨਾਲ ਆਪਣੀ ਬੇਟੀ ਅਨਾਇਆ ਨਾਲ ਨਿਊਜੀਲੈਂਡ ਵਿਖੇ ਰਹਿ ਰਹੀ ਹੈ।

ਬੇਟੇ ਰਵਿੰਦਰ ਸਿੰਘ (ਰਿਟਾਇਰਡ ਐਕਸਾਈਜ਼ ਇੰਸਪੈਕਟਰ) ਦਾ ਵਿਆਹ ਸਵ: ਸ੍ਰ ਜਰਨੈਲ ਸਿੰਘ ਅਭੈਪੁਰ ਦੀ ਬੇਟੀ ਮਨਦੀਪ ਕੌਰ ਨਾਲ ਹੋਇਆ। ਜਿਨ੍ਹਾਂ ਦੇ ਦੋ ਬੇਟਿਆਂ ਨੇ ਜਨਮ ਲਿਆ ਵੱਡਾ ਬੇਟਾ ਸਿਮਰਨਜੀਤ ਸਿੰਘ ਅਤੇ ਗੁਰਿੰਦਰਜੀਤ ਸਿੰਘ ਨੇ ਜਨਮ ਲਿਆ। ਸਿਮਰਨਜੀਤ ਸਿੰਘ ਜੋ ਰਿਮਟ ਕਾਲਜ ਗੋਬਿੰਦਗੜ੍ਹ ਵਿਖੇ ਮਕੈਨੀਕਲ ਦਾ ਡਿਪਲੋਮਾ ਕਰ ਰਿਹਾ ਸੀ ਅਚਾਨਕ 21 ਸਾਲ ਦੀ ਉਮਰ ਵਿੱਚ ਮੌਤ ਹੋ ਗਈ। ਇਸ ਵੱਡੇ ਦੁਖਾਂਤ ਦੀ ਘੜੀ ਵਿੱਚ ਮਾਤਾ ਜੀ ਨੂੰ ਸਦਮਾ ਲੱਗਣਾ ਹੀ ਸੀ ਪਰ ਉਨ੍ਹਾਂ ਪਰਿਵਾਰ ਨੂੰ ਅਡੋਲਤਾ ਸਹਿਤ ਹੌਸ਼ਲਾ ਦੇ ਕੇ ਇਸ ਦੁੱਖ ਦੀ ਘੜੀ ਨੂੰ ਘਟਾਉਣ 'ਚ ਸਹਾਰਾ ਦਿੱਤਾ।

ਪੋਤਰਾ ਗੁਰਿੰਦਰਜੀਤ ਸਿੰਘ (ਐਮ. ਬੀ. ਏ.) ਆਪਣੀ ਪਤਨੀ ਡਾ. ਅਮਨਦੀਪ ਕੌਰ (ਪੀ. ਐਚ. ਡੀ. ਇਕਨਾਮਿਕਸ) ਆਪੇ ਪੁੱਤਰ ਸਮਰਪ੍ਰਤਾਪ ਸਿੰਘ ਨਾਲ ਨਿਊਜੀਲੈਂਡ ਵਿਖੇ ਰਹਿ ਰਹੇ ਹਨ।

ਮਾਤਾ ਜੀ ਸ਼ੁਰੂ ਤੋਂ ਪਰਿਵਾਰ ਵਿੱਚ ਜਿਸ ਨੂੰ ਅਕਾਲੀਆਂ ਦਾ ਲਾਣਾ ਕਿਹਾ ਜਾਂਦਾ ਸੀ ਗੁਰਸਿੱਖੀ ਮਾਹੌਲ ਹੋਣ ਕਾਰਨ ਧਾਰਮਿਕ ਵਿਚਾਰਾਂ ਦੇ ਧਾਰਨੀ ਸਨ। ਉਨ੍ਹਾਂ ਦਾ ਸੁਭਾਅ ਨਿਮਰ, ਮਿੱਠਬੋਲੜਾ, ਮਿਲਾਪੜਾ ਸੀ। ਉਨ੍ਹਾ ਦੀ ਨਮਿੱਤ ਅੰਤਿਮ ਅਰਦਾਸ ਅਤੇ ਕੀਰਤਨ ਗੁਰਦੁਆਰਾ ਬਾਬਾ ਅਜਾਪਾਲ ਸਿੰਘ (ਘੋੜਿਆਂ ਵਾਲਾ) ਨਾਭਾ ਵਿਖੇ ਦਿਨ ਸੁਕਰਵਾਰ 10 ਜਨਵਰੀ 2025 ਨੂੰ ਦੁਪਿਹਰ 12 ਵਜੇ ਤੋਂ 1 ਵਜੇ ਤੱਕ ਹੋਵੇਗੀ। ਵਾਹਿਗੁਰੂ ਜੀ ਢੀਂਡਸਾ ਪਰਿਵਾਰ ਦੀ ਫੁੱਲਵਾੜੀ ਨੂੰ ਹਮੇਸ਼ਾ ਖਿੜਿਆ ਰੱਖਣ।

# ਨੂਰ ਦਾ ਨਵਾਂ ਨਵਾਂ ਤਜ਼ਰਬਾ !

ਦੋ ਸਾਲ ਪਹਿਲਾਂ ਸੰਨ 23 ਦੇ ਜਨਵਰੀ ਮਹੀਨੇ ਦੀ ਗੱਲ ਹੈ। ਮੈਂ ਅਮਰੀਕਾ ਤੋਂ ਆਪਣੇ ਪਿੰਡ ਦੁਪਾਲ ਪੁਰ ਗਿਆ ਹੋਇਆ ਸਾਂ। ਪੋਤਰੇ ਨੂਰ ਦਾ ਜਨਮ ਦਿਨ ਮਨਾਉਣ ਲਈ ਉਸਦੇ ਮੰਮੀਂ ਪਾਪਾ ਨੇ ਹਰੇਕ ਸਾਲ ਵਾਂਗ ਬਿਨਾਂ ਕਿਸੇ ਅਡੰਬਰ ਦੇ, ਸੈਂਚੀਆਂ 'ਤੇ ਅਰੰਭ ਕੀਤੇ ਹੋਏ ਸਹਿਜ ਪਾਠ ਦਾ ਭੋਗ ਪਾਇਆ ਤੇ ਅਗਲੇ ਸਾਲ ਲਈ ਹੋਰ ਅਰੰਭ ਕੀਤਾ।



ਉਨ੍ਹਾਂ ਹੀ ਦਿਨਾਂ ਵਿਚ ਸਾਡੇ ਘਰ ਨੂੰ ਜਾਂਦੀ ਗਲ਼ੀ ਉੱਤੇ ਪੰਚਾਇਤੀ ਕੰਮ ਵਜੋਂ ਮਿ-ਸਤਰੀ 'ਇੰਟਰ-ਲਾਕ' ਟਾਈਲਾਂ ਲਗਾ ਰਹੇ ਸਨ। ਉਹ ਰੋਜ ਦੁਪਹਿਰ ਵੇਲੇ ਆਪਣੇ ਨਾਲ ਡੱਬਿਆਂ 'ਚ ਲਿਆਂਦੀ ਰੋਟੀ ਖਾਂਦੇ ਹੁੰਦੇ ਸਨ। ਮੈਂ ਉਨ੍ਹਾਂ ਨੂੰ ਨੂਰ ਦੇ ਜਨਮ ਦਿਨ ਤੋਂ ਇਕ ਦਿਨ ਪਹਿਲਾਂ ਚਾਹ ਪਿਲ਼ਾਉਣ ਗਏ ਨੇ ਕਹਿ ਦਿੱਤਾ ਕਿ ਕਾਕਾ ਕੱਲ੍ਹ ਨੂੰ ਰੋਟੀ ਕੋਲ਼ ਨਾ ਲੈ ਕੇ ਆਇਉ, ਸਾਡੇ ਘਰੇ ਛਕਿਉ।

ਲਉ ਜੀ, ਦੂਜੇ ਦਿਨ ਨੂਰ ਨੇ ਲਾਂਗਰੀ ਵਰਤਾਵਾ ਬਣਕੇ ਉਨ੍ਹਾਂ ਨੂੰ ਲੰਗਰ ਛਕਾਇਆ। ਜਦ ਉਹ ਸਾਡੇ ਘਰੋਂ 'ਤਸੱਲੀ' ਨਾਲ ਪ੍ਰਸੰਨ ਹੋ ਕੇ ਕੰਮ 'ਤੇ ਜਾ ਲੱਗੇ ਤਾਂ ਨੂਰ ਮੇਰੇ ਕੋਲ ਇਉਂ ਆ ਬੈਠਾ, ਜਿਵੇਂ ਉਸਨੇ ਮੇਰੇ ਨਾਲ਼ ਕੋਈ 'ਖਾਸ ਗੱਲ' ਕਰਨੀ ਹੋਵੇ ! ਖੁਦ ਨੂੰ ਨਵਾਂ ਨਵਾਂ ਹੋਇਆ ਤਜ਼ਰਬਾ ਮੇਰੇ ਨਾਲ ਸਾਂਝਾ ਕਰਦਿਆਂ ਕਹਿੰਦਾ- "ਬਾਬਾ ਜੀ, ਜਦ ਅਸੀਂ 'ਸਿੱਖ ਬਿਠਾਈ ਦੇ' ਆ, ਉਨ੍ਹਾਂ ਨੂੰ ਪ੍ਰਸ਼ਾਦਾ ਛਕਾਉਣ ਵੇਲੇ ਉਹ ਥਾਲ਼ਾਂ ਵਿੱਚ ਰੱਖਿਆ ਕੜਾਹ ਪ੍ਰਸ਼ਾਦ ਵੀ ਭੋਰਾ ਕੁ ਰੱਖ ਕੇ ਸਾਰਾ ਹੀ ਚੁਕਾ ਦਿੰਦੇ ਹਨ ਤੇ ਖੀਰ ਵੀ ਚਮਚਾ ਕੁ ਹੀ ਰੱਖਦੇ ਹਨ! ਪਰ ਆਹ ਮਿਸਤਰੀ ਜਿਹੜੇ ਰੋਟੀ ਖਾ ਕੇ ਗਏ ਆ...। ਇਨ੍ਹਾਂ ਦੀਆਂ ਪਲੇਟਾਂ ਵਿਚ ਤਾਂ ਮੈਂ ਪੂੜੀਆਂ ਰੱਖਦਾ ਥੱਕ ਗਿਆ ਬਾਬਾ ਜੀ! ਮੰਮਾਂ ਨੇ ਕੜਾਹ ਵੀ ਪਲੇਟਾਂ ਭਰ ਭਰ ਕੇ ਰੱਖਿਆ ਸੀ ਤੇ ਖੀਰ ਦੇ ਵੀ ਕੌਲੇ ਭਰਕੇ ਹੀ ਦਿੱਤੇ! ਮਿੱਤਰਾਂ ਨੇ ਕੜਾਹ-ਖੀਰ ਵੀ ਚੱਟਮ ਕਰ'ਤੇ ਅਤੇ ਮਗਰੋਂ ਪੰਜ-ਪੰਜ, ਛੇ-ਛੇ ਪੂੜੀਆਂ ਵੀ 'ਪੀੜ' ਗਏ!" ਉਸਨੇ ਹੱਸਦਿਆਂ ਹੋਇਆਂ ਗੱਲ ਮੁਕਾਈ-"ਇਨ੍ਹਾਂ ਨੇ ਕਿਸੇ ਇਕ ਜਣੇ ਨੇ ਵੀ ਨਹੀਂ ਕਿਹਾ ਕਿ ਖਾਲੀ ਕੌਲਾ ਲਿਆਈਂ ਬਈ ਕਾਕਾ, ਸਾਡੇ ਕੋਲ਼ ਕੜਾਹ ਜਾਂ ਖੀਰ 'ਵਾਧੂ' ਆ ਗਈ ਆ !" ਫਿਰ ਅਸੀਂ ਦਾਦਾ-ਪੋਤਾ ਲੰਗਰ ਦੇ ਸਿਧਾਂਤਕ ਅਰਥ ਅਤੇ ਅਜੋਕੇ ਲੰਗਰਾਂ ਬਾਰੇ ਕਿੰਨਾਂ ਚਿਰ ਗੱਲਾਂ ਕਰਦੇ ਰਹੇ!

-ਤਰਲੋਚਨ ਸਿੰਘ ਦੁਪਾਲ ਪੁਰ 001-408-915-1268

# ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੇ 110 ਵੇਂ ਸ਼ਹੀਦੀ ਦਿਵਸ ਨੂੰ ਸਮੱਰਪਿਤ !

ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਇੱਕ ਅਣਖ਼ੀ ਯੋਧੇ ਅਤੇ ਗ਼ਦਰ ਪਾਰਟੀ ਵੈਨਕੂਵਰ (ਕੈਨੇਡਾ) ਦੇ ਮੈਂਬਰ ਸਨ। ਆਜ਼ਾਦੀ-ਏ-ਹਿੰਦੋਸਤਾਨ ਦੇ ਇਤਿਹਾਸਕ ਪੰਨ੍ਹਿਆਂ ਉੱਤੇ ਸਿਤਾਰਿਆਂ ਵਾਂਗ ਸਦਾ ਚਮਕਦੇ ਰਹਿਣਗੇ।

ਉਨ੍ਹਾਂ ਦਾ ਜਨਮ 1880 ਈਸਵੀ ਵਿੱਚ , ਪਿੰਡ ਲੋਪੋਕੇ ਚੁਗਾਵਾਂ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਵਿੱਚ ਹੋਇਆ।

ਬਾਕੀ ਹਿੰਦੋਸਤਾਨੀਆਂ ਵਾਂਗ ਰੁਜ਼ਗਾਰ ਦੀ ਭਾਲ ਅਤੇ ਘਰ ਦੀ ਸੁਰੱਗੀ (ਹਾਲਾਤ ਬਿਹਤਰ ਬਣਾਉਣਾ) ਲਈ 1906 ਈ਼ ਨੂੰ ਕੈਨੇਡਾ ਦੀ ਧਰਤੀ ਵੈਨਕੂਵਰ ਪਹੁੰਚੇ ਅਤੇ ਵੈਸਟ ਮਿਨਸਟਰ ਦੀ ਫਰੇਜ਼ਰ ਮਿਲ ਵਿੱਚ ਕੰਮ ਕਰਨ ਲੱਗੇ।

ਵਾਹਿਗੁਰੂ ਦੀ ਰਜ਼ਾ 'ਚ ਰਹਿਕੇ ਹਮੇਸ਼ਾਂ ਕੰਮ ਤੋਂ ਵਿਹਲਾ ਸਮਾਂ ਵੈਨਕੂਵਰ ਗੁਰੂਘਰ ਦੀ ਸੇਵਾ ਕਰਦੇ ਅਤੇ ਇਸ ਗੁਰੂਘਰ 'ਚ ਹੀ 21 ਜੂਨ,1908 ਨੂੰ ਉਨ੍ਹਾਂ ਨੇ ਅੰਮ੍ਰਿਤ ਛੱਕ ਲਿਆ।



23, ਮਈ 1914 ਨੂੰ ਮੁਸਾਫ਼ਰਾਂ ਨਾਲ ਭਰਿਆ ਕਾਮਾਗਾਟਾ ਮਾਰੂ ਜਹਾਜ਼ ਵੈਨਕੂਵਰ ਪਹੁੰਚਿਆ । ਯਾਤਰੀਆਂ ਨਾਲ ਹੋਈ ਬੇਰਹਿਮੀ ਅਤੇ ਬੇਇੰਨਸਾਫੀ ਕਰਕੇ ਕੋਰਟ ਨੇ 6, ਜੁਲਾਈ 1914 ਨੂੰ ਵਾਪਿਸ ਜਾਣ ਦੇ ਆਰਡਰ ਕਰ ਦਿੱਤੇ। ਇਹ ਸਭ ਕੁੱਝ ਪਿੱਛੇ ਮੈਲਕਮ ਰੀਡ ਤੇ ਹੌਪਕਿਨਸਨ ਦਾ ਹੀ ਹੱਥ ਸੀ । ਮੇਵਾ ਸਿੰਘ ਨੂੰ ਚੰਗਾ ਨਹੀਂ ਸੀ ਲੱਗਿਆ।

16, ਜੂਨ 1880 ਨੂੰ ਦਿੱਲੀ 'ਚ ਪੈਦਾ ਹੋਇਆ ਹੌਪਕਿਨਸਨ ਕੈਨੇਡਾ ਦਾ ਇੰਮੀਗ੍ਰੇਸ਼ਨ ਇੰਸਪੈਕਟਰ ਲੱਗਭਗ ਵੀਹ ਸਾਲ ਦਿੱਲੀ 'ਚ ਰਿਹਾ। ਉਹ ਪੰਜਾਬੀ ਵੀ ਬੋਲਦਾ ਸੀ ਤੇ ਬਹੁਤਾ ਸਮਾਂ ਗ਼ਦਰ ਲਹਿਰ ਦੇ ਮੈਂਬਰਾਂ ਦੀਆਂ ਸੂਹਾਂ ਲੈਣਾ, ਹਿੰਦੋਸਤਾਨੀਆਂ 'ਚ ਫੁੱਟ ਪਾ ਕੇ ਆਪਿਸ ਵਿੱਚ ਵਿਰੋਧੀ ਬਣਾਉਣਾ ਅਤੇ ਗ਼ਦਰ ਲਹਿਰ ਨੂੰ ਕੁਰਾਹੇ ਪਾਉਣਾ ਆਦਿ ਉਸਦੇ ਕੰਮ ਕਰਨ ਦਾ ਢੰਗ ਸੀ । ਇੰਝ ਵੀ ਕਿਹਾ ਜਾ ਸਕਦਾ ਹੈ ਕਿ ਉਹ ਅੰਗਰੇਜ ਸਾਮਰਾਜ ਦਾ ਹਮਦਰਦ ਤੇ ਆਜ਼ਾਦੀ-ਪਸੰਦ ਹਿੰਦੋਸਤਾਨੀਆਂ ਦਾ ਵਿਰੋਧੀ ਸੀ।

5 ਸਤੰਬਰ , 1914 ਨੂੰ ਕੈਨੇਡਾ ਦੀ ਗ਼ਦਰ ਪਾਰਟੀ ਦੇ ਯੋਧੇ ਭਾਈ ਭਾਗ ਸਿੰਘ ਅਤੇ ਭਾਈ ਬਦਨ ਸਿੰਘ ਨੂੰ ਵੈਨਕੂਵਰ ਦੇ ਗੁਰੂਘਰ ਵਿੱਚ ਬੇਲਾ ਸਿੰਘ ਜਿਆਣ (ਹੁਸ਼ਿਆਰ-ਪੁਰ) ਕੋਲੋਂ ਗੋਲੀਆਂ ਮਰਵਾਕੇ ਸ਼ਹੀਦ ਕਰਨ ਪਿੱਛੇ ਵੀ ਹੌਪਕਿਨਸਨ ਦਾ ਹੱਥ ਸੀ।

ਹੌਪਕਿਨਸਨ, ਬੇਲਾ ਸਿੰਘ ਨੂੰ ਬਰੀ ਕਰਾਉਣ ਲਈ ਮੇਵਾ ਸਿੰਘ ਨੂੰ ਗਵਾਹ ਦੇ ਤੌਰ ਤੇ ਵਰਤਣਾ ਚਾਹੁੰਦਾ ਸੀ ਜੋ ਸਫਲ ਨਾ ਹੋ ਸਕਣ ਕਾਰਨ ਮੇਵਾ ਸਿੰਘ ਨੂੰ ਤੰਗ ਕਰਦਾ ਸੀ ਕਿਉਂਕਿ ਇੱਕ ਤਾਂ ਮੇਵਾ ਸਿੰਘ ਵੈਨਕੂਵਰ ਗ਼ਦਰ ਪਾਰਟੀ ਦਾ ਮੈਂਬਰ ਸੀ ਦੂਜਾ 16 ਜੁਲਾਈ 1914 ਨੂੰ ਹੱਥਿਆਰ ਲਿਆਉਣ ਦੇ ਕੇਸ ਵਿੱਚ ਅਮਰੀਕਾ- ਕਨੇਡਾ ਦੇ ਬਾਰਡਰ ਤੇ ਫੜਿਆ ਗਿਆ ਤੇ ਹੌਪਕਿਨਸਨ ਨੇ ਵੱਢੀ (ਡਾਲਰ) ਲੈ / ਦੇ ਕੇ ਨਿਊ ਵੈਸਟਮਿਨਸਟਰ ਜੇਲ੍ਹ ਚੋਂ ਬਾਹਰ ਕੱਢਵਾਇਆ ਸੀ।

ਬੇਲਾ ਸਿੰਘ (ਜਿਆਣ) ਦੇ ਕੇਸ ਵਿੱਚ ਮੇਵਾ ਸਿੰਘ ਗੁਰੂ ਦਾ ਸੱਚਾ ਸਿੱਖ ਹੋਣ ਕਰਕੇ ਝੂਠੀ ਗਵਾਹੀ ਲਈ ਦਿਲੋਂ ਨਾਂਹ ਕਰ ਗਿਆ ਸੀ। ਹਾਂ, ਇਸ ਕੇਸ ਦੀ ਸੁਣਵਾਈ ਲਈ ਹਰ ਵਾਰ ਕੋਰਟ ਪਹੁੰਚਦਾ ਸੀ। ਅਕਤੂਬਰ, 21, 1914 ਦਾ ਦਿਨ ਸੀ ਜਦੋਂ ਹੌਪਕਿਨਸਨ ਜਿਊਰੀ ਅੱਗੇ ਪੇਸ਼ ਹੋਣ ਜਾ ਰਿਹਾ ਸੀ ਲੱਗ ਭਗ 10 ਵਜੇ ਸਵੇਰ ਦਾ ਸਮਾਂ ਸੀ ਤਾਂ ਉਡੀਕ ਕਰ ਰਹੇ ਮੇਵਾ ਸਿੰਘ ਨੇ ਗੋਲੀਆਂ ਮਾਰਕੇ ਗ਼ਦਰ ਪਾਰਟੀ ਦੇ ਕੱਟੜ ਵਿਰੋਧੀ ਅੰਗਰੇਜ ਸਾਮਰਾਜ ਦੇ ਜਸੂਸ ਨੂੰ ਢੇਰੀ ਕਰ ਦਿੱਤਾ।

ਵਿਲੀਅਮ ਚਾਰਲਸ ਹੌਪਕਿਨਸਨ ਦੇ ਕਤਲ ਕੇਸ ਦੀ ਕਾਰਵਾਈ ਗੋਰੀ ਸਰਕਾਰ ਦੇ ਦਬਾਅ ਕਰਕੇ ਨੌਂ ਦਿਨ ਬਾਅਦ ਹੀ ਸ਼ੁਰੂ ਕਰ ਦਿੱਤੀ । ਜਦੋਂ ਕਿ ਕਸੂਰਵਾਰ ਬੇਲਾ ਸਿੰਘ (ਜਿਆਣ) ਨੂੰ ਬਿਨ੍ਹਾਂ ਸਜ਼ਾ ਦਿੱਤੇ ਸ਼ਰੇਆਮ ਖੁੱਲ੍ਹਾ ਘੁੰਮਣ ਦਿੱਤਾ ਜਾ ਰਿਹਾ ਸੀ। ਜਿਸ ਨੇ ਭਾਈ ਭਾਗ ਸਿੰਘ ਅਤੇ ਭਾਈ ਬਦਨ ਸਿੰਘ ਨੂੰ ਸ਼ਰੇਆਮ ਗੁਰੂਘਰ ਵੈਨਕੂਵਰ ਅੰਦਰ ਗੋਲੀਆਂ ਮਾਰਕੇ ਬਦੋਸ਼ੇ ਗ਼ਦਰੀਆਂ ਨੂੰ ਮਾਰਿਆ ਸੀ ਅਤੇ ਗੁਰੂਘਰ ਦੀ ਬੇਅਦਬੀ ਕੀਤੀ ਸੀ। ਫਿਰ ਵੀ ਅਦਾਲਤ ਨੇ ਸਜ਼ਾ ਨਹੀਂ ਦਿੱਤੀ। ਮੇਵਾ ਸਿੰਘ ਦਾ ਦੋ ਮਹੀਨੇ ਦੇ ਲੱਗਭਗ ਅਦਾਲਤ ਵਿੱਚ ਕਤਲ ਕੇਸ ਚੱਲਿਆ। ਅੰਗਰੇਜ਼ ਰਾਜ ਕੋਲੋਂ ਛੁਟਕਾਰਾ ਦਿਵਾਉਣ ਵਾਲੇ ਗ਼ਦਰੀ ਯੋਧਿਆਂ ਦੀ ਜਸੂਸੀ ਕਰਨ ਵਾਲਾ ਵੱਢੀ-ਖ਼ੋਰ ਕਾਤਲ ਹੌਪਕਿਨਸਨ ਜੋ ਮਨੁੱਖਤਾ ਦੇ ਮੱਥੇ ਦਾ ਕਲੰਕ ਸੀ, ਨੂੰ ਮਾਰਨ ਦੇ ਦੋਸ਼ ਵਿੱਚ ਭਾਈ ਮੇਵਾ ਸਿੰਘ ਨੂੰ 11, ਜਨਵਰੀ, 1915 ਨੂੰ ਕੈਨੇਡਾ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ।

ਸ਼ਹੀਦ ਮੇਵਾ ਸਿੰਘ ਦੀ ਮਿਰਤਕ ਦੇਹ ਦਾ ਫ਼ਾਂਸੀ ਵਾਲੀ ਜੇਲ੍ਹ ਤੋਂ ਤਕਰੀਬਨ ਚਾਰ ਮੀਲ ਦੂਰ ਫਰੇਜ਼ਰ ਮਿੱਲ ਲਿਜਾਕੇ ਸਿੱਖ ਪਰੰਪਰਾ ਨਾਲ ਸੰਸਕਾਰ ਕੀਤਾ ਗਿਆ। ਲੱਗਭੱਗ ਚਾਰ ਤੋਂ ਪੰਜ ਸੌ ਬੰਦਿਆਂ ਨੇ 'ਸ਼ਹੀਦ' ਮੇਵਾ ਸਿੰਘ ਲੋਪੋਕੇ ਦੇ ਸੰਸਕਾਰ ਵਿੱਚ ਚਾਰ ਮੀਲ ਦੀ ਦੂਰੀ ਪੈਦਲ ਸ਼ਮੂਲੀਅਤ ਕਰਕੇ ਸ਼ਰਧਾਂਜ਼ਲੀ ਭੇਂਟ ਕੀਤੀ। ਯਾਦ ਰਹੇ ਉਸ ਸਮੇਂ ਕੈਨੇਡਾ ਵਿੱਚ ਇੱਕ ਹਜ਼ਾਰ ਦੇ ਲਾਗੇ ਦੀ ਗਿਣਤੀ ਵਿੱਚ ਹਿੰਦੋਸਤਾਨੀ ਰਹਿ ਰਹੇ ਸਨ। "ਸ਼ਹੀਦ ਕਦੇ ਵੀ ਮਰਦੇ ਨਹੀਂ, ਹਮੇਸ਼ਾਂ ਹੀ ਅਮਰ ਰਹਿੰਦੇ ਹਨ।"

ਅੱਜ ਕੱਲ ਕੈਨੇਡਾ ਵਿੱਚ ਸ਼ਹੀਦ ਭਾਈ ਮੇਵਾ ਸਿੰਘ ਦੀ ਯਾਦ ਤਾਜ਼ਾ ਰੱਖਣ ਲਈ ਅਕਾਲੀ ਸਿੰਘ ਸਿੱਖ ਸੁਸਾਇਟੀ ਨੇ ਗੁਰੂਘਰ ਵਿੱਚ ਲਾਇਬ੍ਰੇਰੀ ਦਾ ਨਾਮ ਰੱਖਿਆ ਹੋਇਆ ਹੈ ਅਤੇ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਨੇ ਸ਼ਹੀਦ ਭਾਈ ਮੇਵਾ ਸਿੰਘ ਦੀ ਯਾਦ 'ਚ ਰੌਸ ਸਟਰੀਟ ਗੁਰੂਘਰ ਦੇ ਲੰਗਰ ਹਾਲ ਦਾ ਨਾਂਅ ਸ਼ਹੀਦ ਭਾਈ ਮੇਵਾ ਸਿੰਘ ਹਾਲ ਰੱਖਿਆ ਹੋਇਆ ਹੈ।

ਆਜ਼ਾਦੀ-ਏ-ਹਿੰਦੋਸਤਾਨ ਦੇ ਹਿੰਦੋਸਤਾਨ ਤੋਂ ਬਾਹਰ ਕੈਨੇਡਾ ਵਿੱਚ ਪਹਿਲੇ ਸ਼ਹੀਦ ਭਾਈ ਮੇਵਾ ਸਿੰਘ 'ਲੋਪੋਕੇ' ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ। ਅਗਾਂਹ-ਵਧੂ ਲੋਕ, ਸ਼ਹੀਦਾਂ ਵੱਲੋਂ ਲੁੱਟ ਰਹਿਤ ਸਮਾਜ ਦੀ ਉਸਾਰੀ ਲਈ ਹੱਕ-ਸੱਚ ਅਤੇ ਸੰਘਰਸ਼ ਦੀ ਜਗਾਈ ਹੋਈ ਮਿਸ਼ਾਲ ਨੂੰ ਮੱਘਦੀ ਰੱਖਣ ਲਈ ਯਤਨਸ਼ੀਲ ਰਹਿਣਗੇ।

"ਜਦੋਂ ਲੁੱਟ ਰਹਿਤ ਸਮਾਜ ਦੇ ਸਿਰਜਣਹਾਰਾਂ ਦੇ ਯਤਨਾਂ ਦੀ ਜਿੱਤ ਹੋਵੇਗੀ ਤਾਂ ਬੁਰਾਈ ਉਪਰ ਇਛਾਈ ਦੀ ਜਿੱਤ ਹੋ ਜਾਵੇਗੀ।"

ਵਲੋਂ:- ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊਯਾਰਕ।

**ਮਨਮੋਹਨ ਪੂਨੀ (ਨਿਊਯਾਰਕ) 1-347-753-5940**

# ਯੁੱਗ ਪੁਰਸ਼ ਸਵਾਮੀ ਵਿਵੇਕਾਨੰਦ

ਸਵਾਮੀ ਵਿਵੇਕਾਨੰਦ ਭਾਰਤੀ ਇਤਿਹਾਸ ਅਤੇ ਭਾਰਤੀ ਸਿੱਖਿਆ ਫ਼ਲਸਫ਼ੇ ਵਿੱਚ ਉੱਚ ਸਥਾਨ ਰੱਖਦੇ ਹਨ। ਉਹਨਾਂ ਦਾ ਅਸਲੀ ਨਾਂ ਨਰਿੰਦਰ ਨਾਥ ਦੱਤ ਸੀ ਤੇ ਉਹਨਾਂ ਦਾ ਜਨਮ 12 ਜਨਵਰੀ 1863 ਈ. ਵਿੱਚ ਕਲਕੱਤਾ ਦੇ ਉੱਚ ਪੱਧਰੀ ਪਰਿਵਾਰ ਵਿੱਚ ਹੋਇਆ। ਉਹਨਾਂ ਦੇ ਪਿਤਾ ਵਿਸ਼ਵਨਾਥ ਦੱਤ ਪੱਛਮੀ ਸੱਭਿਅਤਾ ਅਨੁਸਾਰ ਜੀਵਨ ਬਤੀਤ ਕਰਦੇ ਸਨ। ਉਹ ਆਪਣੇ ਪੁੱਤਰ ਨੂੰ ਅੰਗਰੇਜ਼ੀ ਪੜ੍ਹਾ ਕੇ ਪੱਛਮੀ ਸੱਭਿਅਤਾ ਵੱਲ ਪ੍ਰੇਰਿਤ ਕਰਨਾ ਚਾਹੁੰਦੇ ਸਨ। ਉਹ ਬਚਪਨ ਤੋਂ ਹੀ ਵਿਸ਼ੇਸ਼ ਪ੍ਰਤੀਭਾ ਦੇ ਗਿਆਤਾ ਸਨ ਅਤੇ ਉਹਨਾਂ ਵਿੱਚ ਪਰਮਾਤਮਾ ਨੂੰ ਪ੍ਰਾਪਤ ਕਰਨ ਦੀ ਲਾਲਸਾ ਵੀ ਪ੍ਰਬਲ ਸੀ।ਪਹਿਲਾਂ ਉਹ ਬ੍ਰਹਮ ਸਮਾਜ ਵਿੱਚ ਗਏ ਪ੍ਰੰਤੂ ਉੱਥੇ ਉਹਨਾਂ ਨੂੰ ਉਹ ਸੁੱਖ ਨਾ ਮਿਲਿਆ ਜਿਸ ਦੀ ਕਾਮਨਾ ਉਹਨਾਂ ਨੇ ਕੀਤੀ ਸੀ। ਉਹਨਾਂ ਦੀ ਪਰਵਰਿਸ਼ ਬੜੇ ਚੰਗੇ ਢੰਗ ਨਾਲ ਹੋਈ ਅਤੇ ਉਹਨਾਂ ਨੇ ਭਾਰਤੀ ਸਿਧਾਂਤਾਂ ਨੂੰ ਆਪਣੇ ਜੀਵਨ ਵਿੱਚ ਅਪਣਾਇਆ। ਗਰੀਬੀ ਦੀ ਹਾਲਤ ਵਿੱਚ ਵੀ ਨਰਿੰਦਰ ਦੂਜਿਆਂ ਪ੍ਰਤੀ ਸੇਵਾ-ਭਾਵ ਦੀ ਭਾਵਨਾਂ ਰੱਖਦੇ ਸਨ। ਉਹ ਆਪ ਖਾਣਾ ਖਾ ਕੇ ਦੂਜਿਆਂ ਨੂੰ ਖ਼ਿਲਾਉਂਦੇ, ਰਾਤ ਨੂੰ ਆਪ ਬਾਹਰ ਰਹਿੰਦੇ ਦੂਜਿਆਂ ਨੂੰ ਰੁਕਣ ਲਈ ਕਹਿੰਦੇ।



ਇੱਕ ਬਾਰ ਜਦੋਂ ਨਰਿੰਦਰ ਲੋਕਾਂ ਕੋਲੋਂ ਰਾਮਕਰਿਸ਼ਨ ਪਰਮਹੰਸ ਦੀ ਪ੍ਰਸੰਸਾ ਸੁਣ ਕੇ ਉਹਨਾਂ ਕੋ.ਲ ਆਪਣੇ ਕੀਈ ਪ੍ਰਸ਼ਨ ਲੈ ਕੇ ਤਰਕ ਕਰਨ ਦੇ ਇਰਾਦੇ ਨਾਲ ਗਏ ਤਾਂ ਇਹ ਪਰਮਹੰਸ ਜੀ ਤੋਂ ਬਹੁਤ ਪ੍ਰਭਾਵਿਤ ਹੋਏ । ਪਰਮਹੰਸ ਜੀ ਨੇ ਇਹਨਾਂ ਨੂੰ ਪਹਿਚਾਣ ਲਿਆ ਜਿਸਦਾ ਇੰਤਜ਼ਾਰ ਪਰਮਹੰਸ ਜੀ ਕਾਫੀ ਸਮੇਂ ਤੋਂ ਕਰ ਰਹੇ ਸਨ, ਨਰਿੰਦਰ ਉਹੀ ਸੀ। ਪਰਮਹੰਸ ਜੀ ਦੀ ਕਿਰਪਾ ਨਾਲ ਇਹਨਾਂ ਨੂੰ ਆਤਮ- ਦਰਸ਼ਨ ਹੋਏ, ਸਿੱਟੇ ਵਜੋਂ ਨਰਿੰਦਰ ਪਰਮਹੰਸ ਦੇ ਉਹਨਾਂ ਦੇ ਪ੍ਰਮੁੱਖ ਚੇਲੇ ਬਣ ਗਏ। ਪਰਮਹੰਸ ਜੀ ਦੇ ਸੰਪਰਕ ਵਿੱਚ ਆਉਣ ਤੋਂ ਬਾਦ ਉਹ ਸਨਿਆਸੀ ਬਣ ਗਏ ਜਿਸ ਤੋਂ ਬਾਅਦ ਉਹ ਨਰਿੰਦਰ ਤੋਂ ਵਿਵੇਕਾਨੰਦ ਬਣ ਕੇ ਜਾਣੇ ਗਏ।

ਗੁਰੂ ਦੀ ਸੇਵਾ ਭਾਵ ਦੀ ਉਹਨਾਂ ਨੇ ਇੱਕ ਮਿਸਾਲ ਪ੍ਰਸਤੁਤ ਕੀਤੀ । ਉਹਨਾਂ ਨੇ ਆਪਣੀ ਸੇਵਾ ਭਾਵ ਨਾਲ ਗੁਰੂ ਜੀ ਦੇ ਅੰਤਿਮ ਦਿਨਾਂ ਵਿੱਚ ਉਹਨਾਂ ਨਾਲ ਰਹਿ ਕੇ ਉਹਨਾਂ ਦੀ ਹਰ ਪ੍ਰਕਾਰ ਨਾਲ ਸੇਵਾ ਕੀਤੀ। 25 ਸਾਲ ਦੀ ਉਮਰ ਵਿੱਚ ਨਰਿੰਦਰ ਦੱਤ ਨੇ ਸੰਨਿਆਸੀ ਵਾਲਾ ਚੋਲਾ ਪਾ ਲਿਆ। ਇਸ ਮਗਰੋਂ ਇਹਨਾਂ ਨੇ ਪੂਰੇ ਭਾਰਤਵਰਸ਼ ਦੀ ਯਾਤਰਾ ਕੀਤੀ। ਸੰਨ 1893 ਈ. ਵਿੱਚ ਸ਼ਿਕਾਂਗੋ(ਅਮਰੀਕਾ) ਵਿੱਚ ਵਿਸ਼ਵ ਧਰਮ ਪਰਿਸ਼ਦ ਹੋ ਰਹੀ ਸੀ ਜਿੱਥੇ ਸਵਾਮੀ ਵਿਵੇਕਾਨੰਦ ਭਾਰਤ ਦੇ ਪ੍ਰਤੀਨਿਧ ਵਜੋਂ ਪੁੱਜੇ ਸੀ।ਯੂਰਪ- ਅਮਰੀਕਾ ਦੇ ਲੋਕ ਉਸ ਸਮੇਂ ਗੁਲਾਮ ਦੇਸ਼ ਭਾਰਤ ਦੇ ਲੋਕਾਂ ਨੂੰ ਬੜੇ ਹੀਣ ਭਾਵ ਨਾਲ ਦੇਖਦੇ ਸਨ। ਇੱਥੇ ਤੱਕ ਕਈ ਦੇਸ਼ਾਂ ਨੇ ਕੋਸ਼ਿਸ਼ ਕੀਤੀ ਕਿ ਵਿਵੇਕਾਨੰਦ ਨੂੰ ਬੋਲਣ ਦਾ ਸਮਾਂ ਹੀ ਨਾ ਮਿਲੇ। ਇੱਕ ਅਮਰੀਕਨ ਪ੍ਰੋਫ਼ੇਸਰ ਦੀ ਕੋਸ਼ਿਸ ਸਦਕਾ ਉਹਨਾਂ ਨੂੰ ਬੋਲਣ ਦਾ ਥੋੜ੍ਹਾ ਮੌਕਾ ਮਿਲਿਆ। ਪਰੰਤੂ ਉਹਨਾਂ ਦੇ ਵਿਚਾਰ ਸੁਣ ਕੇ ਸਭਾ ਵਿੱਚ ਬੈਠੇ ਉੱਘੇ ਵਿਦ-ਵਾਨ ਵੀ ਹੈਰਾਨ ਰਹਿ ਗਏ। ਉਹਨਾਂ ਨੂੰ ਇਸ ਭਾਸ਼ਨ ਸਦਕਾ ਪੂਰਾ ਵਿਸ਼ਵ ਜਾਨਣ ਲੱਗਾ।

ਅਮਰੀਕਾ ਦੇ ਲੋਕਾਂ ਨੇ ਉਹਨਾਂ ਦਾ ਬਹੁਤ ਧੰਨਵਾਦ ਕੀਤਾ । ਤਿੰਨ ਸਾਲਾਂ ਤੱਕ ਉਹ ਅਮਰੀਕਾ ਹੀ ਰਹੇ ਤੇ ਉੱਥੇ ਰਹਿ ਕੇ ਭਾਰਤੀ ਸ਼ਾਸ਼ਤਰ ਦਾ ਗਿਆਨ ਪ੍ਰਦਾਨ ਕੀਤਾ। ਵਿਵੇਕਾਨੰਦ ਨੇ ਅਮਰੀਕਾ ਵਿੱਚ ਰਾਮਕਰਿਸ਼ਨ ਮਿਸ਼ਨ ਦੀਆਂ ਅਨੇਕ ਸ਼ਾਖਾਵਾਂ ਸਥਾਪਿਤ ਕੀਤੀਆਂ। 4 ਜੁਲਾਈ 1902 ਈ. ਨੂੰ ਉਹਨਾਂ ਨੇ ਆਪਣਾ ਸ਼ਰੀਰ ਤਿਆਗ ਦਿੱਤਾ।

**ਜੋਤੀ ਖੰਨਾ 91-62396-00623**

## "ਸਰਬੰਸ਼ਦਾਨੀ ਸਾਹਿਬ ਗੁਰੂ ਗੋਬਿੰਦ ਸਿੰਘ"

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ , ਅਸ਼ੀ ਹਾਂ ਬੇਟੇ ਰੰਗ ਰੇਟੇ
ਗੁਰੂ ਜੀ ਦੇ ਹੁਕਮ ਨਾਲ ਜ਼ੁਲਮ ਮਿਟਾਦਿਆਂਗੇ
ਪਾਪਾਂ ਜ਼ੁਲਮਾਂ ਦੀ ਗੁਰੂ ਜੀ ਅੱਤ ਹੋ ਗਈ
ਪਾਪਾਂ ਜੁਲਮਾਂ ਦਾ ਗੁਰੂ ਜੀ ਨਾਸ਼ ਕਰਕੇ
ਤੇ ਭਾਰ ਧਰਤੀ ਦੇ ਉਤੋਂ ਘਟਾਦਿਆਂਗੇ
ਜ਼ੁਲਮ ਕਰਨ ਤੋਂ ਆਉਦੇਂ ਨਹੀਂ ਬਾਜ ਜਿਹੜੇ
ਥੱਰ ਥੱਰ ਉਹਨਾਂ ਦੇ ਤਾਈਂ ਕਰਨ ਲਾਦਿਆਂਗੇ
ਗੁਰੂ ਜੀ ਦੇ ਬੇਟੇ ਰੰਗ ਰੇਟੇ ਦੀ ਧਾੜ ਜਦ ਚੜ ਪੈਣੀ
ਤੋਹਬਾ ਤੋਹਬਾ ਕਹਿ ਕੰਨਾਂ ਨੂੰ ਹੱਥ ਲਗਵਾਦਿਆਂਗੇ
ਤੌਬਾ ਤੌਬਾ ਕਹਿ ਕੰਨਾਂ ਨੂੰ ਹੱਥ ਲਗਵਾਦਿਆਂਗੇ

ਦਸਮੇਸ਼ ਪਿਤਾ ਜੀ ਗੁਰੂ ਦਾ ਨਾਮ ਲੈ ਕੇ
ਚੱੜ੍ਹਦੀ ਕਲਾ ਦੀ ਫ਼ਤਿਹ ਬਲਾਦਿਆਂਗੇ

ਨਹੀਂ ਡਰਾਂਗੇ ਗੁਰੂ ਜੀ ਕਿਸੇ ਜ਼ੁਲਮੀ ਜਾਲਮ ਕੋਲੋਂ
ਗੁਰੂ ਜੀ ਹੱਥ ਉਸ ਨੂੰ ਕਰੜੇ ਦਿਖਲਾਦਿਆਂਗੇ
ਗੁਰੂ ਜੀ ਦੀ ਫੌਜ ਦੇ ਸ਼ੇਰ ਜਦ ਮੈਦਾਨ ਗੱਜੇ
ਗੁਰੂ ਜੀ ਭਾਜੜਾਂ ਗਿੱਦੜਾਂ ਤਾਈਂ ਪੁਆਦਿਆਂਗੇ
ਸਿਰ ਚੁੱਕੂ ਨਾ ਗੁਰੂ ਜੀ ਫੇਰ ਕੋਈ ਜਾਲਮ
ਇੱਟ ਨਾਲ ਗੁਰੂ ਜੀ ਪੱਥਰ ਖੜਕਾ ਦਿਆਂਗੇ
ਤੌਬਾ ਤੌਬਾ ਕਹਿ ਕੰਨਾਂ ਨੂੰ ਹੱਥ ਲਗਵਾਦਿਆਂਗੇ
ਤੌਬਾ ਤੌਬਾ ਕਹਿ ਕੰਨਾਂ ਨੂੰ ਹੱਥ ਲਗਵਾਦਿਆਂਗੇ

ਗੁਰੂ ਜੀ ਦੇ ਬੇਟੇ ਰੰਗ ਰੇਟਿਆਂ ਨੇ ਜੱਦ ਚੜ੍ਹ ਪੈਣਾ
ਚਾਰਾਂ ਤਰਫ਼ਾਂ ਤੋਂ ਗੁਰੂ ਜੀ ਹਨੇਰੀਆਂ ਲਿਆਦਿਆਂਗੇ
ਹੁਣ ਵਕਤ ਆ ਗਿਆ ਗੁਰੂ ਜੀ ਉਠਣੈਂ ਦਾ
ਗੁਰੂ ਜੀ ਤੇਰੀ ਮਿਹਰ ਨਾਲ ਧੂੜਾਂ ਉਡਾਦਿਆਂਗੇ
ਜਦੋਂ ਚਲ ਪੈਣਾਂ ਗੁਰੂ ਜੀ ਅਸ਼ੀ ਰੁਕਣਾ ਨਹੀਂ
ਗੁਰੂ ਜੀ ਗ਼ਦਾਰਾਂ ਨੂੰ ਵੀ ਗੱਡੀ ਝੜਾਦਿਆਂਗੇ
ਗੁਰੂ ਜੀ ਤੁਸਾਂ ਦੇ ਹੁੰਦਿਆਂ ਡਰ ਕਾਹਦਾ
ਗੁਰੂ ਜੀ ਆਮ ਖਾਸ਼ ਦੇ ਤੋਤੇ ਉਡਾਦਿਆਂਗੇ
ਤੌਬਾ ਤੌਬਾ ਕਹਿ ਕੰਨਾਂ ਨੂੰ ਹੱਥ ਲਗਵਾਦਿਆਂਗੇ
ਤੌਬਾ ਤੌਬਾ ਕਹਿ ਕੰਨਾਂ ਨੂੰ ਹੱਥ ਲਗਵਾਦਿਆਂਗੇ

ਬਹਾਦਰ ਪਿਤਾ ਜੀ ਦੇ ਸਪੁੱਤਰ, ਬਹਾਦਰ ਗੁਰੂ ਗੋਬਿੰਦ ਸਿੰਘ
ਗੁਰੂ ਜੀ ਝੰਡੇ ਤੁਸਾਂ ਦੇ ਤਾਈਂ ਝੁੱਲਾਦਿਆਂਗੇ
ਚੌਹਾਂ ਜੁਗਾਂ ਦੇ ਵਿੱਚ ਗੁਰੂ ਜੀ ਅਮਰ ਹੇਗੈ
ਹਰ ਜਗ੍ਹਾ ਗੁਰਾਂ ਦੇ ਗੁਣਾਂ ਨੂੰ ਗਾਦਿਆਂਗੇ
ਸਾਡੇ ਗੁਰਾਂ ਜੈਸਾ ਕੋਈ ਨਹੀਂ ਹੋਰ ਹੋਇਆ
ਸਾਰੇ ਜੱਗ ਤੇ ਆਵਾਜ ਪਹੁੰਚਾਦਿਆਂਗੇ
'ਚਾਹਲ' ਗੁਰੂ ਜੀ ਦੀ ਜਿੰਨੀ ਵੀ ਸਿਫ਼ਤ ਕਰੀਏ
ਉਹਨੀਂ ਹੀ ਘੱਟ ਹੈ ਜੀ, ਤੇ ਵਾਹਿਗੁਰੂ ਜੀ ਦੀ ਫ਼ਤਿਹ ਬਲਾ ਦਿਆਂਗੇ
ਤੌਬਾ ਤੌਬਾ ਕਹਿ ਕੰਨਾਂ ਨੂੰ ਹੱਥ ਲਗਵਾ ਦਿਆਂਗੇ
ਤੌਬਾ ਤੌਬਾ ਕਹਿ ਕੰਨਾਂ ਨੂੰ ਹੱਥ ਲਗਵ ਾਦਿਆਂਗੇ।

## ਕਵਿਤਾ "ਲਲਕਾਰ"

ਦਲਿਤ ਕੌਮ ਦੇ ਏਹ ਨੌਜਵਾਨੋ ਵਕਤ ਰਿਹਾ ਲਲਕਾਰ, ਲਲਕਾਰ ਉੱਠੋ
ਵਾਜਾਂ ਮਾਰਦਾ ਵਿਚ ਅਸਮਾਨ ਦੇਖੋ, ਬਾਬਾ ਸਾਹਿਬ ਦੇ ਰਾਜ ਦੁਲਾਰ ਉਠੋ।

ਸਦੀਆਂ ਹੋ ਗਈਆਂ ਗਮਾਂ ਦੀ ਨੀਂਦ ਅੰਦਰ, ਜਾਗੋ ਹੁਣ ਤੇ ਹੋ ਕੇ ਹੁਸ਼ਿਆਰ ਉਠੋ
ਅੱਜ ਵਕਤ ਹੈ ਵਕਤ ਨੂੰ ਸੰਭਾਲਣੇਦਾ, ਕਦਰ ਵਕਤ ਦੀ ਕਰੋ ਦਲਦਾਰ ਉਠੋ।

ਬਣਾ ਕੇ ਵੋਟ ਜਿਸ ਜਿਊਣ ਦਾ ਹੱਕ ਦਿੱਤਾ, ਉਹਦੀ ਯਾਦ ਵਿਚ ਹੋ ਕੇ ਬੇਜਾਰ ਉਠੋ
ਬੈਠੇ ਰਹਿ ਨਾ ਜਾਵਦਾ ਕਿਤੇ ਯਾਰੋ, ਖੜ੍ਹੇ ਹੋ ਜਾਓ ਵਿਚ ਕਤਾਰ ਉਠੋ।

ਹਰ ਇਕ ਗੱਲ ਦਾ ਸਭ ਨੂੰ ਹੱਕ ਪੂਰਾ, ਦੇ ਗਿਆ ਜੋ ਭੀਮ ਅਵਤਾਰ ਉਠੋ
ਧੰਨ ਹੈ ਧੰਨ ਹੈ ਧੰਨ ਹੈ ਕਲਮ ਉਸਦੀ, ਬਾਬਾ ਸਾਹਿਬ ਦੇ ਜਾਉ ਬਿਲਹਾਰ ਉਠੋ।

ਉਹਦਾ ਨਾਮ ਲੈ ਸੱਜਣੋ ਵਧੋ ਅੱਗੇ, ਨਹੀਂ ਆਵੇਗੀ ਕਦੇ ਵੀ ਹਾਰ ਉਠੋ
ਜਿਸ ਤੇ ਖਿਜ਼ਾ ਨਾ ਕਦੇ ਵੀ ਆ ਸਕੇ, ਐਸੀ ਹਮੇਸ਼ਾ ਲਈ ਬਣਕੇ ਬਹਾਰ ਉਠੋ।
ਜਿਹੜਾ ਕਦਮ ਉਠੇ ਪੱਥਰ ਵਾਂਗ ਹੋਵੇ, ਰਸਤੇ ਕੰਢਿਆਂ 'ਤੇ ਦੇ ਕੇ ਭਾਰ ਉਠੋ

ਜੁਲਮ ਕਰਨ ਤੋਂ ਆਉਂਦੇ ਨਹੀਂ ਵਾਜ ਜਿਹੜੇ, ਬਣ ਕੇ ਉਹਨਾਂ ਦੇ ਲਈ ਲਲਕਾਰ ਉਠੋ
ਜਾਨ ਗਦਾਰਾਂ ਦੀ ਵੀ ਮੁੱਠ ਵਿਚ ਆ ਜਾਵੇ, ਦਲਿਤ ਕੌਮ ਦੇ ਏਹ ਪਹਿਰਦਾਰ ਉਠੋ।

ਅੱਤਿਆਚਾਰ ਤੇ ਜ਼ੁਲਮ ਨੂੰ ਤੋੜਨੇ ਦੇ ਲਈ,
ਦੋ ਚਾਰ ਨਹੀਂ ਲੱਖ ਹਜ਼ਾਰ ਉਠੋ
ਕਿਸਮਤ ਆਪਣੀ ਦਾ ਫੈਸਲਾ ਆਪ ਕਰਨਾ,
ਅੱਜ ਤੁਸੀਂ ਹੋ ਖੁਦ ਮੁਖਤਿਆਰ ਉਠੋ
'ਬਿਹਾਰੀ ਲਾਲ' ਦੀਵਾਰਾਂ ਉਹ ਤੋੜ ਸੁੱਟੋ,
ਜਿਹੜੀਆਂ ਪਈਆਂ ਇਨਸਾਨਾਂ ਵਿਚਕਾਰ ਉਠੋ।



**- ਬਿਹਾਰੀ ਲਾਲ ਚਾਹਲ (ਨਕੋਦਰੀਆ)**

# ਹਰ ਸਮੇਂ ਮਹਾਨ : ਗੁਰੂ ਦੱਤ



ਗੁਰੂ ਦੱਤ ਦਾ ਨਾਂ ਭਾਰਤੀ ਸਿਨੇਮਾ ਦੇ ਮਹਾਨ ਫਿਲਮ ਨਿਰਮਾਤਾਵਾਂ ਵਿੱਚ ਗਿਣਿਆ ਜਾਂਦਾ ਹੈ। ਗੁਰੂ ਦੱਤ ਦਾ ਜਨਮ 9 ਜੁਲਾਈ 1925 ਨੂੰ ਮੈਸੂਰ ਵਿੱਚ ਹੋਇਆ ਸੀ। ਗੁਰੂ ਦੱਤ ਨੇ ਅਲਮੋੜਾ ਵਿੱਚ ਮਸ਼ਹੂਰ ਡਾਂਸਰ ਉਦੈ ਸ਼ੰਕਰ ਤੋਂ ਡਾਂਸ ਦੀ ਸਿੱਖਿਆ ਲਈ ਅਤੇ ਪ੍ਰਭਾਤ ਦੀ ਫਿਲਮ 'ਹਮ ਏਕ ਹੈ' (1946) ਵਿੱਚ ਕੋਰੀਓਗ੍ਰਾਫਰ ਵਜੋਂ ਆਪਣਾ ਬ੍ਰੇਕ ਪ੍ਰਾਪਤ ਕੀਤਾ। ਉਸਨੂੰ ਡਾਂਸ ਦਾ ਚੰਗਾ ਗਿਆਨ ਸੀ, ਇਸ ਲਈ ਉਸਨੇ ਆਪਣੀ ਅਦਾਕਾਰੀ ਵਿੱਚ ਡਾਂਸ ਦੇ ਸਮੀਕਰਨਾਂ ਦੀ ਭਰਪੂਰ ਵਰਤੋਂ ਕੀਤੀ। 'ਹਮ ਏਕ ਹੈ' ਦੌਰਾਨ ਉਸ ਦੀ ਉਸ ਫ਼ਿਲਮ ਦੇ ਹੀਰੋ ਦੇਵ ਆਨੰਦ ਨਾਲ ਦੋਸਤੀ ਹੋ ਗਈ। ਦਰਅਸਲ, ਦੋਵਾਂ ਦੀ ਮੁਲਾਕਾਤ ਘੋਬੀ ਦੇ ਕੱਪੜੇ ਬਦਲਣ ਤੋਂ ਬਾਅਦ ਹੋਈ ਸੀ। ਆਪਣੀ ਉਮਰ ਅਤੇ ਸਮਾਨ ਰੁਚੀਆਂ ਦੇ ਕਾਰਨ, ਉਹ ਦੋਸਤ ਬਣ ਗਏ ਅਤੇ ਦੋਵਾਂ ਨੇ ਇਕ ਦੂਜੇ ਨਾਲ ਵਾਅਦਾ ਕੀਤਾ ਕਿ ਜਿਸ ਨੂੰ ਵੀ ਪਹਿਲਾ ਵੱਡਾ ਬ੍ਰੇਕ ਮਿਲੇਗਾ, ਉਹ ਦੂਜੇ ਨੂੰ ਜ਼ਰੂਰ ਮੌਕਾ ਦੇਣਗੇ। ਜਦੋਂ ਦੇਵ ਆਨੰਦ ਨੇ ਨਵਕੇਤਨ ਬੈਨਰ ਦੀ ਸਥਾਪਨਾ ਕੀਤੀ, ਤਾਂ ਉਸਨੇ ਬਾਗੀ (1951) ਨੂੰ ਨਿਰਦੇਸ਼ਤ ਕਰਨ ਲਈ ਗੁਰੂ ਦੱਤ ਨੂੰ ਬੁਲਾਇਆ। ਗੁਰੂ ਦੱਤ ਦਾ ਬਤੌਰ ਨਿਰਦੇਸ਼ਕ ਸਫ਼ਰ ਇੱਥੋਂ ਸ਼ੁਰੂ ਹੋਇਆ। ਦੇਵ ਆਨੰਦ ਨਾਲ ਜਾਲ ਕਦੇ-ਕਦਾਈਂ ਪਾਣੀ ਭਰ ਕੇ ਵੀ ਖਾਲੀਪਣ ਵਿੱਚ ਅਟਕ ਜਾਂਦੀਆਂ ਹਨ, ਦੁਨਿਆਵੀ ਸੰਸਾਰ ਦਾ ਪਿੱਛਾ ਕਰਦਾ ਹੈ ਅਤੇ ਇਸ ਤੋਂ ਭੱਜਣ ਦੀ ਕੋਸ਼ਿਸ਼ ਵਿੱਚ ਜਜ਼ਬਾਤ ਕਰਦਾ ਹੈ, ਸਭ ਕੁਝ ਪ੍ਰਾਪਤ ਕਰਦਾ ਹੈ ਇਸ ਨੂੰ ਲੈਣ ਤੋਂ ਬਾਅਦ ਇਹ ਵਿਅਰਥ

ਤਰਸੇਮ ਬੱਧਣ 91-97796-27888

ਹੈ ਜਿਵੇਂ ਕਿ 'ਜੇ ਸਾਨੂੰ ਇਹ ਸੰਸਾਰ ਮਿਲ ਜਾਵੇ'। ਗੁਰੂ ਦੱਤ ਦੀਆਂ ਦੋਵੇਂ ਫ਼ਿਲਮਾਂ ਵਿੱਚ ਇਹ ਵੱਖ-ਵੱਖ ਰੂਪ ਪੇਸ਼ ਕੀਤੇ ਗਏ। 'ਪਿਆਸਾ' ਅਤੇ 'ਕਾਗਜ਼ ਦੇ ਫੂਲ' ਅੱਜ ਫਿਲਮ ਨਿਰਮਾਣ ਲਈ ਜ਼ਰੂਰੀ ਪਾਠ ਪੁਸਤਕਾਂ ਮੰਨੀਆਂ ਜਾਂਦੀਆਂ ਹਨ। 'ਕਾਗਜ਼ ਕੇ ਫੂਲ' ਫਲਾਪ ਹੋਣ ਤੋਂ ਬਾਅਦ, ਉਨ੍ਹਾਂ ਨੇ ਫਿਰ ਕਦੇ ਨਿਰਦੇਸ਼ਨ ਨਹੀਂ ਕੀਤਾ, ਹਾਲਾਂਕਿ ਉਨ੍ਹਾਂ ਨੇ ਫਿਲਮਾਂ ਵਿੱਚ ਕੰਮ ਕਰਨਾ ਜਾਰੀ ਰੱਖਿਆ। ਇਸ ਫਲਾਪ ਫਿਲਮ ਕਾਰਨ ਉਸ ਸਮੇਂ ਵੱਡਾ ਨੁਕਸਾਨ ਹੋਇਆ ਸੀ। ਇਸ ਦੀ ਭਰਪਾਈ ਕਰਨ ਲਈ ਉਨ੍ਹਾਂ ਨੇ 'ਚੌਧਵੀਂ ਕਾ ਚਾਂਦ' (1960) ਬਣਾਈ, ਜੋ ਆਮ ਦਰਸ਼ਕਾਂ ਨੂੰ ਵੀ ਚੰਗੀ ਲੱਗੀ, ਜੋ ਕਾਫ਼ੀ ਸਫ਼ਲ ਰਹੀ। ਦੋ ਸਾਲ ਬਾਅਦ ਆਈ ਸਾਹਬ ਬੀਬੀ ਔਰ ਗੁਲਾਮ ਨੂੰ ਵੀ ਵੱਡੀਆਂ ਕੱਪੜੇ ਬਦਲਣ ਤੋਂ ਬਾਅਦ ਹੋਈ ਸੀ। ਆਪਣੀ ਉਮਰ ਅਤੇ ਸਮਾਨ ਰੁਚੀਆਂ ਦੇ ਕਾਰਨ, ਉਹ ਦੋਸਤ ਬਣ ਗਏ ਅਤੇ ਦੋਵਾਂ ਨੇ ਇਕ ਦੂਜੇ ਨਾਲ ਵਾਅਦਾ ਕੀਤਾ ਕਿ ਜਿਸ ਨੂੰ ਵੀ ਪਹਿਲਾ ਵੱਡਾ ਬ੍ਰੇਕ ਮਿਲੇਗਾ, ਉਹ ਦੂਜੇ ਨੂੰ ਜ਼ਰੂਰ ਮੌਕਾ ਦੇਣਗੇ। ਜਦੋਂ ਦੇਵ ਆਨੰਦ ਨੇ ਨਵਕੇਤਨ ਬੈਨਰ ਦੀ ਸਥਾਪਨਾ ਕੀਤੀ, ਤਾਂ ਉਸਨੇ ਬਾਗੀ (1951) ਨੂੰ ਨਿ-ਰਦੇਸ਼ਤ ਕਰਨ ਲਈ ਗੁਰੂ ਦੱਤ ਨੂੰ ਬੁਲ-ਾਇਆ। ਗੁਰੂ ਦੱਤ ਦਾ ਬਤੌਰ ਨਿਰਦੇਸ਼ਕ ਸਫ਼ਰ ਇੱਥੋਂ ਸ਼ੁਰੂ ਹੋਇਆ। ਦੇਵ ਆਨੰਦ ਨਾਲ ਜਾਲ ਬਣਾਉਣ ਤੋਂ ਬਾਅਦ, ਉਹ ਬਾਜ਼ (953) ਵਿੱਚ ਪਹਿਲੀ ਵਾਰ ਹੀਰੋ ਦੇ ਰੂਪ ਵਿੱਚ ਨਜ਼ਰ ਆਏ। ਇਸ ਫਿਲਮ ਵਿੱਚ ਉਨ੍ਹਾਂ ਦੀ ਹੀਰੋਇਨ ਗੀਤਾ ਬਾਲੀ ਸੀ। 'ਬਾਜ਼ੀ' ਲਈ ਗੀਤ ਦੀ ਰਿਕਾਰਡਿੰਗ ਦੌਰਾਨ ਗੁਰੂ ਦੱਤ। ਦੱਤਾ। ਉਨ੍ਹਾਂ ਦੀ ਮੁਲਾਕਾਤ ਗਾਇਕਾ ਗੀਤਾ ਰਾਏ ਨਾਲ ਹੋਈ ਅਤੇ ਦੋਵਾਂ





ਬਣਾਉਣ ਤੋਂ ਬਾਅਦ, ਉਹ ਬਾਜ਼ (953) ਵਿੱਚ ਪਹਿਲੀ ਵਾਰ ਹੀਰੋ ਦੇ ਰੂਪ ਵਿੱਚ ਨਜ਼ਰ ਆਏ। ਇਸ ਫਿਲਮ ਵਿੱਚ ਉਨ੍ਹਾਂ ਦੀ ਹੀਰੋਇਨ ਗੀਤਾ ਬਾਲੀ ਸੀ। 'ਬਾਜ਼ੀ' ਲਈ ਗੀਤ ਦੀ ਰਿਕਾਰਡਿੰਗ ਦੌਰਾਨ ਗੁਰੂ ਦੱਤ। ਦੱਤਾ। ਉਨ੍ਹਾਂ ਦੀ ਮੁਲਾਕਾਤ ਗਾਇਕਾ ਗੀਤਾ ਰਾਏ ਨਾਲ ਹੋਈ ਅਤੇ ਦੋਵਾਂ ਨੂੰ ਪਿਆਰ ਹੋ ਗਿਆ। ਦੋਹਾਂ ਦਾ ਵਿਆਹ 1953 'ਚ ਹੋਇਆ ਸੀ। ਗੀਤਾ ਰਾਏ ਜੋ ਹੁਣ ਗੀਤਾ ਦੱਤ ਬਣ ਗਈ ਹੈ। ਗੁਰੂ ਦੱਤ ਦੀਆਂ ਫਿਲਮਾਂ ਲਈ ਬਹੁਤ ਸਾਰੇ ਅਭੁੱਲ ਗੀਤ ਗਾਏ। 'ਆਰ-ਪਾਰ' ਅਤੇ 'ਮਿਸਟਰ ਐਂਡ ਮਿਸਿਜ਼ 55' ਨੇ ਗੁਰੂ ਦੱਤ ਦੀ ਇੱਕ ਕਲਾਕਾਰ ਵਜੋਂ ਸਮਰੱਥਾ ਨੂੰ ਉਜਾਗਰ ਕੀਤਾ, ਪਰ ਦੋ ਫ਼ਿਲਮਾਂ 'ਪਿਆਸਾ' ਅਤੇ 'ਕਾਗਜ਼ ਦੇ ਫੂਲ' ਨੇ ਉਨ੍ਹਾਂ ਨੂੰ ਮਹਾਨਤਾ ਦੀਆਂ ਬੁਲੰਦੀਆਂ 'ਤੇ ਪਹੁੰਚਾਇਆ। 'ਪਿਆਸਾ' ਇਕ ਅਜਿਹੇ ਕਵੀ ਦੀ ਕਹਾਣੀ ਹੈ ਜੋ ਵਾਰ-ਵਾਰ ਸੁਆਰਥੀ ਸੰਸਾਰ ਤੋਂ ਧੋਖਾ ਖਾ ਕੇ ਮੋਹਿਤ ਹੋ ਜਾਂਦਾ ਹੈ। ਜਦੋਂ ਕਿ 'ਕਾਗਜ਼ ਕੇ ਫੂਲ' ਫਿਲਮ ਨਿਰਦੇਸ਼ਕ ਦੇ ਉਭਾਰ ਅਤੇ ਗਿਰਾਵਟ, ਗਲੈਮਰ ਦੀ ਦੁਨੀਆ ਦੇ ਖੋਖਲੇਪਣ ਅਤੇ ਇਸ ਵਿੱਚ ਇੱਕ ਸੰਵੇਦਨਸ਼ੀਲ ਵਿਅਕਤੀ ਦੀ ਮੌਤ 'ਤੇ ਆਧਾਰਿਤ ਹੈ। ਕਿਹਾ ਜਾਂਦਾ ਹੈ ਕਿ ਇਨ੍ਹਾਂ ਦੋਵਾਂ ਫਿਲਮਾਂ ਵਿੱਚ ਗੁਰੂ ਦੱਤ ਦੇ ਜੀਵਨ ਦੀਆਂ ਤਸਵੀਰਾਂ ਹਨ। 'ਕਾਗਜ਼ ਕੇ ਫੂਲ' ਬਾਕਸ ਆਫਿਸ 'ਤੇ ਪ੍ਰਦਰਸ਼ਨ ਨਹੀਂ ਕਰ ਸਕੀ ਅਤੇ ਉਸ ਸਮੇਂ ਦੇ ਆਲੋਚਕਾਂ ਨੇ ਇਸ ਨੂੰ ਨਿਰਾਸ਼ਾਵਾਦੀ ਸਿਨੇਮਾ ਕਿਹਾ ਸੀ।

ਪਰ ਥੋੜ੍ਹੇ ਸਮੇਂ ਵਿੱਚ ਹੀ ਉਹ ਫ਼ਿਲਮ 'ਆਲ ਟਾਈਮ ਗ੍ਰੇਟ' ਮੰਨੀ ਗਈ। ਰੋਸ਼ਨੀ ਦਾ ਅਦਭੁਤ ਸੁਮੇਲ, ਡੂੰਘੀ ਨੋਕ-ਝੋਕ, ਗੁਰੂ ਦੱਤ ਦੇ ਗੁੱਸੇ ਭਰੇ ਭਰਵੱਟੇ, ਅੱਖਾਂ ਜੋ ਫ਼ਿਲਮਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਗੁਰੂ ਦੱਤ ਦੇ ਸਿਨੇਮਾ ਵਿੱਚ ਗੀਤਾਂ ਦਾ ਬਹੁਤ ਮਹੱਤਵ ਹੈ। ਪਰ ਉਨ੍ਹਾਂ ਦੀਆਂ ਫਿਲਮਾਂ ਦੇ ਗੀਤ ਇਸ ਤਰ੍ਹਾਂ ਸ਼ੁਰੂ ਹੁੰਦੇ ਹਨ ਜਿਵੇਂ ਡਾਇਲਾਗ ਬੋਲੇ ਜਾ ਰਹੇ ਹੋਣ। ਉਸ ਦੇ ਗੀਤਾਂ ਵਿੱਚ ਵੀ ਫ਼ਿਲਮ ਦੀ ਕਹਾਣੀ ਜਾਰੀ ਹੈ। ਗੁਰੂ ਦੱਤ ਦਾ ਮੰਨਣਾ ਹੈ ਕਿ 80 ਫੀਸਦੀ ਐਕਟਿੰਗ ਅੱਖਾਂ ਦੁਆਰਾ ਅਤੇ ਬਾਕੀ 20 ਫੀਸਦੀ ਸਰੀਰ ਦੁਆਰਾ ਕੀਤਾ ਜਾਂਦਾ ਹੈ। ਉਨ੍ਹਾਂ ਨੇ ਅੱਖਾਂ ਅਤੇ ਚਿਹਰੇ ਦੇ ਵੇਰਵਿਆਂ ਨੂੰ ਹਾਸਲ ਕਰਨ ਲਈ ਇੱਕ ਵਧੇਰੇ ਸ਼ਕਤੀਸ਼ਾਲੀ ਲੈਂਸ ਦੀ ਵਰਤੋਂ ਕੀਤੀ। ਇਹ ਗੁਰੂ ਦੱਤ ਹੀ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਲੰਬੇ ਸਮੇਂ ਤੱਕ ਹਿੰਦੀ ਸਿਨੇਮਾ ਦੇਖਣ ਦੀ ਹਿੰਮਤ ਦਿੱਤੀ, ਉਹ ਇੱਕ ਸ਼ਾਨਦਾਰ ਨਿਰਦੇਸ਼ਕ ਸਨ। ਇਸ ਪ੍ਰਤਿਭਾ ਨਾਲ ਉਸਨੇ ਕਈ ਵਾਰ ਅਭਿਨੇਤਾ ਦੀਆਂ ਕਮੀਆਂ 'ਤੇ ਪਰਦਾ ਪਾਇਆ, ਉਨ੍ਹਾਂ ਨੇ ਅਭਿਨੇਤਰੀ ਵਹੀਦਾ ਰਹਿਮਾਨ ਨੂੰ ਫਿਲਮਾਂ ਵਿੱਚ ਲਿਆਂਦਾ ਅਤੇ ਫਿਰ ਪਿਆਰ ਹੋ ਗਿਆ। ਇਸ ਕਾਰਨ ਉਨ੍ਹਾਂ ਦਾ ਨਿੱਜੀ ਜੀਵਨ ਅਸਥਿਰ ਹੋ ਗਿਆ। ਗੀਤਾ ਦੱਤ ਆਪਣੇ ਪਿਆਰ 'ਤੇ ਵਹੀਦਾ ਰਹਿਮਾਨ ਦਾ ਪਰਛਾਵਾਂ ਸਵੀਕਾਰ ਨਹੀਂ ਕਰ ਸਕੀ ਅਤੇ ਦੋਵਾਂ ਵਿਚਾਲੇ ਦੂਰੀ ਵਧ ਗਈ। ਜਦੋਂ ਵਹੀਦਾ ਰਹਿਮਾਨ ਵੀ ਗੁਰੂ ਦੱਤ ਤੋਂ ਦੂਰ ਚਲੀ ਗਈ ਤਾਂ ਉਦਾਸੀ ਦੀ ਹਾਲਤ ਵਿੱਚ ਗੁਰੂ ਦੱਤ ਨੇ ਨੀਂਦ ਦੀਆਂ ਗੋਲੀਆਂ ਖਾ ਲਈਆਂ। 10 ਅਕਤੂਬਰ 1964 ਨੂੰ ਇਸ ਪ੍ਰਤਿਭਾਸ਼ਾਲੀ ਫਿਲਮ ਨਿਰਮਾਤਾ ਅਦਾਕਾਰ ਦੀ ਸਿਰਫ 39 ਸਾਲ ਦੀ ਉਮਰ ਵਿੱਚ ਮੌਤ ਹੋ ਗਈ। 'ਹਮ ਏਕ ਹੈ' ਦੌਰਾਨ ਉਨ੍ਹਾਂ ਦੀ ਉਸ ਫ਼ਿਲਮ ਦੇ ਹੀਰੋ ਦੇਵ ਆਨੰਦ ਨਾਲ ਦੋਸਤੀ ਹੋ ਗਈ। ਦਰਅਸਲ, ਦੋਵਾਂ ਦੀ ਮੁਲਾਕਾਤ ਘੋਬੀ ਦੇ

ਨੂੰ ਪਿਆਰ ਹੋ ਗਿਆ। ਦੋਹਾਂ ਦਾ ਵਿਆਹ 1953 'ਚ ਹੋਇਆ ਸੀ। ਗੀਤਾ ਰਾਏ ਜੋ ਹੁਣ ਗੀਤਾ ਦੱਤ ਬਣ ਗਈ ਹੈ। ਗੁਰੂ ਦੱਤ ਦੀਆਂ ਫਿਲਮਾਂ ਲਈ ਬਹੁਤ ਸਾਰੇ ਅਭੁੱਲ ਗੀਤ ਗਾਏ। 'ਆਰ-ਪਾਰ' ਅਤੇ 'ਮਿਸਟਰ ਐਂਡ ਮਿਸਿਜ਼ 55' ਨੇ ਗੁਰੂ ਦੱਤ ਦੀ ਇੱਕ ਕਲਾਕਾਰ ਵਜੋਂ ਸਮਰੱਥਾ ਨੂੰ ਉਜਾਗਰ ਕੀਤਾ, ਪਰ ਦੋ ਫ਼ਿਲਮਾਂ 'ਪਿਆਸਾ' ਅਤੇ 'ਕਾਗਜ਼ ਦੇ ਫੂਲ' ਨੇ ਉਸ ਨੂੰ ਮਹਾਨਤਾ ਦੀਆਂ ਬੁਲੰਦੀਆਂ 'ਤੇ ਪਹੁੰਚਾਇਆ। 'ਪਿਆਸਾ' ਇਕ ਅਜਿਹੇ ਕਵੀ ਦੀ ਕਹਾਣੀ ਹੈ ਜੋ ਵਾਰ-ਵਾਰ ਸੁਆਰਥੀ ਸੰਸਾਰ ਤੋਂ ਧੋਖਾ ਖਾ ਕੇ ਮੋਹਿਤ ਹੋ ਜਾਂਦਾ ਹੈ। ਜਦੋਂ ਕਿ 'ਕਾਗਜ਼ ਕੇ ਫੂਲ' ਫਿਲਮ ਨਿਰਦੇਸ਼ਕ ਦੇ ਉਭਾਰ ਅਤੇ ਗਿਰਾਵਟ, ਗਲੈਮਰ ਦੀ ਦੁਨੀਆ ਦੇ ਖੋਖਲੇਪਣ ਅਤੇ ਇਸ ਵਿੱਚ ਇੱਕ ਸੰਵੇਦਨਸ਼ੀਲ ਵਿਅਕਤੀ ਦੀ ਮੌਤ 'ਤੇ ਆਧਾਰਿਤ ਹੈ। ਕਿਹਾ ਜਾਂਦਾ ਹੈ ਕਿ ਇਨ੍ਹਾਂ ਦੋਵਾਂ ਫਿਲਮਾਂ ਵਿੱਚ ਗੁਰੂ ਦੱਤ ਦੇ ਜੀਵਨ ਦੀਆਂ ਤਸਵੀਰਾਂ ਹਨ। 'ਕਾਗਜ਼ ਕੇ ਫੂਲ' ਬਾਕਸ ਆਫਿਸ 'ਤੇ ਪ੍ਰਦਰਸ਼ਨ ਨਹੀਂ ਕਰ ਸਕੀ ਅਤੇ ਉਸ ਸਮੇਂ ਦੇ ਆਲੋਚਕਾਂ ਨੇ ਇਸ ਨੂੰ ਨਿਰਾਸ਼ਾਵਾਦੀ ਸਿਨੇਮਾ ਕਿਹਾ ਸੀ।

ਦਿੱਤਾ। ਪਰ ਥੋੜ੍ਹੇ ਸਮੇਂ ਵਿੱਚ ਹੀ ਉਹ ਫ਼ਿਲਮ 'ਆਲ ਟਾਈਮ ਗ੍ਰੇਟ' ਮੰਨੀ ਗਈ। ਰੋਸ਼ਨੀ ਦਾ ਅਦਭੁਤ ਸੁਮੇਲ, ਡੂੰਘੀ ਨੋਕ-ਝੋਕ, ਗੁਰੂ ਦੱਤ ਦੇ ਗੁੱਸੇ ਭਰੇ ਭਰਵੱਟੇ, ਅੱਖਾਂ ਜੋ ਕਦੇ-ਕਦਾਈਂ ਪਾਣੀ ਭਰ ਕੇ ਵੀ ਖਾਲੀਪਣ ਵਿੱਚ ਅਟਕ ਜਾਂਦੀਆਂ ਹਨ, ਦੁਨਿਆਵੀ ਸੰਸਾਰ ਦਾ ਪਿੱਛਾ ਕਰਦਾ ਹੈ ਅਤੇ ਇਸ ਤੋਂ ਭੱਜਣ ਦੀ ਕੋਸ਼ਿਸ਼ ਵਿੱਚ ਜਜ਼ਬਾਤ ਕਰਦਾ ਹੈ, ਸਭ ਕੁਝ ਪ੍ਰਾਪਤ ਕਰਦਾ ਹੈ ਇਸ ਨੂੰ ਲੈਣ ਤੋਂ ਬਾਅਦ ਇਹ ਵਿਅਰਥ ਹੈ ਜਿਵੇਂ ਕਿ 'ਜੇ ਸਾਨੂੰ ਇਹ ਸੰਸਾਰ ਮਿਲ ਜਾਵੇ'। ਗੁਰੂ ਦੱਤ ਦੀਆਂ ਦੋਵੇਂ ਫ਼ਿਲਮਾਂ ਵਿੱਚ ਇਹ ਵੱਖ-ਵੱਖ ਰੂਪਾਂ ਵਿੱਚ ਆਇਆ ਹੈ। 'ਪਿਆਸਾ' ਅਤੇ 'ਕਾਗਜ਼ ਦੇ ਫੂਲ' ਅੱਜ ਫਿਲਮ ਨਿਰਮਾਣ ਲਈ ਜ਼ਰੂਰੀ ਪਾਠ ਪੁਸਤਕਾਂ ਮੰਨੀਆਂ ਜਾਂਦੀਆਂ ਹਨ। 'ਕਾਗਜ਼ ਕੇ ਫੂਲ' ਫਲਾਪ ਹੋਣ ਤੋਂ ਬਾਅਦ, ਉਸਨੇ ਫਿਰ ਕਦੇ ਨਿਰਦੇਸ਼ਨ ਨਹੀਂ ਕੀਤਾ, ਹਾਲਾਂਕਿ ਉਸਨੇ ਫਿਲਮਾਂ ਵਿੱਚ ਕੰਮ ਕਰਨਾ ਜਾਰੀ ਰੱਖਿਆ। ਇਸ ਫਲਾਪ ਫਿਲਮ ਕਾਰਨ ਉਸ ਨੂੰ ਉਸ ਸਮੇਂ ਵੱਡਾ ਨੁਕਸਾਨ ਹੋਇਆ ਸੀ। ਇਸ ਦੀ ਭਰਪਾਈ ਕਰਨ ਲਈ ਉਸ ਨੇ 'ਚੌਧਵੀਂ ਕਾ ਚਾਂਦ' (1960) ਬਣਾਈ, ਜੋ ਆਮ ਦਰਸ਼ਕਾਂ ਨੂੰ ਵੀ ਚੰਗੀ ਲੱਗੀ, ਜੋ ਕਾਫ਼ੀ ਸਫ਼ਲ ਰਹੀ। ਦੋ ਸਾਲ ਬਾਅਦ ਆਈ ਸਾਹਬ ਬੀਬੀ ਔਰ ਗੁਲਾਮ ਨੂੰ ਵੀ ਉਸ ਦੀਆਂ ਵੱਡੀਆਂ ਫ਼ਿਲਮਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਗੁਰੂ ਦੱਤ ਦੇ ਸਿਨੇਮਾ ਵਿੱਚ ਗੀਤਾਂ ਦਾ ਬਹੁਤ ਮਹੱਤਵ ਹੈ। ਪਰ ਉਸ ਦੀਆਂ ਫਿਲਮਾਂ ਦੇ ਗੀਤ ਇਸ ਤਰ੍ਹਾਂ ਸ਼ੁਰੂ ਹੁੰਦੇ ਹਨ ਜਿਵੇਂ ਡਾਇਲਾਗ ਬੋਲੇ ਜਾ ਰਹੇ ਹੋਣ। ਉਸ ਦੇ ਗੀਤਾਂ ਵਿੱਚ ਵੀ ਫ਼ਿਲਮ ਦੀ ਕਹਾਣੀ ਜਾਰੀ ਹੈ। ਗੁਰੂ ਦੱਤ ਦਾ ਮੰਨਣਾ ਹੈ ਕਿ 80 ਫੀਸਦੀ ਐਕਟਿੰਗ ਅੱਖਾਂ ਦੁਆਰਾ ਅਤੇ ਬਾਕੀ 20 ਫੀਸਦੀ ਸਰੀਰ ਦੁਆਰਾ ਕੀਤਾ ਜਾਂਦਾ ਹੈ। ਉਸਨੇ ਅੱਖਾਂ ਅਤੇ ਚਿਹਰੇ ਦੇ ਵੇਰਵਿਆਂ ਨੂੰ ਹਾਸਲ ਕਰਨ ਲਈ ਇੱਕ ਵਧੇਰੇ ਸ਼ਕਤੀਸ਼ਾਲੀ ਲੈਂਸ ਦੀ ਵਰਤੋਂ ਕੀਤੀ। ਇਹ ਗੁਰੂ ਦੱਤ ਹੀ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਲੰਬੇ ਸਮੇਂ ਤੱਕ ਹਿੰਦੀ ਸਿਨੇਮਾ ਦੇਖਣ ਦੀ ਹਿੰਮਤ ਦਿੱਤੀ, ਉਹ ਇੱਕ ਸ਼ਾਨਦਾਰ ਨਿਰਦੇਸ਼ਕ ਸਨ। ਇਸ ਪ੍ਰਤਿਭਾ ਨਾਲ ਉਸਨੇ ਕਈ ਵਾਰ ਅਭਿਨੇਤਾ ਦੀਆਂ ਕਮੀਆਂ 'ਤੇ ਪਰਦਾ ਪਾਇਆ, ਉਸਨੇ ਅਭਿਨੇਤਰੀ ਵਹੀਦਾ ਰਹਿਮਾਨ ਨੂੰ ਫਿਲਮਾਂ ਵਿੱਚ ਲਿਆਂਦਾ ਅਤੇ ਉਸਦੇ ਨਾਲ ਪਿਆਰ ਹੋ ਗਿਆ। ਇਸ ਕਾਰਨ ਉਨ੍ਹਾਂ ਦਾ ਨਿੱਜੀ ਜੀਵਨ ਅਸਥਿਰ ਹੋ ਗਿਆ। ਗੀਤਾ ਦੱਤ ਆਪਣੇ ਪਿਆਰ 'ਤੇ ਵਹੀਦਾ ਰਹਿਮਾਨ ਦਾ ਪਰਛਾਵਾਂ ਸਵੀਕਾਰ ਨਹੀਂ ਕਰ ਸਕੀ ਅਤੇ ਦੋਵਾਂ ਵਿਚਾਲੇ ਦੂਰੀ ਵਧ ਗਈ। ਜਦੋਂ ਵਹੀਦਾ ਰਹਿਮਾਨ ਵੀ ਗੁਰੂ ਦੱਤ ਤੋਂ ਦੂਰ ਚਲੀ ਗਈ ਤਾਂ ਉਦਾਸੀ ਦੀ ਹਾਲਤ ਵਿੱਚ ਗੁਰੂ ਦੱਤ ਨੇ ਨੀਂਦ ਦੀਆਂ ਗੋਲੀਆਂ ਖਾ ਲਈਆਂ। 10 ਅਕਤੂਬਰ 1964 ਨੂੰ ਇਸ ਪ੍ਰਤਿਭਾਸ਼ਾਲੀ ਫਿਲਮ ਨਿਰਮਾਤਾ ਅਦਾਕਾਰ ਦੀ ਸਿਰਫ 39 ਸਾਲ ਦੀ ਉਮਰ ਵਿੱਚ ਮੌਤ ਹੋ ਗਈ। ਉਨ੍ਹਾਂ ਦੀਆਂ ਫਿਲਮ ਅੱਜ ਹੀ ਨਹੀਂ ਸਗੋਂ ਰਹਿੰਦੀ ਦੁਨੀਆ ਤਕ ਅਮਰ ਰਹਿਣਗੀਆਂ।

# ਡੱਲੇਵਾਲ ਦਾ ਮਰਨ ਵਰਤ 51 ਦਿਨ ਪਾਰ; ਹਾਲਤ ਚਿੰਤਾਜਨਕ





**ਪਟਿਆਲਾ/ਪਾਤੜਾਂ-** ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਮਨਵਾਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਵੱਲੋਂ ਢਾਬੀਗੁੱਜਰਾਂ ਬਾਰਡਰ 'ਤੇ ਮਰਨ ਵਰਤ ਜਾਰੀ ਹੈ ਤੇ ਉਨ੍ਹਾਂ ਨੂੰ ਮਰਨ ਵਰਤ 'ਤੇ ਬੈਠਿਆਂ ਅੱਜ 51 ਦਿਨ ਬੀਤ ਗਏ ਹਨ। ਇਸ ਦੌਰਾਨ ਉਨ੍ਹਾਂ ਅਨਾਜ ਦਾ ਇਕ ਦਾਣਾ ਵੀ ਨਹੀਂ ਖਾਧਾ ਤੇ ਸਿਰਫ਼ ਪਾਣੀ ਹੀ ਪੀਂਦੇ ਆ ਰਹੇ ਹਨ ਪਰ ਹੁਣ ਪਾਣੀ ਵੀ ਖਪਣਾ ਬੰਦ ਹੋ ਗਿਆ ਹੈ। ਉਨ੍ਹਾਂ ਨੂੰ ਜੇਕਰ ਚਮਚ ਨਾਲ ਪਾਣੀ ਵੀ ਦਿੱਤਾ ਜਾਂਦਾ ਹੈ ਤਾਂ ਬਾਹਰ ਆ ਜਾਂਦਾ ਹੈ। ਡਾਕਟਰਾਂ ਮੁਤਾਬਕ 48 ਘੰਟਿਆਂ ਤੋਂ ਉਨ੍ਹਾਂ ਅੰਦਰ ਪਾਣੀ ਦੀ ਇਕ ਬੂੰਦ ਵੀ ਨਹੀਂ ਗਈ ਹੈ ਜਿਸ ਕਾਰਨ ਹੁਣ ਉਨ੍ਹਾਂ ਦੀ ਸਥਿਤੀ ਨਾਜ਼ੁਕ ਬਣ ਰਹੀ ਹੈ। ਉਧਰ, ਪਟਿਆਲਾ ਤੋਂ ਗਈ ਮਾਹਿਰ ਡਾਕਟਰਾਂ ਦੀ ਟੀਮ ਨੇ ਵੀ ਖੂਨ ਦੇ ਸੈਂਪਲ ਲੈਣ ਅਤੇ ਸਿਹਤ ਜਾਂਚ ਕਰਦਿਆਂ ਕਿਸਾਨ ਨੇਤਾ ਨੂੰ ਪੰਜਾਬ ਸਰਕਾਰ ਵੱਲੋਂ ਮੁੜ ਟਰੀਟਮੈਂਟ ਜਾਂ ਕੋਈ ਹਲਕੀ ਮੈਡੀਕਲ ਡੋਜ਼ ਲੈਣ ਦੀ ਅਪੀਲ ਕੀਤੀ ਪਰ ਸ੍ਰੀ ਡੱਲੇਵਾਲ ਨੇ ਇਨਕਾਰ ਕਰ ਦਿੱਤਾ।

ਕਿਸਾਨ ਆਗੂ ਸ੍ਰੀ ਡੱਲੇਵਾਲ ਦੀ ਨਿਗਰਾਨੀ ਕਰ ਰਹੇ ਡਾਕਟਰਾਂ 'ਚ ਸ਼ਾਮਲ ਡਾ. ਅਵਤਾਰ ਸਿੰਘ ਦਾ ਕਹਿਣਾ ਹੈ ਕਿ ਲਗਾਤਾਰ ਭੁੱਖੇ ਰਹਿਣ ਕਾਰਨ ਉਨ੍ਹਾਂ ਦਾ ਮਾਸ ਖ਼ਤਮ ਹੀ ਹੁੰਦਾ ਜਾ ਰਿਹਾ ਹੈ। ਪੁੜਪੜੀਆਂ 'ਚ ਟੋਏ ਪੈ ਗਏ ਹਨ ਤੇ ਅੱਖਾਂ ਵੀ ਧਸ ਗਈਆਂ ਹਨ। ਹੁਣ ਤਾਂ ਉਹ ਉਠਾਉਣ ਮੌਕੇ ਟੀਮ ਦੇ ਹੱਥਾਂ ਦੀ ਵੀ ਤਕਲੀਫ਼ ਮੰਨਣ ਲੱਗੇ ਹਨ। ਉਨ੍ਹਾਂ ਕਿਹਾ ਕਿ ਮਨੁੱਖੀ ਸਰੀਰ 'ਚ 0102 ਤੋਂ 0127 ਵਿਚਕਾਰ ਹੋਣ ਵਾਲੇ ਕੀਟੋਨ ਦੀ ਮਾਤਰਾ ਸਾਢੇ ਛੇ ਤੋਂ ਵੀ ਉਪਰ ਚੱਲ ਰਹੀ ਹੈ ਤੇ ਇਹ ਸਥਿਤੀ ਉਦੋਂ ਬਣਦੀ ਹੈ ਜਦੋਂ ਸਰੀਰ ਹੀ ਸਰੀਰ ਨੂੰ ਖਾਣ ਲੱਗੇ। ਇਸੇ ਤਰ੍ਹਾਂ ਉਨ੍ਹਾਂ ਦਾ ਯੂਰਿਕ ਐਸਿਡ ਅਤੇ ਬਿਲੀਰੂਬਿਨ ਆਮ ਹਾਲਾਤ ਦੇ ਮੁਕਾਬਲੇ ਚਾਰ ਗੁਣਾਂ ਵੱਧ, ਬੀਪੀ ਤੇ ਪ੍ਰੋਟੀਨ ਆਮ ਨਾਲੋਂ ਕਾਫ਼ੀ ਘੱਟ ਰਹਿ ਰਿਹਾ ਹੈ।

# ਗਦਰੀ ਬਾਬਾ ਮੁੱਗੋਵਾਲੀਆ ਦੀ ਸੋਚ, ਸਮੇਂ ਦੀ ਮੰਗ

1905 ਈ: ਦੇ ਬਰਸਾਤੀ ਦਿਨ ਇਕ ਨੌਵੀਂ ਜਮਾਤ ਦਾ ਵਿਦਿਆਰਥੀ ਮੀਂਹ ਕਾਰਨ ਸਕੂਲ ਦੇ ਕਮਰੇ ਵਿਚ ਆ ਵੜਿਆ। ਉਸ ਵਿਦਿਆਰਥੀ ਦੇ ਬ੍ਰਾਹਮਣ ਮਾਸਟਰ ਨੇ ਉਸ ਨੂੰ ਅਛੂਤ ਹੁੰਦਿਆਂ ਕਮਰੇ ਵਿਚ ਵੜਨ ਤੇ ਕੁੱਟ-ਕੁੱਟ ਕੇ ਅਧਮੋਇਆ ਕਰ ਦਿੱਤਾ। ਇਸ ਮਾਰ ਕੁੱਟ ਤੇ ਬਦਸਲੂਕੀ ਨੇ ਉਸ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਸਿਰਫ ਉਸ ਨਾਲ ਹੀ ਅਜਿਹਾ ਸਲੂਕ ਕਿਉਂ? ਇਸ ਬਦਸਲੂਕੀ ਕਾਰਨ ਉਸ ਨੂੰ ਪੜ੍ਹਾਈ ਛੱਡਣੀ ਪਈ। 1909 ਈ: ਵਿਚ ਇਹੀ ਨੌਜਵਾਨ ਅਮਰੀਕਾ ਵਿਚ ਰੁਜ਼ਗਾਰ ਲਈ ਗਿਆ ਜਿੱਥੇ ਉਸ ਦਾ ਲਾਲਾ ਹਰਦਿਆਲ ਗਦਰ ਪਾਰਟੀ ਦੇ ਆਗੂ ਨਾਲ ਵਾਹ ਪਿਆ ਅਤੇ ਗਦਰ ਪਾਰਟੀ ਦੇ ਉੱਘੇ ਆਗੂ ਬਣ ਨਿਕਲੇ। ਇਹ ਨੌਜਵਾਨ ਪੰਜਾਬ ਦਾ ਜੰਮਪਲ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੀ। ਬਾਬੂ ਜੀ ਦੇਸ਼ ਦੀ ਆਜ਼ਾਦੀ ਲਈ ਚਾਰ ਸਾਥੀਆਂ ਸਣੇ ਅਸਲਾ ਲੈ ਕੇ ਭਾਰਤ ਵੱਲ ਵਧੇ ਪਰ ਦੇਸ਼ ਧ੍ਰੋਹੀਆਂ ਕਾਰਨ ਫੜੇ ਗਏ। ਦੋ ਵਾਰ ਸ਼ਹੀਦ ਹੁੰਦੇ ਹੁੰਦੇ ਬਚੇ। ਦਸੰਬਰ 1925 ਵਿਚ 40 ਵਰ੍ਹਿਆਂ ਦੀ ਉਮਰ ਵਿਚ ਬਾਬੂ ਜੀ ਭਾਰਤ ਵਾਪਸ ਪਰਤੇ। ਪੰਜਾਬ ਪੁੱਜਦਿਆਂ ਪੁੱਜਦਿਆਂ ਬਾਬੂ ਜੀ ਦੇ ਖਿਆਲਾਂ ਵਿਚ ਮਹਾਨ ਤਬਦੀਲੀ ਆਈ। ਅਮਰੀਕਾ ਆਦਿ ਦੇਸ਼ਾਂ ਵਿਚ ਨਾ ਬਰਾਬਰੀ ਦਾ ਗੁਜ਼ਾਰਿਆ ਜੀਵਨ ਅਤੇ ਭਾਰਤ ਵਿਚ ਅਛੂਤਾਂ ਦੀ ਦੁਰਦਸ਼ਾ ਦੇਖ ਕੇ ਬਾਬੂ ਜੀ ਨੇ ਅਛੂਤਾਂ ਦੀ ਬਿਹਤਰੀ ਲਈ ਆਪਣਾ ਰਹਿੰਦਾ ਜੀਵਨ ਗੁਜ਼ਾਰਨ ਦਾ ਪ੍ਰਣ ਕੀਤਾ। ਉਹਨਾਂ ਨੇ ਅਛੂਤਾਂ ਨੂੰ ਅੰਗਰੇਜ਼ਾਂ ਦੀ ਗੁਲਾਮੀ ਦੇ ਨਾਲ ਨਾਲ ਬ੍ਰਾਹਮਣਵਾਦ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਹੰਭਲਾ ਮਾਰਿਆ। ਪਿੰਡ ਵਿਚ ਸਕੂਲ ਖੋਲ੍ਹ ਕੇ ਆਦਿ ਧਰਮੀਆਂ ਦੇ ਬੱਚਿਆਂ ਨੂੰ ਵਿੱਦਿਆ ਦਾ ਚਾਨਣਾ ਦਿੱਤਾ, ਇਸੇ ਕਰਕੇ ਪੰਜਾਬ ਖਾਸ ਕਰਕੇ ਦੁਆਬੇ ਦੇ ਆਦਿ ਧਰਮੀ ਵੱਧ ਪੜ੍ਹੇ ਲਿਖੇ ਅਤੇ ਜਾਗਰਿਤ ਹਨ। ਉੱਤਰੀ ਭਾਰਤ ਦੇ ਆਦਿ ਧਰਮੀਆਂ ਨੂੰ ਜਾਗਰਿਤ ਕਰਨ ਲਈ 11, 12 ਜੂਨ 1926 ਨੂੰ ਪਿੰਡ ਮੁੱਗੋਵਾਲ ਵਿਚ ਜਲਸੇ ਵਿਚ ਆਦਿ ਧਰਮ ਦੀ ਸਥਾਪਨਾ ਕਰਕੇ ਆਦਿ ਧਰਮੀ ਵੱਖਰੀ ਕੌਮ ਹੈ ਦਾ ਐਲਾਨ ਕੀਤਾ। ਮਰਦਮ ਸ਼ੁਮਾਰੀ ਲਈ ਵੀ ਸਰਕਾਰ ਵੱਲੋਂ ਆਦਿ ਧਰਮ ਮਨਜ਼ੂਰ ਕਰਵਾਇਆ। ਕਮਿਊਨਲ ਅਵਾਰਡ ਵਿਚ ਆਦਿ ਧਰਮੀਆਂ ਨੂੰ ਮਿਲੇ ਹੱਕਾਂ ਖ਼ਿਲਾਫ਼ ਬ੍ਰਾਹਮਣਵਾਦੀ ਗਾਂਧੀ ਵੱਲੋਂ ਰੱਖੇ ਮਰਨ ਵਰਤ ਦੇ ਵਿਰੋਧ ਵਿਚ ਆਪ ਨੇ ਸ਼ਿਮਲਾ 'ਚ ਮਰਨ ਵਰਤ ਰੱਖਿਆ। ਜਿਸ ਦੀ ਮਿਸਾਲ ਨਹੀਂ ਮਿਲਦੀ। 1937 ਦੀਆਂ ਅਸੈਂਬਲੀ ਚੋਣਾਂ ਵਿਚ ਆਦਿ ਧਰਮੀਆਂ ਲਈ ਰਾਖਵੀਆਂ 8 ਸੀਟਾਂ ਵਿਚੋਂ 7 ਸੀਟਾਂ 'ਤੇ ਬਾਬੂ ਜੀ ਦੇ ਉਮੀਦਵਾਰ ਜਿੱਤੇ। 1945 ਤੋਂ 1952 ਤੱਕ ਉਹ ਐਮ. ਐਲ. ਏ. ਰਹੇ। ਮਜ਼ਲੂਮ ਹੁਣ ਮਜ਼ਲੂਮ ਨਹੀਂ ਰਹੇ ਸਨ। ਬਾਬੂ ਜੀ ਦੀ ਤੇਜ਼ ਨਜ਼ਰ ਨੇ ਦੇਖਿਆ ਕਿ ਆਦਿ ਧਰਮੀਆਂ ਦੀ ਮੰਦਹਾਲੀ ਦਾ ਕਾਰਨ ਸਿਰਫ ਬ੍ਰਾਹਮਣਵਾਦ ਹੈ। ਇਸ ਲਈ ਉਹਨਾਂ ਨੇ ਬ੍ਰਾਹਮਣਵਾਦ ਦੇ ਸਿੱਕੇ ਦੇ ਦੂਜੇ ਪਾਸੇ ਆਰੀਆ ਸਮਾਜ ਤੇ ਕਾਂਗਰਸ ਦੀ ਵਿਰੋਧਤਾ ਕੀਤੀ। ਭਾਰਤ ਦੇ ਵੀਹਵੀਂ ਸਦੀ ਦੇ ਇਤਿਹਾਸ ਵਿਚ ਬਾਬੂ ਮੁੱਗੋਵਾਲੀਆ ਅਤੇ ਡਾ: ਅੰਬੇਦਕਰ ਜੀ ਨੇ ਕਾਂਗਰਸ ਅਤੇ ਆਰੀਆ ਸਮਾਜ ਦਾ ਉਹੋ ਜਿਹਾ ਮੁਕਾਬਲਾ ਕੀਤਾ, ਜਿਸ ਤਰ੍ਹਾਂ ਸਿੰਧੂ ਘਾਟੀ ਦੀ ਸੱਭਿਅਤਾ ਦੇ ਆਦਿ ਧਰਮੀਆਂ (ਆਦਿ ਵਾਸੀਆਂ) ਨੇ ਵਿਦੇਸ਼ੀ ਆਰੀਆ ਹਮਲਾਵਰਾਂ ਨਾਲ ਮੁਕਾਬਲਾ ਕੀਤਾ ਸੀ। ਅੱਜ ਤੋਂ 21 ਸਾਲ ਪਹਿਲਾਂ ਭਾਵ ਜਨਵਰੀ 1985 ਵਿਚ ਗਦਰੀ ਬਾਬਾ ਮੰਗੂ ਰਾਮ ਜੀ ਦੀ 99ਵੀਂ ਜਨਮ ਸ਼ਤਾਬਦੀ ਉਪਰ ਅਸੀਂ ਪਲੇਠਾ ਸੋਵੀਨਰ ''ਬਾਬੂ ਮੰਗੂ ਰਾਮ ਮੁੱਗੋਵਾਲੀਆ 99ਵੀਂ ਜਨਮ ਸ਼ਤਾਬਦੀ



ਸੋਵੀਨਰ 1985'' ਪ੍ਰਕਾਸ਼ਿਤ ਕੀਤਾ। ਇਹ ਸੋਵੀਨਰ ਆਦਿ ਧਰਮੀ ਕੌਮ ਦਾ ਬਾਬੂ ਜੀ ਪ੍ਰਤੀ ਪਹਿਲਾ ਸੋਵੀਨਰ ਸੀ, ਜਿਸ ਨੂੰ ਪੜ੍ਹ ਕੇ ਲੋਕ ਗਦ ਗਦ ਹੋ ਉੱਠੇ ਅਤੇ ਉਹਨਾਂ ਦੇ ਜ਼ਬਰਦਸਤ ਹੁੰਗਾਰਿਆਂ ਨੇ ਸਾਨੂੰ ਅਖ਼ਬਾਰ ਸ਼ੁਰੂ ਕਰਨ ਲਈ ਪ੍ਰੇਰਿਆ। ਪਰ ਅਸੀਂ ਅਖ਼ਬਾਰ ਤਾਂ ਨਹੀਂ ਸ਼ੁਰੂ ਕਰ ਸਕੇ ਪ੍ਰੰਤੂ ਉਸੇ ਸਾਲ ਦਸੰਬਰ 1985 ਵਿਚ ਆਪਣਾ ਮਾਸਿਕ ਮੈਗਜ਼ੀਨ ''ਕੌਮੀ ਉਡਾਰੀਆਂ'' ਜ਼ਰੂਰ ਸ਼ੁਰੂ ਕਰ ਦਿੱਤਾ। ਆਦਿ ਧਰਮੀ ਕੌਮ ਦਾ ਇਹ ਪਹਿਲਾ ਮੈਗਜ਼ੀਨ ਸੀ ਜੋ ਆਮ ਪ੍ਰਿੰਟਿੰਗ ਤੋਂ ਆਫਸੈਟ ਪ੍ਰਿੰਟਿੰਗ 'ਤੇ ਛਾਪਣਾ ਸ਼ੁਰੂ ਕਰ ਦਿੱਤਾ ਅਤੇ ਹੋਰਨਾਂ ਅਖ਼ਬਾਰਾਂ ਤੇ ਮੈਗਜ਼ੀਨਾਂ ਦੀ ਤਰ੍ਹਾਂ ਹਰ ਬੁੱਕ ਸਟਾਲ ਦਾ ਸ਼ਿੰਗਾਰ ਬਣਿਆ। ਸੋਵੀਨਰ ਅਤੇ ਮੈਗਜ਼ੀਨ ਕੌਮੀ ਉਡਾਰੀਆਂ ਨੂੰ ਪੰਜਾਬੀਆਂ ਨੇ ਤਾਂ ਸਲਾਹਿਆ ਹੀ ਪਰ ਇਹ ਦੋਵੇਂ ਦੇਸ਼ਾਂ ਅਤੇ ਵਿਦੇਸ਼ਾਂ ਵਿਚ ਵੀ ਸਲਾਹੇ ਗਏ ਕਿਉਂਕਿ ਅਸੀਂ ਕਿਸੇ ਖਾਸ ਵਿਚਾਰਧਾਰਾ ਨੂੰ ਲੈ ਕੇ ਤੁਰੇ, ਜਿਸ ਦੀ ਸ਼ੁਰੂਆਤ 11-12 ਜੂਨ 1926 ਨੂੰ ਗਦਰੀ ਬਾਬੂ ਮੰਗੂ ਰਾਮ ਜੀ ਦੀ ਰਹਿਨੁਮਾਈ ਵਿਚ ਉਹਨਾਂ ਦੇ ਹੀ ਪਿੰਡ ਵਿਚ ਹਜ਼ਾਰਾਂ ਲੋਕਾਂ ਨੇ ਪ੍ਰਵਾਨਗੀ ਦਿੱਤੀ। ਅਮਰੀਕਾ ਵਿਚ ਰਹਿ ਰਹੇ ਵਿਦਵਾਨਾਂ ਬਾਰਬਰਾ ਜੋਸ਼ੀ ਤੱਕ ਨੇ ਇਸ ਪੇਪਰ ਨੂੰ ਸਲਾਹਿਆ। ਕੌਮੀ ਉਡਾਰੀਆਂ ਦਾ ਦਸੰਬਰ 1990 ਦਾ ਅੰਕ ''ਆਦਿ ਧਰਮ ਮੰਡਲ ਰਿਪੋਰਟ 1931 ਈ: ਵਿਸ਼ੇਸ਼ ਅੰਕ'' ਪ੍ਰਕਾਸ਼ਿਤ ਕੀਤਾ ਜਿਸ ਵਿਚ ਉਸ ਵੇਲੇ ਦੇ ਸਿਰਲੱਥ 55 ਪ੍ਰਚਾਰਕਾਂ ਅਤੇ 500 ਮੈਂਬਰਾਂ ਦੇ ਨਾਂ ਬਾਬੂ ਕਾਂਸ਼ੀ ਰਾਮ ਜੀ ਦੀ ਸੰਪਾਦਕੀ ਹੇਠ ਛਪਦੇ ਅਖ਼ਬਾਰ ਹਫਤਾਵਾਰ ''ਬਹੁਜਨ ਸਮਾਜ ਬੁਲੇਟਿਨ'' ਦੇ ਜਨਵਰੀ 1997 ਦੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਵਿਸ਼ੇਸ਼ ਅੰਕ ਵਿਚ ਲਿਖ ਚੁੱਕਾ ਹਾਂ ਬਤੌਰ ਉਸ ਦੇ ਰੈਜੀਡੈਂਟ ਐਡੀਟਰ। ਉਪਰੋਕਤ ਪ੍ਰਚਾਰਕਾਂ ਅਤੇ ਮੈਂਬਰਾਂ ਦੇ ਕਈ ਵਾਰਸਾਂ ਨੇ ਸਾਨੂੰ ਮਿਲ ਕੇ ਦੱਸਿਆ ਕਿ ਇਹ ਕੰਮ ਬਹੁਤ ਹੀ ਸ਼ਲਾਘਾਯੋਗ ਹੈ ਕਿ ਸਾਡੇ ਵਿਚੋਂ ਬਹੁਤਿਆਂ ਨੂੰ ਤਾਂ ਇੰਨਾ ਵੀ ਪਤਾ ਨਹੀਂ ਸੀ ਕਿ ਸਾਡੇ ਬਜ਼ੁਰਗਾਂ ਨੇ ਆਦਿ ਧਰਮ ਅੰਦੋਲਨ ਵਿਚ ਕੰਮ ਕੀਤਾ ਸੀ।

ਅੱਜ ਮੈਨੂੰ ਬੇਹੱਦ ਖੁਸ਼ੀ ਹੈ ਕਿ ਸਾਡੇ ਵੱਲੋਂ ਪ੍ਰਕਾਸ਼ਿਤ ਸੋਵੀਨਰ ਅਤੇ ਮੈਗਜ਼ੀਨ ਦੀਆਂ ਲਿਖਤਾਂ ਦਾ ਵੱਡੇ ਪੱਧਰ 'ਤੇ ਮੁੜ ਪ੍ਰਕਾਸ਼ਨ ਜਾਂ ਹਵਾਲੇ ਦਿੱਤੇ ਜਾ ਰਹੇ ਹਨ। ਕੁਝ ਲੇਖਕ ਵੀਰ ਸਾਡੇ ਵੱਲੋਂ ਪਹਿਲਾਂ ਛਾਪੇ ਮੈਟਰ ਨੂੰ ਤਾਂ ਛਾਪ ਲੈਂਦੇ ਹਨ ਪਰ ਹਵਾਲੇ ਨਹੀਂ ਦਿੰਦੇ। ਪਰ ਜਿੱਥੇ ਅਸੀਂ ਚੁੱਪ ਹਾਂ ਅਤੇ ਉਥੇ ਖੁਸ਼ ਵੀ ਹਾਂ ਕਿ ਆਦਿ ਧਰਮ ਦੀ ਗੱਲ ਜੋ ਬਾਬੂ ਮੰਗੂ ਰਾਮ ਜੀ ਨੇ ਚਲਾਈ ਸੀ, ਅੱਜ ਇਹ ਲੇਖਕ ਵੀਰ ਉਸ ਲਹਿਰ ਦੀ ਮਹੱਤਤਾ ਨੂੰ ਸਮਝਣ ਲੱਗ ਪਏ ਹਨ।

28 ਦਸੰਬਰ 1985 ਨੂੰ ਜਲੰਧਰ ਸ਼ਹਿਰ ਵਿਖੇ ਸ਼ਹੀਦ ਰਾਮ ਪ੍ਰਕਾਸ਼ ਜੀ ਦੇ ਸ਼ਹੀਦੀ ਸਮਾਗਮ ਵਿਚ ਸਾਡੇ ਇਕ ਸਮਕਾਲੀ ਪ੍ਰੰਤੂ ਬਜ਼ੁਰਗ ਮਾਣਯੋਗ ਲੇਖਕ ਨੇ ਕਿਹਾ ਸੀ ਕਿ ਇਕ ਮਾਡਲ ਟਾਊਨ ਜਲੰਧਰ ਬੈਠਾ (ਮੇਰੇ ਵੱਲ ਇਸ਼ਾਰਾ ਕਰਕੇ ਪਰ ਮੈਂ ਉਸ ਵਕਤ ਸਮਾਗਮ ਵਿਚ ਮੌਜੂਦ ਨਹੀਂ ਸੀ) ਹੈ ਜੋ ਕੁਝ ਸਮੇਂ ਤੋਂ ਮੰਗੂ ਨੂੰ ਚੁੱਕੀ ਫਿਰਦਾ ਹੈ ਤੇ ਉਸ ਨੂੰ ਮੁਰਦੇ ਪੁੱਟਣ ਤੋਂ ਸਿਵਾਏ ਹੋਰ ਕੋਈ ਕੰਮ ਨਹੀਂ ਹੈ ਪਰ ਮੈਂ ਇੱਥੇ ਕਹਿਣਾ ਚਾਹੁੰਦਾ ਹਾਂ ਕਿ ਉਸੇ ਸਥਾਨ ਤੇ 14 ਅਪ੍ਰੈਲ 1987 ਵਾਲੇ ਦਿਨ ਉਸੇ ਮਾਣਯੋਗ ਬਜ਼ੁਰਗ ਲੇਖਕ ਦੀ ਸਰਪ੍ਰਸਤੀ ਹੇਠ ਸੁਸਾਇਟੀ ਮੰਗੂ ਨੂੰ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਨਾਂ ਨਾਲ ਸੰਬੋਧਨ 'ਕੌਮੀ ਮਸੀਹਾ' ਵਜੋਂ ਮਰਨ ਉਪਰੰਤ ਸਨਮਾਨ ਦੀ ਹੈ। ਇਹ ਸਾਡੀ ਕਲਮੀ ਜ਼ਿੰਦਗੀ ਦੇ ਸੁਨਹਿਰੀ ਦਿਨਾਂ ਵਿਚੋਂ ਇਕ ਦਿਨ ਸੀ।

ਬਾਮਸੇਫ ਨੇ ਵੀ ਬਾਬੂ ਮੰਗੂ ਰਾਮ ਜੀ ਨੂੰ ਦੇਸ਼ ਦੇ 'ਟੈਨ ਗ੍ਰੇਟ ਲਾਈਵਜ਼' (ਦਸ ਮਹਾਨ ਪੁਰਸ਼) ਨਾਂ ਦੀ ਪੁਸਤਕ ਵਿਚ ਸ਼ਾਮਲ ਕਰ ਲਿਆ ਹੈ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਾਲਿਆਂ ਨੇ ਵੀ ਗਦਰੀ ਬਾਬਾ ਲਾਲਾ ਹਰਦਿਆਲ ਜੀ ਦੇ ਨਾਂ ਸੋਵੀਨਰ ਵਿਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਫੋਟੋ ਲਗਾ ਕੇ ਬਾਬੂ ਮੁੱਗੋਵਾਲੀਆ ਜੀ ਦੀ ਹੋਂਦ ਨੂੰ ਗਦਰੀ ਬਾਬਾ ਦੀ ਹੋਂਦ ਵਜੋਂ ਮੰਨ ਲਿਆ ਹੈ।



**ਸੀ. ਐਲ. ਚੁੰਬਰ**
**ਮੁੱਖ ਸੰਪਾਦਕ**
**ਕੌਮੀ ਉਡਾਰੀਆਂ (ਜਲੰਧਰ)**

28 ਅਕਤੂਬਰ 1988 ਦੇ ਟ੍ਰਿਬਿਊਨ ਗਰੁੱਪ ਵਿਚ ਪ੍ਰਸਿੱਧ ਜਰਨਾਲਿਸਟ ਸ. ਖੁਸ਼ਵੰਤ ਸਿੰਘ ਜੀ ਨੇ 'ਮੰਗੂ ਰਾਮ ਤੋਂ ਕਾਂਸ਼ੀ ਰਾਮ ਤੱਕ' ਨਾਂ ਦੀ ਲਿਖਤ ਵਿਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਰੱਜ ਕੇ ਸਿਫ਼ਤ ਕਰਦਿਆਂ ਇਹ ਮੰਨਿਆ ਕਿ ਬੀ. ਐਸ. ਪੀ. ਦੀ 1985 ਵਿਚ ਚੋਣਾਂ ਵਿਚ ਸਫਲਤਾ ਪਿੱਛੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਉਹਨਾਂ ਦੇ ਜੁਝਾਰੂ ਸ਼ਹਿਰੀਆਂ ਵੱਲੋਂ ਤਿਆਰ ਕੀਤਾ ਆਧਾਰ ਹੀ ਸੀ।

21 ਨਵੰਬਰ 1990 ਦੇ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ 'ਦਿ ਟਾਈਮਜ਼ ਆਫ ਇੰਡੀਆ' ਨੇ ਆਦਿ ਧਰਮ ਬਾਰੇ ਆਪ ਹੀ ਪੁਰਾਣੀ ਲਿਖਤ ਮੁੜ ਪ੍ਰਕਾਸ਼ਿਤ ਕੀਤੀ ਸੀ ਜਿਸ ਵਿਚ ਡਾਕਟਰ ਜੇ. ਐਚ. ਹਟਨ ਕਮਿਸ਼ਨਰ ਜਨਗਣਨਾ (1931 ਈਸਵੀ ਨੇ ਮੰਨਿਆ ਕਿ ਆਦਿ ਧਰਮ ਵਿਰੋਧੀਆਂ ਨੇ ਇਕ ਆਦਿ ਧਰਮੀ ਨੂੰ ਇਸ ਕਰਕੇ ਕਤਲ ਕਰ ਦਿੱਤਾ ਸੀ ਕਿ ਉਸ ਨੇ ਆਪਣਾ ਧਰਮ ਆਦਿ ਧਰਮ ਕਿਉਂ ਲਿਖਵਾਇਆ।

ਅੱਜ ਦਾ ਜਾਗਰੂਕ ਆਦਿ ਧਰਮੀ 1931 ਈਸਵੀ ਦੀ ਜਨਗਣਨਾ ਵਾਲੇ ਆਦਿ ਧਰਮੀ ਦੀ ਤਰ੍ਹਾਂ ਹਰ ਖੇਤਰ ਵਿਚ ਆਪਣੀ ਵੱਖਰੀ ਹੋਂਦ ਚਾਹੁੰਦਾ ਹੈ। ਕੁਝ ਲੋਕ ਧਰਮ ਪਰਿਵਰਤਨ ਦੇ ਰਸਤੇ ਅੱਗੇ ਵਧਣਾ ਚਾਹੁੰਦੇ ਹਨ ਅਤੇ ਕੁਝ ਕਪਿਲਾ ਗਊ ਦੀ ਪੂਛ ਫੜ ਕੇ ਹਿੰਦੂਵਾਦ ਦੇ ਭਵਸਾਗਰ ਨੂੰ ਪਾਰ ਕਰਨਾ ਚਾਹੁੰਦੇ ਹਨ। ਪ੍ਰੰਤੂ ਬਹੁਗਿਣਤੀ ਆਪਣੇ ਆਪ ਨੂੰ ਆਦਿ ਧਰਮ ਨੂੰ ਮੁੱਖ ਰੱਖ ਕੇ ਹੀ ਅੱਗੇ ਵਧਣਾ ਚਾਹੁੰਦੇ ਹਨ।

ਇਸ ਗੱਲ ਨੂੰ ਕੋਈ ਝੁਠਲਾ ਨਹੀਂ ਸਕਦਾ ਕਿ ਜੇਕਰ ਆਦਿ ਧਰਮ ਵਿਚਾਰਧਾਰਾ ਵਾਲਿਆਂ ਉਪਰ ਜ਼ੁਲਮ ਹੁੰਦੇ ਹਨ ਤਾਂ ਧਰਮ ਪਰਿਵਰਤਨ ਕਰਨ ਵਾਲਿਆਂ ਤੇ ਵੀ ਜ਼ੁਲਮ ਹੁੰਦੇ ਹਨ ਪਰ ਦੋਹਾਂ ਦੇ ਬਿਖਰਨ ਨਾਲ ਤਾਕਤ ਘਟੀ ਹੈ ਅਤੇ ਜ਼ੁਲਮ ਅਤੇ ਗੁਲਾਮੀ ਹੋਰ ਵਧੀ ਹੈ। ਅੱਜ ਫਿਰ ਜ਼ਰੂਰਤ ਹੈ ਕਿ ਦੁਬਾਰਾ ਇਕੱਠੇ ਹੋਈਏ। ਇਕੱਠੇ ਹੋਣ ਅਤੇ ਇਕੱਠੇ ਰਹਿਣ ਤੇ ਚੱਲਣ ਨਾਲ ਸਾਡੀ ਗੁਲਾਮੀ ਦੀਆਂ ਜ਼ੰਜੀਰਾਂ ਪਿਘਲ ਕੇ ਹਥਿਆਰ ਬਣ ਜਾਣਗੀਆਂ। ਬੰਦਾ ਬੰਦੇ ਦਾ ਗੁਲਾਮ ਨਾ ਰਹੇ, ਕੋਈ ਲਾਲਚ ਨਾ ਰਹੇ, ਆਦਮੀ ਅਤੇ ਔਰਤ ਇਕ ਦੂਸਰੇ ਤੋਂ ਹੀਣੇ ਨਾ ਰਹਿਣ, ਇਹੀ ਆਦਿ ਧਰਮ ਦੀ ਮੰਜ਼ਿਲ ਹੈ ਅਤੇ ਇਹੀ ਆਰੰਭ ਅਤੇ ਇਹੀ ਪੜਾਅ ਹੈ।

**'ਕੌਮੀ ਉਡਾਰੀਆਂ' ਜਲੰਧਰ 'ਚੋਂ ਧੰਨਵਾਦ ਸਹਿਤ**

## ਬਾਬੂ ਮੰਗੂ ਰਾਮ ਮੁਗੋਵਾਲੀਆ ਜੀ (ਆਦਿ ਧਰਮ ਲਹਿਰ ਦੇ ਜਨਕ)

ਸਵੈਮਾਨ ਤਹਰ ਖੁਸ਼ ਰਹਿਣਾਂ ਹਰੇਕ ਪ੍ਰਾਣੀ ਦਾ ਮੂਲ ਸੁਭਾਅ ਹੈ ਜਿਸ ਲਈ ਉਹ ਹਰ ਸੰਭਵ ਕੋਸ਼ਿਸ਼ ਅਤੇ ਉਪਰਾਲੇ ਕਰਦਾ ਹੈ। ਪਰ ਕੋਸਿਸ਼ ਉਦੋਂ ਹੀ ਕਾਮਯਾਬ ਹੁਦੀ ਹੈ ਜਦੋਂ ਉਸ ਨੂੰ ਸਹੀ ਵਾਤਾਵਰਣ ਮਿਲੇ ਅਤੇ ਇਨਸਾਨੀਅਤ ਦਾ ਹੁੰਗਾਰਾ ਮਿਲੇ।

ਸਾਡੇ ਭਾਰਤ ਦੇਸ ਦਾ ਇਹ ਦੁਖਾਂਤ ਰਿਹਾ ਹੈ ਕਿ ਗੇਰ ਲੋੜਿਦੇ ਧਰਮ ਅਤੇ ਜਾਤੀ ਵੰਡ ਕਾਰਣ ਕੁਝ ਖਾਸ ਵਰਗ ਵਿਸੇਸ ਤੌਰ ਤੇ ਪਿਛੜੇ ਵਰਗ (ਦਲਿਤ ਵਰਗ) ਨੂੰ ਇਸ ਤ੍ਰਾਸ਼ਦੀ ਦਾ ਸਾਮ੍ਹਣਾ ਕਰਨਾ ਪਿਆ ਹੈ ਜੋ ਕੁਝ ਹੱਦ ਤਕ ਅਜੇ ਭੀ ਜਾਰੀ ਹੈ। ਇਸ ਮਾਨਵਤਾ ਵਿਰੋਧੀ ਵਿਵਸਥਾ ਅਤੇ ਆਤਮ ਸਵੈਭਿਮਾਨ ਖਾਤਿਰ ਭਾਰਤ ਦੇ ਅੱਲਗ- ਅਲੱਗ ਸ਼ਹਿਰਾਂ ਚ ਅਲੱਗ-ਅਲੱਗ ਪਰ ਸਮਾਂਤਰ ਯਤਨ ਹੋਏ ਹਨ ਅਤੇ ਅਤੇ ਜਾਰੀ ਹਨ।

ਇਸੇ ਵਿਸ਼ੇ ਵਸਤੂ ਤਹਤ ਬਾਬੂ ਮੰਗੂ ਰਾਮ ਮੁਗੋਵਾਲੀਆ (ਹੁਸ਼ਿਆਰਪੁਰ) ਜੀ ਨੇ 1920ਵਿਆ ਦੌਰਾਨ ਆਦਿ ਧਰਮ ਲਹਿਰ (11-12 ਜੁਨ 1926) ਨੂੰ ਕਾਇਮ ਕੀਤਾ ਜੋ ਕਿ ਸਾਂਝੇ ਪੰਜਾਬ ਦੀ ਪਹਿਲੀ ਪਿਛੜੇ ਵਰਗਾ (ਦਲਿਤ) ਦੀ ਲਹਿਰ ਸੀ। ਇਸੇ ਲਹਿਰ ਸਦਕਾ ਪੰਜਾਬ ਦੇ ਪਿਛੜੇ (ਦਲਿਤ) ਚ ਸਵੈਮਾਨ ਦਾ ਜਜਬਾ ਕਾਇਮ ਹੋਇਆ।

ਅੱਜ ਦੇ ਦਿਨ ਅਸੀਂ ਸਾਰੇ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੇ ਇਸ ਸਾਹਸਿਕ ਅਤੇ ਇਤਿਹਾਸਕ ਉਪਰਾਲੇ ਦੀ ਸੰਲਾਘਾ ਕਰਦੇ ਹਾ। ਅਸੀਂ ਇਹ ਵੀ ਵਿਸਵਾਸ ਕਰਦੇ ਹਾ ਕਿ ਉਨ੍ਹਾਂ ਦਾ ਇਹ ਸਾਹਸਿਕ ਕਦਮ ਹਮੇਸ਼ਾ - ਹਮੇਸ਼ਾ ਲਈ ਮੀਲ ਪੱਥਰ ਸਾਬਤ ਹੋਵੇਗਾ ਅਤੇ ਪਿਛੜੇ (ਦਲਿਤ) ਵਰਗਾ ਨੂੰ ਸ਼ਾਸਕ ਵਰਗ ਬਨਣ ਦੀ ਸਮਰੱਥਾ ਪੇਦਾ ਕਰਦਾ ਰਹੇਗਾ।

**ਚੌਧਰੀ ਕਿਸ਼ੋਰੀ ਲਾਲ**
**91-95588-15882**




ਰਿੰਕੀ ਢੰਡਾ ਦੇ ਧੰਨਵਾਦ ਸਹਿਤ

**1937 ਵਿੱਚ ਆਦਿ ਧਰਮ ਦੇ 7 ਐਮ.ਐਲ.ਏ. ਜਿਤਾਉਣ ਤੋਂ ਬਾਅਦ ਸਰ ਸਿਕੰਦਰ ਹਿਆਤ ਖਾਨ ਨਾਲ ਲਾਹੌਰ ਅਸੈਂਬਲੀ ਵਿੱਚ ਸਹੁੰ ਚੁੱਕ ਸਮਾਗਮ ਦੌਰਾਨ ਗਦਰੀ ਬਾਬਾ ਬਾਬੂ ਮੰਗੂਰਾਮ ਮੁੱਗੋਵਾਲੀਆ ਜੀ ਕੁਰਸੀ ਚੁੱਕ ਕੇ ਖੜ੍ਹੇ ਹੋ ਗਏ। ਸਾਰਿਆਂ ਦੇ ਕਿੰਤੂ-ਪਰੰਤੂ ਕਰਨ ਤੇ ਬਾਬੂ ਜੀ ਨੇ ਤਰਕ ਨਾਲ ਕਿਹਾ ਕਿ ਅਸੀਂ ਆਪਣੇ ਸੰਗਠਨ ਦੀ ਬਦੌਲਤ ਕੁਰਸੀ ਤਾਂ ਪ੍ਰਾਪਤ ਕਰ ਲਈ ਪਰ ਇਸਨੂੰ ਰੱਖਣ ਲਈ ਜਗ੍ਹਾ ਦੀ ਮਾਲਕੀ ਦਾ ਅਧਿਕਾਰ ਵੀ ਸਾਨੂੰ ਚਾਹੀਦਾ ਹੈ।**

# ਆਦਿ ਧਰਮ ਮੰਡਲ ਦਾ ਰਤਨ ਸੀ ਮਾਸਟਰ ਲਾਲ ਚੰਦ 'ਰਤਨ' ਕਾਦਰਵਾਲਾ

**ਉੱਘੇ ਲੇਖਕ ਤੇ ਧੜੱਲੇਦਾਰ ਮਿਸ਼ਨਰੀ ਸ੍ਰੀ ਸੀ. ਐਲ. ਚੁੰਬਰ ਸੰਪਾਦਕ ਕੌਮੀ ਉਡਾਰੀਆਂ ਰਾਹੀਂ 1988-89 ਮੈਨੂੰ ਮਾਨਯੋਗ ਲਾਲ ਚੰਦ ਕਾਦਰ ਵਾਲਾ ਬਾਰੇ ਜਾਣਕਾਰੀ ਮਿਲੀ ਤਾਂ ਮੈਨੂੰ ਬੜੀ ਹੈਰਾਨੀ ਭਰੀ ਖੁਸ਼ੀ ਹੋਈ। ਉਹਨਾਂ ਵਲੋਂ ਆਦਿ ਧਰਮ ਮੰਡਲ ਲਹਿਰ ਵਿਚ ਪਾਏ ਯੋਗਦਾਨ ਸੰਬੰਧੀ ਕੁਝ ਲਿਖਤਾਂ ਵਿਚ ਜਿਕਰ ਦੇਖ ਕੇ ਮੇਰੇ ਮਨ ਵਿਚ ਇਸ ਸਖਸ਼ੀਅਤ ਬਾਰੇ ਹੋਰ ਖੋਜ ਬੀਨ ਕਰਨ ਦੀ ਇੱਛਾ ਪੈਦਾ ਹੋਈ। ਤਾਂ ਸੰਨ 2000 ਚ ਪਤਾ ਚਲਿਆ ਕਿ ਉਹਨਾ ਦੇ ਇਕ ਪੁੱਤਰ ਐਡਵੋਕੇਟ ਮਨਜੀਤ ਸਿੰਘ ਧਾਲੀਵਾਲ ਐਫ ਸੀ ਆਈ ਬਾਘਾਪੁਰਾਣਾ ਵਿਚ ਸਰਵਿਸ ਕਰਦੇ ਹਨ। ਉਹਨਾਂ ਨਾਲ ਮਿਲਕੇ ਪਰਵਾਰ ਬਾਰੇ ਪਤਾ ਕੀਤਾ ਲੱਗਿਆ ਕਿ ਉਹ ਖੁਦ ਵੀ ਇਕ ਚਰਚਿਤ ਸਮਾਜ ਸੇਵਾ ਨੂੰ ਸਮਰਪਿਤ ਮਨੁੱਖ ਹਨ। ਅਪਰੈਲ 2004 ਵਿਚ ਉਹਨਾਂ ਨਾਲ ਮਿਲਕੇ ਮਾਸਟਰ ਲਾਲ ਚੰਦ ਜੀ ਦੀ ਬਰਸੀ ਨੂੰ ਸਮਰਪਿਤ ਦਿਹਾੜਾ ਮਨਾਇਆ ਗਿਆ ਜਿਸ ਵਿਚ ਮਾਨਯੋਗ ਚੁੰਬਰ ਸਾਹਿਬ ਸੰਪਾਦਕ 'ਕੌਮੀ ਉਡਾਰੀਆ' ਉਚੇਚੇ ਤੌਰ ਤੇ ਪੁੱਜੇ ਸਨ। ਪਿੰਡ ਦੇ ਲੋਕ ਅਤੇ ਪਰਿਵਾਰਕ ਮੈਂਬਰ ਵੀ ਇਸ ਅਜ਼ੀਮ ਹਸਤੀ ਬਾਰੇ ਪਹਿਲੀ ਵਾਰ ਵਡਮੁੱਲੀ ਜਾਣਕਾਰੀ ਹਾਸਲ ਕਰਕੇ ਅਚੰਭਤ ਹੋ ਰਹੇ ਸਨ।**

**- ਲਾਲ ਸਿੰਘ ਸੁਲਹਾਣੀ**

ਬ੍ਰਿਟਿਸ਼ ਸਰਕਾਰ ਨੇ ਪਹਿਲੀ ਵਾਰ ਇੰਡੀਅਨ ਐਕਟ 1919 ਪਾਸ ਕਰਕੇ ਭਾਰਤ ਦੇ ਦੱਬੇ ਕੁਚਲੇ ਲੋਕਾਂ ਨੂੰ ਸੰਵਿਧਾਨਕ ਮਾਨਤਾ ਪਰਦਾਨ ਕੀਤੀ। ਜਿਸ ਨਾਲ ਪੂਰੇ ਦੇਸ਼ ਵਿੱਚ ਚਾਰੇ ਪਾਸੇ ਦਲਿਤਾਂ ਨੂੰ ਆਪਣੇ ਹੱਕ ਵਿਚ ਭੁਗਤਾਉਣ ਦੀ ਹੋੜ ਲੱਗ ਗਈ। ਉਸ ਤੋਂ ਬਾਅਦ ਖੁੰਬਾਂ ਵਾਂਗੂੰ ਵੱਖ ਵੱਖ ਧਰਮਾਂ ਤੇ ਫਿਰਕਿਆਂ ਵੱਲੋਂ ਸੰਗਠਨ ਬਣਾਏ ਗਏ। 1920 ਵਿਚ ਸ਼ਰੋਮਣੀ ਅਕਾਲੀ ਦਲ ਹੋਂਦ ਵਿਚ ਆਇਆ। 1925 ਵਿਚ ਕੱਟੜ ਪੰਥੀ ਹਿੰਦੂਤਵੀਆਂ ਵਲੋਂ ਆਰ ਐਸ ਐਸ ਦੀ ਸਥਾਪਨਾ ਕੀਤੀ ਗਈ। 1925 ਵਿਚ ਭਾਰਤੀ ਕਮਿਊਨਿਸਟ ਪਾਰਟੀ ਖੜ੍ਹੀ ਕੀਤੀ ਗਈ। ਇਸ ਸਮੇਂ ਤਕ ਅਛੂਤਾਂ ਪਛੜਿਆ ਵਿਚ ਵੀ ਜਾਗਰਤੀ ਪੈਦਾ ਹੋ ਰਹੀ ਸੀ। ਅਮਰੀਕਾ ਤੋਂ ਪਰਤ ਕੇ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਨੇ 1925 ਵਿਚ ਹੀ ਅਛੂਤਾਂ ਦੇ ਹੱਕਾਂ ਹਿਤਾਂ ਦੀ ਰਾਖੀ ਲਈ "ਆਦਿ ਧਰਮ ਮੰਡਲ" ਦੀ ਨੀਂਹ ਰੱਖੀ। ਆਦਿ ਧਰਮ ਦੇ ਆਗੂਆਂ ਦੇ ਵਿੱਢੇ ਸੰਘਰਸ਼ ਦੇ ਸਿੱਟੇ ਵਜੋਂ ਨਾ ਸਿਰਫ ਪੰਜਾਬ ਅੰਦਰ ਰਾਜਨੀਤਕ ਉਥਲ ਪੁਥਲ ਦੇਖੀ ਗਈ ਬਲਕਿ ਇਸ ਲਹਿਰ ਨੇ ਸਮਾਜਕ ਤਾਣੇ ਬਾਣੇ ਦੇ ਨਾਲ ਅਖੌਤੀ ਧਾਰਮਿਕ ਅਕੀਦਿਆਂ ਵਿਚ ਵੀ ਝੁਣਝੁਣੀ ਛੇੜ ਕੇ ਰੱਖ ਦਿੱਤੀ। ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੂੰ ਕੌਮੀ ਆਗੂ ਵਜੋਂ ਉਭਾਰਨ ਵਿਚ ਆਦਿ ਧਰਮ ਲਹਿਰ ਵਲੋਂ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। 1931 ਦੀ ਮਰਦਮਸ਼ੁਮਾਰੀ ਵਿਚ ਪਹਿਲੀ ਵੇਰ ਆਦਿ ਧਰਮੀਆਂ ਨੂੰ ਵੱਖਰੇ ਧਰਮ ਦੇ ਤੌਰ ਤੇ ਦਰਜ ਕੀਤਾ ਗਿਆ। ਸਾਈਮਨ ਕਮਿਸ਼ਨ ਜਿਹੜਾ 1928 ਵਿਚ ਇਸ ਦੇਸ਼ ਦੇ ਅਛੂਤਾਂ ਦੀ ਬਦ ਤੋਂ ਬਦਤਰ ਹਾਲਤ ਦਾ ਜਾਇਜ਼ਾ ਲੈਣ ਲਈ ਸਥਾਪਤ ਕੀਤਾ ਗਿਆ ਸੀ ਜਿਸ ਦਾ ਅਖੌਤੀ ਉੱਚ ਜਾਤੀਆਂ ਦੇ ਹਿੰਦੂਆਂ, ਆਰੀਆ ਸਮਾਜੀਆਂ ਤੇ ਕਾਂਗਰਸ ਪਾਰਟੀ ਵੱਲੋਂ ਵਿਰੋਧ ਕੀਤਾ ਗਿਆ ਸੀ ਤੇ ਸਾਈਮਨ ਕਮਿਸ਼ਨ ਗੋ ਬੈਕ ਦੀ ਗੁਹਾਰ ਲਗਾਈ ਗਈ ਸੀ। ਪਰ ਅਛੂਤਾਂ ਵੱਲੋ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਇਸ ਕਮਿਸ਼ਨ ਨੂੰ ਜੀਓ ਆਇਆਂ ਆਖਿਆ ਤੇ ਆਪਣੀਆਂ ਸ਼ਿਕਾਇਤਾਂ ਤੇ ਬਦਹਾਲੀਆਂ ਤੇ ਹੋ ਰਹੀਆਂ ਅਣ ਮਨੁੱਖੀ ਬਦਸਲੂਕੀਆਂ ਬਾਰੇ ਖੁਲ੍ਹ ਕੇ ਆਪਣਾ ਪੱਖ ਰੱਖਿਆ। ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੀ ਅਗਵਾਈ 'ਚ ਦਸ ਹਜਾਰ ਤੋ ਵਧ ਆਦਿ ਧਰਮੀਆਂ ਵੱਲੋਂ ਲਹੌਰ ਵਿਖੇ ਲਾਲ ਪੱਗਾਂ ਬੰਨ੍ਹ ਕੇ ਸਾਈਮਨ ਕਮਿਸ਼ਨ ਦਾ ਭਰਵਾਂ ਸੁਆਗਤ ਕੀਤਾ ਗਿਆ। ਜਦੋ ਕਿ ਪੰਜਾਬ ਕਾਂਗਰਸ ਦਾ ਮੁੱਖੀ ਆਰੀਆਂ ਸਮਾਜੀ ਲਾਲਾ ਲਾਜਪਤ ਰਾਏ ਸਾਈਮਨ ਕਮਿਸ਼ਨ ਦਾ ਵਿਰੋਧ ਕਰਨ ਲੱਗਾ ਸੀ। ਜਿਹੜਾ ਚੀਚੀ ਨੂੰ ਲਹੂ ਲਾਕੇ ਬਾਅਦ ਵਿਚ ਅਖੌਤੀ ਸ਼ਹੀਦ ਗਰਦਾਨਿਆਂ ਗਿਆ।

ਆਦਿ ਧਰਮ ਲਹਿਰ ਬੇਸ਼ੱਕ ਦੁਆਬੇ ਤੋ ਸ਼ੁਰੂ ਹੋਈ ਸੀ ਪਰ ਇਸ ਲਹਿਰ ਦੇ ਵੱਡੇ ਸਮਰਥਕ ਬਣਕੇ ਉਭਰੇ ਮਾਸਟਰ ਲਾਲ ਚੰਦ ਰਤਨ ਕਾਦਰਵਾਲਾ ਨੇ ਇਸ ਦਾ ਪਸਾਰ ਮਾਲਵੇ ਵਿਚ ਕਰਨ ਲਈ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਉਹ ਆਪਣੀ ਤੀਖਣ ਬੁੱਧੀ, ਦ੍ਰਿੜ ਇਰਾਦੇ ਤੇ ਬੁਲੰਦ ਹੌਸਲੇ ਸਦਕਾ ਸਚਮੁੱਚ ਆਦਿ ਧਰਮ ਲਹਿਰ ਦੇ ਰਤਨ ਵਜੋਂ ਉੱਭਰੇ। ਸਵੈਅਭਿਮਾਨੀ, ਸੰਜੀਦਾ, ਅਣਖੀ ਯੋਧੇ, ਗਰੀਬਾਂ ਦੇ ਦਰਦ ਨਾਲ ਭਰਪੂਰ ਹਸਤੀ ਮਾਸਟਰ ਲਾਲ ਚੰਦ ਜੀ ਨੇ 01 ਜਨਵਰੀ 1907 ਨੂੰ ਫਿਰੋਜ਼ਪੁਰ ਜਿਲ੍ਹੇ ਦੇ ਬੇਟ ਏਰੀਏ ਦੀ ਜੀਰਾ ਤਹਿਸੀਲ ਦੇ ਪਿੰਡ ਕਾਦਰ ਵਾਲਾ ਵਿਖੇ ਸ੍ਰੀ ਗੋਵਿੰਦ ਰਾਮ ਦੇ ਗ੍ਰਹਿ ਵਿਖੇ ਮਾਤਾ ਜਵਾਲੀ ਦੀ ਕੁੱਖੋਂ ਜਨਮ ਲਿਆ। ਭਾਂਵੇਂ ਇਹ ਖਿੱਤਾ ਅਤਿ ਪਛੜਿਆ ਸੀ ਤੇ ਘਰ ਵਿਚ ਘੋਰ ਗਰੀਬੀ ਸੀ ਪਰ ਉਹਨਾਂ ਦਾ ਪਰਵਾਰ ਅਛੂਤਾਂ ਦੇ ਧਾਰਮਿਕ ਤੇ ਸਮਾਜਿਕ ਰਸਮੋ ਰਿਵਾਜ ਨਿਭਾਉਂਦਾ ਆ ਰਿਹਾ ਸੀ। ਜਿਸ ਕਾਰਨ ਉਹ ਪਰਵਾਰ ਕੁਝ ਜਾਗਰੂਕ ਸੀ। ਮੁਸਲਿਮ ਬਹੁਲਤਾ ਵਾਲੇ ਪਿੰਡ ਕਾਦਰ ਵਾਲਾ ਦੇ ਲੋਅਰ ਮਿਡਲ ਸਕੂਲ ਵਿਚੋਂ ਲਾਲ ਚੰਦ ਨੇ ਮੁੱਢਲੀ ਸਿੱਖਿਆ ਹਾਸਲ ਕਰ ਲਈ ਤੇ ਮਿਡਲ ਪ੍ਰੀਖਿਆ ਮਿਡਲ ਸਕੂਲ ਮਸੀਤਾਂ ਤੋਂ ਹਾਸਲ ਕੀਤੀ



ਮਾਸਟਰ ਲਾਲ ਚੰਦ.ਕਾਦਰਵਾਲਾ, ਅਦੀਬ ਆਲਮ(1907-1963)

ਉਹਨਾਂ ਨੇ 1924-25 ਵਿਚ ਜੇ. ਵੀ. ਨਾਰਮਲ ਸਕੂਲ ਮੋਗਾ ਤੋਂ ਦਸਵੀਂ ਦੀ ਪ੍ਰੀਖਿਆ ਪਾਸ ਕਰ ਲਈ। ਬੇਸ਼ੱਕ ਉਹ ਮਿਹਨਤੀ, ਜ਼ਹੀਨ ਤੇ ਹੁਸ਼ਿਆਰ ਵਿਦਿਆਰਥੀ ਸਨ ਪਰ ਸਹਿਪਾਠੀਆਂ ਤੇ ਕੁਝ ਅਧਿਆਪਕਾਂ ਵਲੋਂ ਉਹਨਾਂ ਨੂੰ ਜਾਤੀ ਵਾਦੀ ਮਾਨਸਿਕਤਾ ਸਦਕਾ ਅਪਮਾਨਤ ਕੀਤਾ ਜਾਂਦਾ ਰਿਹਾ। ਇਸ ਦੇ ਬਾਵਜੂਦ ਉਹ ਹਾਰਨ ਤੇ ਟੁੱਟਣ ਦੀ ਬਜਾਏ ਸਗੋਂ ਹੋਰ ਵਿਦਰੋਹੀ ਬਣ ਗਏ।

1926 ਵਿਚ ਉਹ ਪਿੰਡ ਅਕਾਲੀਆਂ ਵਾਲਾ ਵਿਖੇ ਬਤੌਰ ਅਧਿਆਪਕ ਨਿਯੁਕਤ ਹੋ ਗਏ। ਪਰ ਅਖੌਤੀ ਜਾਤ ਅਭਿਮਾਨੀਆਂ ਨੇ ਉਹਨਾਂ ਦਾ ਵਿਰੋਧ ਜਾਰੀ ਰਖਿਆ ਤੇ ਆਪਣੇ ਬੱਚਿਆਂ ਨੂੰ ਇਕ ਅਛੂਤ ਅਧਿਆਪਕ ਕੋਲ ਪੜਾਉਣ ਤੇ ਅਛੂਤ ਬੱਚਿਆਂ ਨਾਲ ਬੈਠ ਕੇ ਪੜ੍ਹਨ ਵਿਚ ਹੱਤਕ ਮਹਿਸੂਸ ਕਰਦੇ। ਪਰ ਸਿਰੜੀ ਤੇ ਮਿਹਨਤੀ ਅਧਿਆਪਕ ਲਾਲ ਚੰਦ ਨੇ ਬੱਚਿਆਂ ਨੂੰ ਬਾਬਾ ਗਿਆਨ ਸਿੰਘ, ਬਾਬਾ ਨਿਧਾਨ ਸਿੰਘ ਜੀ ਦੇ ਘਰ ਪੜਾਉਣਾ ਜਾਰੀ ਰੱਖਿਆ।

ਉਹਨਾਂ ਨੇ ਸਿੱਖ ਧਰਮ ਦੇ ਮਾਨਵਤਾਵਾਦੀ ਸਾਹਿਤ ਦਾ ਅਧਿਐਨ ਕਰਦਿਆਂ ਹਿੰਦੂ ਧਰਮ ਦੇ ਗਰੰਥਾ ਦਾ ਮੁਤਾਲਿਆ ਵੀ ਕਰ ਲਿਆ। ਮਨੂੰ ਸਿਮਰਤੀ ਦੇ ਅਮਾਨਵੀ ਤੇ ਕਾਲੇ ਕਾਨੂੰਨਾਂ ਬਾਰੇ ਜਾਣਕਾਰੀ ਹਾਸਲ ਕਰਕੇ ਉਹਨਾਂ ਦੀ ਬਗਾਵਤੀ ਸੁਰ ਹੋਰ ਬੁਲੰਦ ਹੋ ਗਈ। ਉਹਨਾਂ ਨੇ 1927 ਵਿਚ ਆਦਿ ਧਰਮ ਮਹਾਂਸਭਾ ਅਕਾਲੀਆਂ ਵਾਲਾ ਦੀ ਸਥਾਪਨਾ ਕੀਤੀ। ਇਸ ਸਭਾ ਦੇ ਮੋਢੀਆਂ ਵਿਚ ਬਾਬਾ ਗਿਆਨ ਸਿੰਘ, ਬਾਬਾ ਨਿਧਾਨ ਸਿੰਘ, ਬਾਬਾ ਈਸ਼ਰ ਸਿੰਘ ਅਕਾਲੀਆਂ ਵਾਲਾ ਤੇ ਪੰਡਤ ਬੂੜਾ ਰਾਮ ਕਾਦਰ ਵਾਲਾ ਆਦਿ ਬਜ਼ੁਰਗਾਂ ਦੇ ਨਾਮ ਵਰਨਣਯੋਗ ਹਨ।

ਉਹ ਇਕ ਨਿਡਰ ਬੇਪਰਵਾਹ ਹੱਕਾਂ ਹਿਤਾਂ ਲਈ ਲੜਨ ਵਾਲੇ ਬਹਾਦਰ ਯੋਧੇ ਸਨ। ਅਕਾਲੀਆਂ ਵਾਲਾ ਜ਼ਿਲ੍ਹਾ ਫਿਰੋਜ਼ਪੁਰ ਤੋਂ ਸ਼ੁਰੂ ਕੀਤੀਆਂ ਗਈਆਂ ਆਦਿ ਧਰਮ ਲਹਿਰ ਦੀਆਂ ਸਰਗਰਮੀਆਂ ਦਾ ਪਸਾਰ ਬਾਬੂ ਮੰਗੂ ਰਾਮ ਮੁਗੋਵਾਲੀਆ



ਮਾਸਟਰ ਲਾਲ ਚੰਦ 'ਰਤਨ' ਕਾਦਰਵਾਲਾ ਦਾ ਸਪੁੱਤਰ ਐਡਵੋਕੇਟ ਮਨਜੀਤ ਸਿੰਘ

ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕੋਟਕਪੂਰਾ, ਫਰੀਦਕੋਟ, ਮੁਕਤਸਰ ਤੇ ਬਠਿੰਡੇ ਤੋਂ ਵਧ ਕੇ ਮਾਲਵੇ ਵਿਚ ਹੋ ਚੁੱਕਾ ਸੀ। ਇਸ ਲਈ ਮਾਸਟਰ ਜੀ ਨੇ 1929 ਵਿਚ ਆਦਿ ਧਰਮ ਮਹਾਂਸਭਾ ਅਕਾਲੀਆਂ ਵਾਲਾ ਦੀਆਂ ਸਰਗਰਮੀਆਂ ਦੀ ਜਿੰਮੇਵਾਰੀ ਮਲੋਟ ਨੇੜਲੇ ਤਪਾ ਖੇੜਾ ਨਿਵਾਸੀ ਜਾਗਰੂਕ ਤੇ ਮਿਹਨਤੀ ਸਮਾਜ ਹਿਤੈਸ਼ੀ ਹਰਦਿਤਾ ਰਾਮ ਜੀ ਨੂੰ ਸੌਂਪ ਦਿੱਤੀ ਤੇ ਆਪ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੇ ਨਿਕਟ ਸਹਿਯੋਗੀ ਬਣ ਗਏ।

ਉਹ ਆਦਿ ਧਰਮ ਲਹਿਰ ਦੇ ਅਖਬਾਰ ਆਦਿ ਡੰਕਾ ਲਈ ਲੇਖ ਤੇ ਸੰਪਾਦਕੀਆਂ ਲਿਖਦੇ ਰਹੇ। ਉਹਨਾਂ ਦੇ ਲੇਖ ਆਦਿ ਧਰਮ ਲਹਿਰ ਚਲਾਉਣ ਦੀ ਕੀ ਲੋੜ ਸੀ? ਉਹ ਵਜਾਹਤ ਆਦਿ ਧਰਮ, ਨਸ਼ਿਆਂ ਵਿਰੁੱਧ ਤੇ ਅਛੂਤਾਂ ਦੇ ਹੱਕਾਂ ਹਿਤਾਂ ਲਈ ਬੇਬਾਕ ਤੇ ਧੜੱਲੇ ਨਾਲ ਲਿਖਦੇ ਰਹੇ। ਉਹਨਾਂ ਨੇ ਮਹਾਂ ਰਿਸ਼ੀ ਵਾਲਮੀਕ ਜੀ ਦੁਆਰਾ ਰਚਿਤ ਮਹਾਂ-ਰਮਾਇਣ ਯੋਗ ਵਸ਼ਿਸ਼ਟ ਗ੍ਰੰਥ ਦੇ ਆਧਾਰ ਤੇ ਦੇਵ ਬਾਣੀ ਗ੍ਰੰਥ ਦੀ ਰਚਨਾ ਵੀ ਕੀਤੀ। ਜੋ ਅਪ੍ਰਕਾਸ਼ਿਤ ਅਵਸਥਾ ਵਿਚ ਉਹਨਾਂ ਦੇ ਸਪੁੱਤਰ ਐਡਵੋਕੇਟ ਮਨਜੀਤ ਸਿੰਘ ਧਾਲੀਵਾਲ ਪਾਸ ਸੁਰਖਿਅਤ ਦੱਸਿਆ ਜਾਂਦਾ ਹੈ।

ਆਪਣੀ ਨੌਕਰੀ ਖਤਰੇ ਚ ਪਾਕੇ ਉਹਨਾਂ ਨੇ ਪੰਜਾਬ ਦੀਆਂ ਅਠ ਰਿਜ਼ਰਵ ਸੀਟਾਂ ਚੋਂ ਫਿਰੋਜ਼ਪੁਰ ਰਿਜ਼ਰਵ ਸੀਟ ਤੋਂ ਆਜ਼ਾਦ ਉਮੀਦਵਾਰ ਵਜੋਂ 1936 ਵਿਚ ਚੋਣ ਲੜੀ। ਪਰ ਸਮਾਜ ਜਾਗਰੂਕ ਨਾ ਹੋਣ ਕਰਕੇ ਹਾਰ ਗਏ। 1952 'ਚ ਉਹਨਾਂ ਨੇ ਧਰਮਕੋਟ-ਮੋਗਾ ਰਿਜ਼ਰਵ ਸੀਟ ਤੋਂ ਸੋਸ਼ਲਿਸਟ ਪਾਰਟੀ ਦੇ ਉ-ਮੀਦਵਾਰ ਵਜੋਂ ਮੁੜ ਚੋਣ ਲੜੀ ਪਰ ਮੁਖਤਿਆਰ ਸਿੰਘ ਧਰਮਕੋਟ ਦੇ ਮੁਕਾਬਲੇ ਹਾਰ ਗਏ।



ਲਾਲ ਸਿੰਘ ਸੁਲਹਾਣੀ
91-98721-55120

1955 ਵਿਚ ਉਹਨਾਂ ਨੇ ਅਦੀਬ ਆਲਮ (High Proficiency in Urdu) ਇਮਤਿਹਾਨ ਪੰਜਾਬ ਯੂਨੀਵਰਸਿਟੀ ਸ਼ਿਮਲਾ ਤੋਂ 600 ਵਿੱਚੋਂ 415 ਅੰਕ ਲੈਕੇ ਪਾਸ ਕੀਤਾ ਤੇ ਯੂਨੀਵਰਸਿਟੀ ਦਾ ਰਿਕਾਰਡ ਤੋੜਿਆ। ਉਹ 1926 ਤੋਂ 1 ਜਨਵਰੀ 1962 ਤੱਕ ਵੱਖ ਵੱਖ ਸਕੂਲਾਂ ਵਿਚ ਬਤੌਰ ਅਧਿਆਪਕ ਸੇਵਾਵਾਂ ਨਿਭਾਉਂਦੇ ਰਹੇ।

18-19 ਜੂਨ 1932 ਨੂੰ ਆਦਿ ਧਰਮ ਮੰਡਲ ਦੀ ਸੱਤਵੀਂ ਸਲਾਨਾ ਕਾਨਫਰੰਸ ਜਲੰਧਰ ਸ਼ਹਿਰ ਵਿਚ ਰੱਖੀ ਗਈ। ਜਿਸ ਵਿਚ 4000 ਤੋਂ ਵੱਧ ਆਦਿ ਧਰਮੀਆਂ ਨੇ ਪੂਰ- ਜੋਸ਼ ਤੇ ਉਤਸ਼ਾਹ ਨਾਲ ਹਿੱਸਾ ਲਿਆ। ਜਿਸ ਵਿਚ ਮਿਸ਼ਨਰੀ ਕਲਾਕਾਰਾਂ ਨੇ ਖੂਬ ਰੰਗ ਬੰਨ੍ਹਿਆ। ਸੰਤ ਮਹਾਂਪੁਰਸ਼ਾਂ ਨੇ ਆਪਣੇ ਵਿਚਾਰ ਰੱਖੇ।

ਇਸ ਕਾਨਫਰੰਸ ਦੀ ਪ੍ਰਧਾਨਗੀ ਲਾਇਲਪੁਰ ਨਿਵਾਸੀ ਰਾਮ ਆਜ਼ਾਦ ਮਿਸ਼ਨਰੀ ਨੇ ਕੀਤੀ। ਉਦਘਾਟਨੀ ਭਾਸ਼ਣ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਵੱਲੋ ਕੀਤਾ ਗਿਆ ਤੇ ਸਵਾਗਤੀ ਕਮੇਟੀ ਵਲੋਂ ਡੈਲੀਗੇਟਾਂ ਦਾ ਸੁਆਗਤ ਕੀਤਾ ਗਿਆ। ਬਾਅਦ ਵਿਚ ਮੰਡਲ ਦੇ ਅਨੇਕ ਕਾਰਜਾਂ ਲਈ ਪ੍ਰੋਗਰਾਮਾਂ ਦਾ ਐਲਾਨ ਕੀਤਾ ਗਿਆ।

ਪਹਿਲੇ ਦਿਨ ਦੀ ਸਮਾਪਤੀ ਮੌਕੇ ਡੈਲੀਗੇਟਾਂ ਨੇ ਅਛੂਤਾਂ ਲਈ ਵੱਖਰੀ ਚੋਣ ਪਰਨਾਲੀ ਤੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ। 19 ਜੂਨ 1932 ਨੂੰ ਮਾਸਟਰ ਲਾਲ ਚੰਦ ਰਤਨ ਕਾਦਰਵਾਲਾ ਵਾਲਾ ਨੇ ਕਾਨਫਰੰਸ ਪ੍ਰਧਾਨਗੀ ਦੀ ਕੁਰਸੀ ਸੰਭਾਲੀ। ਦੁਪਹਿਰ 12 ਵਜੇ ਤਕ ਡਿਪਰੈਸਡ ਕਲਾਸਜ ਦੀ ਏਕਤਾ ਤੇ ਜੋਰ ਦਿੱਤਾ ਗਿਆ। ਇਕ ਵਜੇ ਮੈਨੇਜਿੰਗ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਹੋਈ। ਜਿਸ ਵਿਚ ਪਰਧਾਨ ਸੇਠ ਲਭੂ ਰਾਮ ਸੂਚੀ ਪਿੰਡ ਤੇ ਮੀਤ ਪਰਧਾਨ ਮਾਸਟਰ ਲਾਲ ਚੰਦ ਜੀ ਨੂੰ ਚੁਣਿਆਂ ਗਿਆ। ਉਹਨਾਂ ਨੇ ਸਾਰੀ ਜਿੰਦਗੀ ਪੂਰੀ ਤਨਦੇਹੀ, ਇਮਾਨਦਾਰੀ ਤੇ ਦਿਆਨਤਦਾਰੀ ਨਾਲ ਸਖਤ ਮਿਹਨਤ ਕਰਕੇ ਪਿਛਲੇ ਵਰਗਾਂ ਦੇ ਹੱਕਾਂ ਹਿਤਾਂ ਲਈ ਜੋਰਦਾਰ ਸੰਘਰਸ਼ ਕੀਤਾ ਤੇ ਮੰਡਲ ਦੀਆਂ ਸਰਗਰਮੀਆਂ ਜਾਰੀ ਰੱਖੀਆਂ। ਜਿਸ ਕਰਕੇ ਉਹਨਾਂ ਦੀ ਸਿਹਤ ਵਿਗੜਨ ਲੱਗੀ ਅੰਤ ਇਹ ਅਜ਼ੀਮ ਸਖਸ਼ੀਅਤ 9 ਅਪਰੈਲ 1963 ਨੂੰ ਇਸ ਫਾਨੀ ਸੰਸਾਰ ਤੋ ਰੁਖਸਤ ਹੋ ਗਈ।

# ਪ੍ਰਭਾਵਕ ਮਾਰਕੀਟਿੰਗ ਭਾਰਤ ਦੇ ਛੋਟੇ ਕਸਬਿਆਂ 'ਤੇ ਵੱਡਾ ਪ੍ਰਭਾਵ ਪਾ ਰਹੀ ਹੈ

**ਵਿਜੇ ਗਰਗ**

ਪ੍ਰਭਾਵਕ ਮਾਰਕੀਟਿੰਗ, ਜਿਸ ਨੂੰ ਕਦੇ ਸ਼ਹਿਰੀ ਵਰਤਾਰੇ ਵਜੋਂ ਦੇਖਿਆ ਜਾਂਦਾ ਸੀ, ਹੁਣ ਭਾਰਤ ਦੇ ਛੋਟੇ ਕਸਬਿਆਂ ਅਤੇ ਪੇਂਡੂ ਖੇਤਰਾਂ ਵਿੱਚ ਲਹਿਰਾਂ ਪੈਦਾ ਕਰ ਰਿਹਾ ਹੈ। ਪ੍ਰਭਾਵਕ ਮਾਰਕੀਟਿੰਗ ਹੁਣ ਭਾਰਤ ਵਿੱਚ ਸਿਰਫ਼ ਇੱਕ ਵੱਡੇ ਸ਼ਹਿਰ ਦੀ ਚੀਜ਼ ਨਹੀਂ ਰਹੀ ਹੈ। ਇਸ ਨੇ ਦੇਸ਼ ਦੇ ਛੋਟੇ ਸ਼ਹਿਰਾਂ ਅਤੇ ਪੇਂਡੂ ਖੇਤਰਾਂ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ ਹੈ। ਇਸ ਤਬਦੀਲੀ ਦੇ ਪਿੱਛੇ ਇਕਮਾਤਰ ਕਾਰਨ ਖੇਤਰੀ ਸਮੱਗਰੀ ਸਿਰਜਣਹਾਰਾਂ ਵਿੱਚ ਹਾਲ ਹੀ ਵਿੱਚ ਵਾਧਾ ਹੈ, ਜੋ ਸ਼ਾਬਦਿਕ ਅਤੇ ਸੱਭਿਆਚਾਰਕ ਤੌਰ 'ਤੇ ਆਪਣੀ ਭਾਸ਼ਾ ਬੋਲ ਕੇ ਸਥਾਨਕ ਦਰਸ਼ਕਾਂ ਨਾਲ ਡੂੰਘਾਈ ਨਾਲ ਜੁੜਦੇ ਹਨ।

**ਖੇਤਰੀ ਸਮੱਗਰੀ ਵਿੱਚ ਵਾਧਾ**

ਭਾਰਤ ਦੇ ਡਿਜੀਟਲ ਲੈਂਡਸਕੇਪ ਲਈ ਇੱਕ ਖੇਤਰੀ ਕ੍ਰਾਂਤੀ ਕਾਰਡ 'ਤੇ ਹੈ। ਇਕੱਲੇ OTT ਪਲੇਟਫਾਰਮਾਂ 'ਤੇ ਖੇਤਰੀ ਭਾਸ਼ਾ ਦੀ ਖਪਤ ਦਾ ਹਿੱਸਾ 2025 ਤੱਕ 50-50 ਪ੍ਰਤੀਸ਼ਤ ਤੋਂ ਵੱਧ ਜਾਣ ਦਾ ਅਨੁਮਾਨ ਹੈ, ਹਿੰਦੀ ਸਮੱਗਰੀ ਨੂੰ ਪਿੱਛੇ ਛੱਡ ਕੇ। ਕਹਿਣ ਦਾ ਮਤਲਬ ਇਹ ਹੈ ਕਿ, ਭਾਰਤ ਦੀ ਮੂਲ ਭਾਸ਼ਾਵਾਂ ਵਿੱਚ ਸਮੱਗਰੀ ਲਈ ਭੁੱਖ ਹਮਲਾਵਰ ਰੂਪ ਵਿੱਚ ਵਧ ਰਹੀ ਹੈ, ਜਿਸ ਨਾਲ ਖੇਤਰੀ ਪ੍ਰਭਾਵਕਾਂ ਦੇ ਵਧਣ-ਫੁੱਲਣ ਲਈ ਇੱਕ ਮਜ਼ਬੂਤ ਨੀਂਹ ਰੱਖੀ ਜਾ ਰਹੀ ਹੈ।

**'ਭਾਰਤ' ਵਿੱਚ ਟੇਪ ਕਰ ਰਹੇ ਬ੍ਰਾਂਡ**

ਬ੍ਰਾਂਡ ਇਸ ਤਬਦੀਲੀ ਨੂੰ ਸਵੀਕਾਰ ਕਰਦੇ ਜਾਪਦੇ ਹਨ ਅਤੇ ਗੈਰ-ਮੈਟਰੋ ਬਾਜ਼ਾਰਾਂ ਵਿੱਚ ਪ੍ਰਵੇਸ਼ ਕਰਨ ਲਈ ਖੇਤਰੀ ਪ੍ਰਭਾਵਕਾਂ ਨਾਲ ਵਧਦੀ ਸਹਿਯੋਗ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਗੱਲ 'ਤੇ ਕੋਈ ਬਹਿਸ ਨਹੀਂ ਹੈ ਕਿ ਬ੍ਰਾਂਡਾਂ ਲਈ ਪ੍ਰਭਾਵਸ਼ਾਲੀ ਮਾਰਕੀਟਿੰਗ ਕਿੰਨੀ ਮਹੱਤਵਪੂਰਨ ਬਣ ਗਈ ਹੈ, 75 ਪ੍ਰਤੀਸ਼ਤ ਬ੍ਰਾਂਡ ਇਸ ਨੂੰ ਆਪਣੀ ਮਾਰਕੀਟਿੰਗ ਰਣਨੀਤੀ ਦਾ ਹਿੱਸਾ ਮੰਨਦੇ ਹਨ। ਸਥਾਨਕ ਸਿਰਜਣਹਾਰਾਂ ਨਾਲ ਭਾਈਵਾਲੀ ਉਹਨਾਂ ਸੰਦੇਸ਼ਾਂ ਨੂੰ ਪ੍ਰਦਾਨ ਕਰਨ ਵਿੱਚ ਬ੍ਰਾਂਡਾਂ ਨੂੰ ਇੱਕ ਕਿਨਾਰਾ ਪ੍ਰਦਾਨ ਕਰਦੀ ਹੈ ਜੋ ਖੇਤਰੀ ਦਰਸ਼ਕਾਂ ਨਾਲ ਗੂੰਜਦੇ ਹਨ ਅਤੇ ਸ਼ਮੂਲੀਅਤ ਅਤੇ ਵਿਸ਼ਵਾਸ ਪੈਦਾ ਕਰਦੇ ਹਨ।

**ਮਾਈਕ੍ਰੋ ਅਤੇ ਨੈਨੋ ਪ੍ਰਭਾਵਕ ਦਾਖਲ ਕਰੋ**

ਬ੍ਰਾਂਡ ਮਾਈਕ੍ਰੋ ਅਤੇ ਨੈਨੋ ਪ੍ਰਭਾਵਕਾਂ 'ਤੇ ਵੱਡੇ ਪੱਧਰ 'ਤੇ ਜਾ ਰਹੇ ਹਨ, ਇਹਨਾਂ ਬਾਜ਼ਾਰਾਂ ਵਿੱਚ ਉਹਨਾਂ ਦੀ ਬੇਮਿਸਾਲ ਪ੍ਰਭਾਵ ਨੂੰ ਦੇਖਦੇ ਹੋਏ। ਉਹਨਾਂ ਦੀ ਸਮੱਗਰੀ ਸਥਾਨਕ ਦਰਸ਼ਕਾਂ ਲਈ ਵਧੇਰੇ ਸੰਬੰਧਿਤ ਅਤੇ ਭਰੋਸੇਯੋਗ ਹੈ। ਖਾਸ ਤੌਰ 'ਤੇ, 47 ਪ੍ਰਤੀਸ਼ਤ ਬ੍ਰਾਂਡ ਲਾਗਤ-ਪ੍ਰਭਾਵਸ਼ਾਲੀ ਮੁਹਿੰਮਾਂ ਅਤੇ ਬਿਹਤਰ ਸ਼ਮੂਲੀਅਤ ਲਈ ਮਾਈਕ੍ਰੋ ਅਤੇ ਨੈਨੋ ਪ੍ਰਭਾਵਕਾਂ ਨਾਲ ਸਹਿਯੋਗ ਕਰਨਾ ਪਸੰਦ ਕਰਦੇ ਹਨ।

**ਖੇਤਰੀ ਸਿਰਜਣਹਾਰਾਂ ਲਈ ਆਰਥਿਕ ਮੌਕੇ**

ਸਿਰਜਣਹਾਰ ਦੀ ਆਰਥਿਕਤਾ ਤੇਜ਼ੀ ਨਾਲ ਵੱਧ ਰਹੀ ਹੈ। ਮਾਰਕੀਟ ਦਾ ਆਕਾਰ 2023 ਤੋਂ 2030 ਤੱਕ 22 ਪ੍ਰਤੀਸ਼ਤ ਦੀ ਮਿਸ਼ਰਤ ਸਾਲਾਨਾ ਵਿਕਾਸ ਦਰ ਨਾਲ ਵਧਣ ਦੀ ਉਮੀਦ ਹੈ। ਇਹ ਵਿਕਾਸ ਦਰ ਖੇਤਰੀ ਸਿਰਜਣਹਾਰਾਂ ਲਈ ਮੌਜੂਦ ਮੌਕਿਆਂ ਦੀ ਬਹੁਤਾਤ ਦਾ ਸਬੂਤ ਹੈ, ਜਿਸ ਨਾਲ ਉਹ ਸਥਾਨਕ ਆਰਥਿਕਤਾ ਵਿੱਚ ਯੋਗਦਾਨ ਪਾਉਂਦੇ ਹੋਏ ਆਪਣੀ ਸਮੱਗਰੀ ਦਾ ਮੁਦਰੀਕਰਨ ਕਰਨ ਦੇ ਯੋਗ ਬਣਦੇ ਹਨ। ਸ਼ਾਨਦਾਰ ਵਿਕਾਸ ਦੇ ਬਾਵਜੂਦ, ਚੁਣੌਤੀਆਂ ਕਾਇਮ ਹਨ। ਛੋਟੇ ਕਸਬਿਆਂ ਵਿੱਚ ਬਹੁਤ ਸਾਰੇ ਸਿਰਜਣਹਾਰਾਂ ਨੂੰ ਉੱਚ-ਗੁਣਵੱਤਾ ਉਤਪਾਦਨ ਸਰੋਤਾਂ ਜਾਂ ਬ੍ਰਾਂਡ ਭਾਈਵਾਲੀ ਤੱਕ ਵਧੇਰੇ ਪਹੁੰਚ ਦੀ ਲੋੜ ਹੋ ਸਕਦੀ ਹੈ। ਹਾਲਾਂਕਿ, ਜਿਵੇਂ ਕਿ ਡਿਜੀਟਲ ਬੁਨਿਆਦੀ ਢਾਂਚੇ ਵਿੱਚ ਸੁਧਾਰ ਹੁੰਦਾ ਹੈ ਅਤੇ ਬ੍ਰਾਂਡ ਖੇਤਰੀ ਪ੍ਰਭਾਵਕਾਂ ਦੇ ਮੁੱਲ ਨੂੰ ਪਛਾਣਨਾ ਜਾਰੀ ਰੱਖਦੇ ਹਨ, ਇਹ ਰੁਕਾਵਟਾਂ ਦੂਰ ਹੋਣ ਦੀ ਸੰਭਾਵਨਾ ਹੈ। ਖੇਤਰੀ ਸਮੱਗਰੀ ਨਿਰਮਾਤਾਵਾਂ ਦਾ ਉਭਾਰ ਭਾਰਤ ਦੇ ਪ੍ਰਭਾਵਕ ਮਾਰਕੀਟਿੰਗ ਈਕੋਸਿਸਟਮ ਨੂੰ ਮੁੜ ਆਕਾਰ ਦੇ ਰਿਹਾ ਹੈ। ਸਥਾਨਕ ਭਾਸ਼ਾਵਾਂ ਅਤੇ ਸੱਭਿਆਚਾਰਾਂ ਵਿੱਚ ਟੈਪ ਕਰਕੇ, ਇਹ ਪ੍ਰਭਾਵਕ ਨਾ ਸਿਰਫ਼ ਆਪਣੇ ਨਿਸ਼ਾਨੇ ਵਾਲੇ ਦਰਸ਼ਕਾਂ ਤੱਕ ਬ੍ਰਾਂਡ ਸੰਦੇਸ਼ ਲੈ ਰਹੇ ਹਨ, ਸਗੋਂ ਦੇਸ਼ ਭਰ ਵਿੱਚ ਸਮੱਗਰੀ ਦੀ ਰਚਨਾ ਦਾ ਲੋਕਤੰਤਰੀਕਰਨ ਵੀ ਕਰ ਰਹੇ ਹਨ। ਖੇਤਰੀ ਸਮੱਗਰੀ ਸਿਰਜਣਹਾਰਾਂ ਦਾ ਉਭਾਰ ਭਾਰਤ ਦੇ ਪ੍ਰਭਾਵਕ ਮਾਰਕੀਟਿੰਗ ਲੈਂਡਸਕੇਪ ਨੂੰ ਬਦਲ ਰਿਹਾ ਹੈ। ਸਥਾਨਕ ਦਰਸ਼ਕਾਂ ਨਾਲ ਉਹਨਾਂ ਦੀਆਂ ਮੂਲ ਭਾਸ਼ਾਵਾਂ ਅਤੇ ਸੱਭਿਆਚਾਰਾਂ ਵਿੱਚ ਜੁੜ ਕੇ, ਇਹ ਪ੍ਰਭਾਵਕ ਬ੍ਰਾਂਡਾਂ ਦੀ ਪਹੁੰਚ ਨੂੰ ਗੈਰ-ਮੈਟਰੋ ਬਾਜ਼ਾਰਾਂ ਤੱਕ ਵਧਾ ਰਹੇ ਹਨ। ਜਿਵੇਂ ਕਿ ਖੇਤਰੀ ਸਮੱਗਰੀ ਦੀ ਖਪਤ ਵਧਦੀ ਹੈ, ਬ੍ਰਾਂਡ ਲਾਗਤ-ਪ੍ਰਭਾਵਸ਼ਾਲੀ, ਸੰਬੰਧਿਤ, ਅਤੇ ਭਰੋਸੇਮੰਦ ਰੁਝੇਵੇਂ ਨੂੰ ਪ੍ਰਾਪਤ ਕਰਨ ਲਈ ਮਾਈਕ੍ਰੋ ਅਤੇ ਨੈਨੋ ਪ੍ਰਭਾਵਕਾਂ ਨਾਲ ਵੱਧ ਤੋਂ ਵੱਧ ਭਾਈਵਾਲੀ ਕਰ ਰਹੇ ਹਨ।

# ਸ੍ਰ ਸੁਖਬੀਰ ਸਿੰਘ ਬਾਦਲ ਇਕੱਲੇ ਦਾ ਅਸਤੀਫਾ ਪ੍ਰਵਾਨ ਕਰਨਾ, ਸ੍ਰੀ ਅਕਾਲ ਤਖਤ ਦੇ ਹੁਕਮਾਂ ਦੀ ਸਰਾਸਰ ਉਲੰਘਣਾ !

"ਬੜੇ ਆਬਰੂ ਹੋ ਕਰ ਨਿਕਲੇ ਥੇ ਤੇਰੇ ਕੂਚੇ ਸੇ ਹਮ" ਇਹ ਲਾਈਨਾਂ ਸ੍ਰ ਸੁਖਬੀਰ ਸਿੰਘ ਬਾਦਲ ਤੇ ਇੰਨ ਬਿੰਨ ਢੁੱਕਦੀਆ ਨਜਰ ਆ ਰਹੀਆਂ ਹਨ। ਸ੍ਰ ਬਾਦਲ ਦੇ ਸਮਰੱਥਕਾਂ ਨੇ ਪਹਿਲਾਂ ਸ੍ਰ ਵਿਰਸਾ ਸਿੰਘ ਵਲਟੋਹਾ ਨੇ ਜੋਰ ਲਗਾ ਕੇ ਵੇਖ ਲਿਆ ਉਸ ਨੇ ਤਾਂ ਸ੍ਰੀ ਅਕਾਲ ਤਖਤ ਦੇ ਜਥੈਦਾਰਾਂ ਨੂੰ ਡਰਾ ਧਮਕਾ ਕੇ ਉਨਾਂ ਤੇ ਊਂਝਾ ਲਗਾ ਕੇ ਵੀ ਸਾਰਾ ਟਿੱਲ ਲਗਾ ਲਿਆ ਆਖਰ ਉਸ ਨਾਲ ਜੋ ਕੁਝ ਵਾਪਰਿਆ ਸ਼ਾਇਦ ਉਸ ਨੂੰ ਇਸ ਦੀ ਆਸ ਵੀ ਨਹੀਂ ਸੀ ਕਿ ਇਹੋ ਜਿਹਾ ਭਾਣਾ ਵੀ ਉਸ ਨਾਲ ਵਾਪਰ ਸਕਦਾ ਹੈ। ਇਸ ਤੋਂ ਵੀ ਵੱਧ ਆਪਣਾ ਵਕਾਰ ਬਾਦਲ ਦੱਲ ਦੇ ਮੁੱਖ ਸਲਾਹਕਾਰ ਡਾ ਦਲਜੀਤ ਸਿੰਘ ਚੀਮਾ ਨੇ ਗਵਾ ਲਿਆ ਹੈ। ਉਨਾਂ ਨੇ ਸਾਰੀ ਪ੍ਰੈੱਸ ਨਾਲ ਸੰਪਰਕ ਕਰਕੇ ਲੱਖ ਯਤਨ ਕੀਤਾ ਕਿ ਸ੍ਰ ਸੁਖਬੀਰ ਸਿੰਘ ਬਾਦਲ ਦੇ ਅਸਤੀਫੇ ਦੇਣ ਦੀ ਪ੍ਰਕਰਿਆ ਨੂੰ ਕਿਸੇ ਤਰਾਂ ਰੋਕਿਆ ਜਾ ਸਕੇ ਪਰ ਉਨਾਂ ਨੂੰ ਇਸ ਵਿੱਚ ਪੂਰੀ ਨਮੋਸ਼ੀ ਦਾ ਮੂੰਹ ਵੇਖਣਾ ਪਿਆ ਹੈ । ਲੋਕ ਤਾਂ ਇਹ ਵੀ ਆਖਣ ਲਗ ਪਏ ਹਨ ਕਿ ਬਾਦਲ ਦੱਲ ਦੀ ਤਾਂ ਉਹ ਗੱਲ ਹੈ ਕਿ ਉਮਿੱਠਾ ਮਿੱਠਾ ਹੜੱਪ ਤੇ ਕੌੜਾ ਕੌੜਾ ਥੂ" । 2 ਦਸੰਬਰ ਦੇ ਫੈਸਲੇ ਤੋਂ ਪਹਿਲਾਂ ਬਾਦਲ ਦਲ ਆਪਣੀ ਮਰਜੀ ਦੇ ਹੀ ਫੈਸਲੇ ਸ੍ਰੀ ਅਕਾਲ ਤੱਖਤ ਦੇ ਜਥੇਦਾਰਾਂ ਕੋਲੋਂ ਕਰਾਉਂਦੇ ਆ ਰਹੇ ਸਨ। ਜੋ ਸਾਰੇ ਮਿੱਠੇ ਹੀ ਹੁੰਦੇ ਸਨ। ਪਰ ਬਾਦਲ ਦੱਲ ਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਸਮਾਂ ਆਉਣ ਤੇ ਉਨਾਂ ਨੂੰ ਕੌੜੇ ਫੈਸਲੇ ਵੀ ਸੁਣਨੇ ਪੈ ਸਕਦੇ ਹਨ! ਸਿੱਖ ਪੰਥ ਬੜਾ ਹੈਰਾਨ ਹੈ ਕਿ ਇਹ ਉਹ ਹੀ ਬਾਦਲ ਅਕਾਲੀ ਦੱਲ ਹੈ ਜਿਹੜਾ ਸ੍ਰੀ ਅਕਾਲ ਤੱਖਤ ਸਾਹਿਬ ਦੀ ਮਹਾਨਤਾ ਨੂੰ ਸਰਬ ਉੱਚ ਕਹਿੰਦਾ ਹੋਇਆ, ਹੋਰਨਾਂ ਨੂੰ ਉਸ ਦੇ ਹੁਕਮਾਂ ਨੂੰ ਇਲਾਹੀ ਹੁਕਮ ਜਾਣ ਕੇ ਮੰਨਣ ਦੀਆਂ ਸਲਾਹਾਂ ਦੇਂਦਾ ਨਹੀਂ ਸੀ ਥੱਕਦਾ। ਪਰ ਜਦੋਂ ਹੁਣ ਆਪ ਇਸੇ ਬਾਦਲ ਦੱਲ ਦੇ ਆਗੂਆਂ ਨੂੰ ਸ੍ਰੀ ਅਕਾਲ ਤੱਖਤ ਸਾਹਿਬ ਦੇ ਹੁਕਮਾਂ ਨੂੰ ਮੰਨਣ ਦੀ ਵਾਰੀ ਆਈ। ਕੀ ਕੁਝ ਪਾਪੜ ਵੇਲ ਰਿਹਾ ਹੈ? ਇਸ ਸਭ ਵਰਤਾਰੇ ਨੂੰ ਸੰਸਾਰ ਦਾ ਸਿੱਖ ਜਗਤ ਬੜੀ ਨੀਝ ਨਾਲ ਵੇਖਦਾ ਆ ਰਿਹਾ ਹੈ। ਸ੍ਰੀ ਅਕਾਲ ਤੱਖਤ ਸਾਹਿਬ ਵਲੋਂ ਜਿਹੜਾ ਹੁਕਮ 2 ਦਸੰਬਰ 2024 ਨੂੰ ਸ੍ਰੀ ਅਕਾਲ ਤੱਖਤ ਸਾਹਿਬ ਦੀ ਫਸੀਲ ਤੋਂ ਸੁਣਾਇਆ ਗਿਆ ਸੀ ਕਿ ਸ੍ਰ ਸੁਖਬੀਰ ਸਿੰਘ ਬਾਦਲ ਤੇ ਹੋਰ ਆਗੂਆਂ ਜਿਨਾਂ ਨੇ ਅਸ਼ਤੀਫੇ ਦਿੱਤੇ ਹਨ ਉਨਾਂ ਨੂੰ ਵਰਕਿੰਗ ਕਮੇਟੀ ਤਿੰਨ ਦਿਨ ਵਿੱਚ ਸਵੀਕਾਰ ਕਰਕੇ ਸ੍ਰੀ ਅਕਾਲ ਤੱਖਤ ਸਾਹਿਬ ਨੂੰ ਸੂਚਿਤ ਕਰੇ ਸਿੱਖ ਜਗਤ ਹੁਣ ਆਪ ਹੀ ਫੈਸਲਾ ਕਰ ਸਕਦਾ ਹੈ ਕਿ ਬਾਦਲ ਦੱਲ ਵਾਲੇ ਸ੍ਰੀ ਅਕਾਲ ਤੱਖਤ ਦੇ ਸਨਮੁੱਖ ਕਿੰਨੇ ਕੁ ਸੁਹਿਰਦ ਹਨ! ਸ੍ਰੀ ਅਕਾਲ ਤੱਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਫਸੀਲ ਤੋਂ ਇਹ ਫੈਸਲਾ ਵੀ ਸੁਣਾ ਚੁੱਕੇ ਹਨ ਕਿ ਸ਼੍ਰੋਮਣੀ ਅਕਾਲੀ ਦੱਲ ਆਪਣੇ ਦਸ ਸਾਲ ਦੇ ਰਾਜ ਕਾਲ ਦੌਰਾਨ ਜਿਹੜੇ ਵੱਡੇ ਗੁਨਾਹ ਕੀਤੇ ਹਨ ਉਨਾਂ ਕਾਰਨ ਉਹ ਪੰਜਾਬ ਵਿੱਚ ਆਪਣਾ ਅਧਿਕਾਰਤ ਤੌਰਤੇ ਅਧਾਰ ਖੋਹ ਚੁੱਕੇ ਹਨ। ਇਸ ਲਈ ਬਾਗੀ ਤੇ ਦਾਗੀ ਦੋਵੇਂ ਆਪਣੇ ਚੁੱਲੇ ਸਮਾਪਤ ਕਰਨ ਦੇ ਨਾਲ ਉਨਾਂ ਨੇ ਅਕਾਲੀ ਦੱਲ ਦੇ ਮੁੜ ਨਿਰਮਾਣ ਕਰਨ ਹਿੱਤ ਇਕ ਸੱਤ ਮੈਂਬਰੀ ਕਮੇਟੀ ਵੀ ਬਣਾਈ ਸੀ ਜਿਸ ਨੂੰ ਆਦੇਸ਼ ਦਿੱਤੇ ਸਨ ਕਿ ਸੰਵਿਧਾਨ ਮੁਤਾਬਿਕ ਇਹ ਕਮੇਟੀ ਨਿਯਮਤ ਰੂਪ ਵਿੱਚ ਆਪਣੀ ਅਧਾਰ ਕਾਰਡ ਦੇ ਅਧਾਰ ਤੇ ਮੈਂਬਰਸ਼ਿਪ ਕਰਕੇ ਲੀਡਰਸ਼ਿਪ ਦੀ ਚੋਣ ਕਰਨਗੇ।ਪਰ ਬਾਦਲ ਦੱਲ ਦੇ ਆਗੂਆਂ ਨੇ ਸੱਤ ਮੈਂਬਰੀ ਕਮੇਟੀ ਨੂੰ ਦਰ ਕਿਨਾਰ ਕਰਕੇ ਆਪਣੇ ਤੌਰਤੇ ਚੁੱਲਿਆਂ ਦੀ ਸਮਾਪਤੀ ਕਰਨ ਦੀ ਥਾਂ ਤੇ ਬਾਗੀਆਂ ਨੂੰ ਆਪਣੇ ਵਿੱਚ ਸ਼ਾਮਲ ਨਹੀਂ ਕੀਤਾ। ਇਹ ਹੀ ਨਹੀਂ ਬੀਬੀ ਸੱਤਵੰਤ ਕੌਰ ਜਿਨਾਂ ਦੀ ਇਕ ਮੈਂਬਰ ਵਜੋਂ ਆਪਣੇ ਵਲੋਂ ਪਾਇਆ ਸੀ ਬਾਦਲ ਦੱਲ ਦੇ ਆਗੂਆ ਨੂੰ ਇਹ ਕਹਿ ਕੇ ਅਸਵੀਕਾਰ ਕਰ ਦਿੱਤਾ ਹੈ ਕਿ ਉਹ ਸ਼੍ਰੋਮਣੀ ਕਮੇਟੀ ਦੀ ਮੁਲਾਜਮ ਹੈ ਇਸ ਕਰਕੇ ਉਸ ਨੂੰ ਵੀ ਕਮੇਟੀ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਦਾ। ਇਹ ਹੀ ਨਹੀਂ ਬਲਕਿ ਸ੍ਰੀ ਅਕਾਲ ਤੱਖਤ ਸਾਹਿਬ ਦੇ ਹੁਕਮਾਂ ਦੀ ਘੋਰ ਉਲੰਘਣਾ ਕਰਦੇ ਹੋਏ ਛੇ ਮਹੀਨੇ ਵਿੱਚ ਅਕਾਲੀ ਦੱਲ ਦੀ ਮੈਬਰਸ਼ਿਪ ਕਰਨ ਦੀ ਥਾਂ ਤੇ ਬਾਦਲਾਂ ਨੇ ਆਪਣਾ ਹੁਕਮ ਹੀ ਲਾਗੂ ਕਰਕੇ 20 ਜਨਵਰੀ ਨੂੰ ਮੈਂਬਰਸ਼ਿਪ ਸ਼ੁਰੂ ਕਰ ਕੇ 20 ਫਰਵਰੀ ਤਕ ਕਰਕੇ ਭਾਵ ਇਕ ਮਹੀਨੇ ਵਿੱਚ 20 ਲੱਖ ਮੈਂਬਰਸ਼ਿਪ ਕਰਨੀ ਦੱਸੀ ਜਾ ਰਹੀ ਹੈ। ਜੋ ਇਸ ਗੱਲ ਦਾ ਪ੍ਰਗਟਾਵਾ ਕਰ ਰਿਹਾ ਹੈ ਕਿ ਇਹ ਕਿਸ ਤਰਾਂ ਦੀ ਮੈਂਬਰਸ਼ਿਪ ਹੋਵੇਗੀ ? ਰੌਲਾ ਇਹ ਪਾਇਆ ਜਾ ਰਿਹਾ ਹੈ ਕਿ ਜੇਕਰ ਅਸੀ ਸ੍ਰੀ ਅਕਾਲ ਤੱਖਤ ਦੇ ਹੁਕਮਾਂ ਨੂੰ ਮੰਨਦੇ ਹਾਂ ਤਾਂ ਸ਼੍ਰੋਮਣੀ ਅਕਾਲੀ ਦੱਲ ਦੀ ਚੋਣ ਕਮਿਸ਼ਨ ਵਲੋਂ ਮਾਨਤਾ ਰੱਦ ਕਰ ਦਿੱਤੀ ਜਾਵੇਗੀ ਦਾ ਕੂੜ੍ਹ ਪ੍ਰਚਾਰ ਕੀਤਾ ਜਾ ਰਿਹਾ ਹੈ। ਜਿਸ ਨੂੰ ਸਿੱਖ ਜਗਤ ਤੇ ਪੰਜਾਬੀ ਬੜੀ ਚੰਗੀ ਤਰਾਂ ਸਮਝ ਰਿਹਾ ਹੈ ਕਿ ਸ੍ਰ ਸੁਖਬੀਰ ਸਿੰਘ ਬਾਦਲ ਤੇ ਉਸ ਦੇ ਗੁਣਗਾਣ ਕਰਨ ਵਾਲਾ ਸਾਰਾ ਗਰੁੱਪ ਜਿਨਾਂ ਕੋਲ ਹਮੇਸ਼ਾ ਹੀ ਗੱਦੀ ਰਹੀ ਹੈ ਉਹ ਗੱਦੀ ਨੂੰ ਕਿਸੇ ਹਾਲਤ ਵਿੱਚ ਨਹੀਂ ਛੱਡਣਾ ਚਾਹੁੰਦੇ ਹਨ। ਇਸ ਸਾਰੇ ਗਰੁੱਪ ਨੇ ਰਾਜ ਭਾਗ ਨੂੰ ਆਪਣੇ ਹੱਥ ਵਿੱਚ ਰੱਖ ਕੇ ਰੱਜ ਕੇ ਧੰਨ ਕਮਾਇਆ ਹੈ। ਇਨਾਂ ਨੇ ਰਾਜਨੀਤੀ ਨੂੰ ਜਬਾਨੀ ਕਲਾਮੀ ਲੋਕ ਸੇਵਾ ਦੱਸ ਕੇ ਸਿਵਾਏ ਧੰਨ ਕਮਾਉਣ ਤੋਂ ਹੋਰ ਕੁਝ ਨਹੀਂ ਕੀਤਾ ਹੈ। ਬਾਦਲ ਦੱਲ ਕੋਈ ਇਕ ਵੀ ਪ੍ਰਾਪਤੀ ਦੱਸ ਸਕਦਾ ਹੈ ਜੋ ਸ੍ਰ ਪ੍ਰਕਾਸ਼ ਸਿੰਘ ਬਾਦਲ ਜਿਨਾਂ ਨੂੰ ਪੰਜਾਬ ਦੇ ਪੰਜ ਵਾਰੀ ਦੇ ਮੁੱਖ ਮੰਤਰੀ ਕਹਿ ਕੇ ਮਾਣ ਨਾਲ ਸਿਰ ਉੱਚਾ ਹੋਇਆ ਦਸਦੇ ਹਨ।ਪੰਜਾਬ ਦੇ ਸਾਰੇ ਮਸਲੇ ਚਾਹੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦਾ ਮਸੱਲਾ ਹੈ ਜਾਂ ਫਿਰ ਪਾਣੀਆ, ਡੈਮਾਂ ਦਾ ਮਸਲਾ ਹੈ ਜਾਂ ਫਿਰ ਪੰਜਾਬੋਂ ਬਾਹਰ ਰਹਿ ਗਏ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿੱਚ ਸ਼ਾਮਲ ਕਰਾਉਣ ਦਾ ਮਸੱਲਾ ਹੈ।




ਇਸ ਲੇਖ ਦਾ ਲੇਖਕ ਕਈ ਦਹਾਕਿਆਂ ਤਕ ਖਾਲਸੇ ਦੀ ਜਨਮ ਭੂਮੀ ਉਸ੍ਰੀ ਅਨੰਦਪੁਰ ਸਾਹਿਬ" ਤੋਂ ਪੰਜਾਬ ਦੀਆਂ ਸ਼੍ਰੋਮਣੀ 'ਅਖਬਾਰਾਂ ਦਾ ਪ੍ਰਤੀਨਿੱਧ' ਰਿਹਾ ਹੈ। ਕਈ ਵਾਰ ਅਕਾਲੀ ਆਗੂਆਂ ਤੇ ਸੁਆਲ ਕਰਕੇ ਪੁਛਿਆ ਜਾਂਦਾ ਰਿਹਾ ਹੈ ਚਾਹੇ ਮੁੱਖ ਮੰਤਰੀ ਸ੍ਰ ਪ੍ਰਕਾਸ਼ ਸਿੰਘ ਬਾਦਲ ਸਨ ਜਾਂ ਹੋਰ ਅਕਾਲੀ ਆਗੂ ਇਹ ਸਭ ਚੰਡੀਗੜ੍ਹ ਨੂੰ ਲੈਣ ਦੀ ਥਾਂ ਤੇ ਉਸ ਨੂੰ 'ਚਿੱਟਾ ਹਾਥੀ' ਦੱਸ ਕੇ ਇਸ ਨੂੰ ਲੈਣ ਤੋਂ ਕਿਨਾਰਾਕਸ਼ੀ ਕਰਦੇ ਰਹੇ ਸਨ। ਇਹ ਹੀ ਨਹੀਂ ਜਦੋਂ ਇਨਾਂ ਨਾਲ ਪੰਜਾਬ ਦੇ ਮਸੱਲਿਆ ਬਾਰੇ ਗੱਲ ਕੀਤੀ ਜਾਦੀ ਤਾਂ ਸ੍ਰ ਸੁਖਦੇਵ ਸਿੰਘ ਢੀਂਡਸਾ ਸਮੇਤ ਅਕਾ਼ਲੀ ਆਗੂਆਂ ਦਾ ਇਹ ਹੀ ਕਹਿੰਦੇ ਹੁੰਦੇ ਸਨ ਕਿ ਕੇਂਦਰ ਦੀ ਸਰਕਾਰ ਵਿੱਚ 26 ਪਾਰ-ਟੀਆਂ ਦਾ ਸੰਗ੍ਰਹਿ ਹੈ ਪੰਜਾਬ ਦੇ ਮਸਲੇ ਲਿਆ ਕੇ ਅਸੀਂ ਕੇਂਦਰ ਦੀ ਸਰਕਾਰ ਤੁੜਵਾ ਦੇਈਏ ਜੋ ਇਹ ਸਪਸ਼ਟ ਦੱਸ ਰਿਹਾ ਹੈ ਕਿ ਇਹ ਗੱਦੀ ਨਾਲ ਹੀ ਚਿੰਬੜੇ ਰਹੇ ਹਨ। ਕੀ ਬੀਬੀ ਹਰਸਿਮਰਤ ਕੌਰ ਬਾਦਲ ਦੱਸ ਸਕਦੇ ਹਨ ਕਿ ਉਨਾਂ ਨੇ ਪੰਜਾਬ ਦਾ ਕਿਹੜਾ ਮਸੱਲਾ ਆਪਣੀ ਕੇਂਦਰੀ ਕੈਬਨਿਟ ਮੰਤਰੀ ਹੁੰਦਿਆਂ ਹੱਲ ਕਰਾਇਆ ਹੈ? ਇਥੇ ਇਹ ਜਿਕਰ ਕਰਨਾ ਵੀ ਬਣਦਾ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਇਕ ਵਾਰੀ ਸਿਰਕੱਢ ਪੰਜਾਬੀ ਦੀ ਅਖਬਾਰ ਦੇ ਸਮਾਗਮ ਦੌਰਾਨ ਬਤੌਰ ਮੁੱਖ ਮਹਿਮਾਨ ਜਲੰਧਰ ਵਿਖੇ ਆਏ ਸਨ। ਉਥੇ ਉਸ ਸਟੇਜ ਤੇ ਪੰਜਾਬ ਦੇ ਮੁੱਖ ਮੰਤਰੀ ਸ੍ਰ ਪ੍ਰਕਾਸ਼ ਸਿੰਘ ਬਾਦਲ ਵੀ ਹਾਜਰ ਸਨ।

ਇਨਾਂ ਦੀ ਹਾਜਰੀ ਵਿੱਚ ਡਾ ਮਨਮੋਹਨ ਸਿੰਘ ਨੇ ਕਿਹਾ ਸੀ ਕਿ ਸ੍ਰ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਮੇਰੇ ਕੋਲ ਆਪਣੇ ਨਿੱਜੀ ਮੱਸਲੇ ਲੈ ਕੇ ਦਿੱਲੀ ਆਉਂਦੇ ਸਨ ਜੋ ਸਾਰੇ ਹੱਲ ਕਰਵਾ ਕੇ ਚਲੇ ਜਾਂਦੇ ਸਨ ਇਨਾਂ ਨੇ ਕਦੇ ਵੀ ਪੰਜਾਬ ਦਾ ਇਕ ਵੀ ਮਸੱਲਾ ਉਨਾਂ ਦੇ ਧਿਆਨ ਵਿੱਚ ਨਹੀਂ ਲਿਆਂਦਾ। ਡਾ ਮਨਮੋਹਨ ਸਿੰਘ ਦਾ ਇਹੋ ਜਿਹਾ ਬਿਆਨ ਅਖਬਾਰਾਂ ਵਿੱਚ ਬਹੁਤ ਸਾਰੇ ਦੇਸ਼ ਵਾਸੀਆਂ ਨੇ ਸੁਣਿਆ ਹੋਵੇਗਾ ਪੰਜਾਬ ਦੇ ਨਾਲ ਦੇਸ਼ ਦੀ ਪ੍ਰੈੱਸ ਦੇ ਕਈ ਜਾਣੇ ਪਛਾਣੇ ਤੇ ਸਿਰਕੱਢ ਪੱਤਰਕਾਰ ਵੀ ਕਈ ਵਾਰੀ ਇਸ ਦਾ ਜਿਕਰ ਕਰ ਚੁੱਕੇ ਹਨ, ਇਸ ਤੋਂ ਵੱਡੀਆਂ ਹੋਰ ਕਿਹੜੀਆ ਉਦਾਹਰਣਾਂ ਇਸ ਬਾਦਲ ਦਲ ਸਾਹਮਣੇ ਹੋ ਸਕਦੀਆਂ ਹਨ ਕਿ ਇਹ ਪੰਜਾਬ ਦੇ ਮਸੱਲਿਆਂ ਪ੍ਰਤੀ ਕਿੰਨੇ ਕੁ ਸੁਹਿਰਦ ਸਨ ? ਸੰਸਾਰ ਦਾ ਸਿੱਖ ਜਗਤ ਹੈਰਾਨ ਹੈ ਕਿ ਇਹ ਬਾਦਲ ਦੱਲ ਵਾਲੇ ਲੋਕਾਂ ਦੀ ਰਮਜ ਨੂੰ ਕਿਉਂ ਨਹੀਂ ਸਮਝ ਰਹੇ? ਉਨਾਂ ਦਾ ਕਹਿਣਾ ਹੈ ਕਿ ਪੰਜਾਬ ਦਾ ਸ਼ਾਇਦ ਹੀ ਕੋਈ ਟੀ ਵੀ ਚੈਨਲ ਹੋਵੇਗਾ ਜੋ ਬਾਦਲਾਂ ਦੀ ਰਾਜਨੀਤਕ ਹਾਲਤ ਬਾਰੇ ਨਾ ਦਸ ਰਿਹਾ ਹੋਵੇ ਉਹ ਤਾਂ ਇਹ ਕਹਿ ਚੁੱਕਾ ਹੈ ਕਿ 2017, 2022 ਤੇ 2024 ਦੀਆ ਚੋਣਾਂ ਵਿੱਚ ਉਨਾਂ ਦੀ ਕੀ ਸਥਿੱਤੀ ਰਹੀ ਹੈ? ਪੰਜਾਬੀ ਤੇ ਵਿਸ਼ੇਸ਼ ਕਰਕੇ ਸਿੱਖਾਂ ਨੇ ਮੁੱਢੋਂ ਸੁਢੋਂ ਇਨਾਂ ਨੂੰ ਨਕਾਰ ਦਿੱਤਾ ਹੈ। ਚਾਹੀਦਾ ਤਾਂ ਇਹ ਸੀ ਕਿ ਇਹ ਆਗੂ ਜਿਵੇਂ ਸ੍ਰੀ ਅਕਾਲ ਤੱਖਤ ਨੇ ਆਦੇਸ਼ ਦਿੱਤੇ ਹਨ ਉਨਾਂ ਨੂੰ ਖਿੜ੍ਹੇ ਮੱਥੇ ਪ੍ਰਵਾਨ ਕਰਦੇ ਹੋਏ ਕੁਝ ਚਿਰ ਲਈ ਪੰਜਾਬ ਦੀ ਨਵੀਂ ਲੀਡਰਸ਼ਿਪ ਨੂੰ ਅੱਗੇ ਆਉਣ ਦਿੰਦੇ ਉਨਾਂ ਚਿਰ ਪੰਜਾਬ ਦੇ ਲੋਕਾਂ ਵਿੱਚ ਆਪਣਾ ਵਿਸ਼ਵਾਸ਼ ਬਣਾਉਂਦੇ ਇਹ ਕਹਿੰਦੇ ਕਿ ਉਨਾਂ ਨੇ ਆਪਣੀਆ ਗਲਤੀਆਂ ਤੋਂ ਸਬਕ ਸਿੱਖ ਲਿਆ ਹੈ ਅਗਾਊਂ ਅਜਿਹੀਆਂ ਗਲਤੀਆਂ ਨਹੀਂ ਕਰਨਗੇ ਪਰ ਇਹਨਾਂ ਨੇ ਤਾਂ ਭਾਜਪਾ ਤੋਂ ਹਾਲੇ ਤਕ ਕੋਈ ਸਬਕ ਨਹੀਂ ਸਿਖਿਆ ਜਿਸ ਨੇ ਇਹੋ ਜਿਹੀਆਂ ਉਨਾਂ ਤੋਂ ਗਲਤੀਆ ਕਰਾਈਆਂ ਹਨ ਕਿ ਇਹ ਹੀ ਅਕਾਲੀ ਪਾਰਟੀ ਜਿਹੜੀ ਪੰਜਾਬ ਦੀ ਖੇਤਰੀ ਪਾਰਟੀ ਹੁੰਦਿਆਂ ਪੰਜਾਬ ਵਿੱਚ ਰਾਜ ਕਰਦੀ ਰਹੀ ਹੈ। ਇਸੇ ਭਾਜਪਾ ਦੀਆ ਚੁਸਤੀਆਂ ਚਲਾਕੀਆ ਨੇ ਇਨਾਂ ਨੂੰ ਸਤਾਹੀਨ ਤਾਂ ਕੀਤਾ ਹੀ ਬਲਕਿ ਪੰਜਾਬੀ ਵਿੱਚੋਂ ਇਨਾਂ ਦੀ ਪਾਰਟੀ ਤਕ ਦਾ ਵੀ ਭੋਗ ਪਵਾ ਦਿੱਤਾ ਹੈ। ਇਨਾਂ ਨੁਕਸਾਨ ਕਰਾਉਣ ਦੇ ਬਾਵਜੂਦ ਹਾਲੇ ਵੀ ਭਾਜਪਾ ਨਾਲ ਸਮਝੌਤਾ ਕਰਨ ਦੇ ਸੁਪਨੇ ਲੈ ਰਹੇ ਹਨ।




ਜੰਗ ਸਿੰਘ ਮਰਸਡ (ਅਮਰੀਕਾ)
+1 415 603 7380

ਇਸੇ ਕਰਕੇ ਇਹ ਆਪਣੇ ਢੰਗ ਨਾਲ ਸ੍ਰੀ ਅਕਾਲ ਤੱਖਤ ਦੇ ਹੁਕਮਾਂ ਦੇ ਵਿਰੁੱਧ ਜਾ ਕੇ ਆਪਣੇ ਢੰਗ ਨਾਲ ਚੋਣਾਂ ਕਰਾ ਕੇ ਮੁੜ੍ਹ ਲੀਡਰੀ ਹਾਸਲ ਕਰਨਾ ਚਾਹੁੰਦੇ ਹਨ ਤੇ ਸਮਝਦੇ ਹਨ ਕਿ ਸ਼ਾਇਦ ਭਾਜਪਾ ਨਾਲ ਸਮਝੌਤਾ ਕਰਕੇ ਉਨਾਂ ਦਾ ਪਾਰ ਉਤਾਰਾ ਹੋ ਜਾਵੇਗਾ ਉਹ ਮੁੜ ਪੰਜਾਬ ਦੀ ਰਾਜ ਗੱਦੀ ਸੰਭਾਲ ਲੈਣਗੇ ਜੋ ਕਿ ਉਹ ਮੂਰਖਾਂ ਦੀ ਦੁਨੀਆ ਵਿੱਚ ਵੱਸ ਰਹੇ ਹਨ। ਇਨਾਂ ਬਾਦਲ ਦੱਲੀਆਂ ਨੂੰ ਕੰਧ ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਸਿੱਖ ਪੰਥ ਤੁਹਾਨੂੰ ਪੰਜਾਬ ਵਿੱਚ ਕਿਸੇ ਹਾਲਤ ਵਿੱਚ ਸਵੀਕਾਰਨ ਵਾਲਾ ਨਹੀਂ ।

ਸ੍ਰੀ ਅਕਾਲ ਤੱਖਤ ਦੇ ਹੁਕਮਾਂ ਦੀ ਅਵੱਗਿਆ ਕਰਕੇ ਇਹ ਆਪਣੇ ਪੈਰੀਂ ਆਪ ਹੀ ਕੁਹਾੜਾ ਮਾਰ ਰਹੇ ਹਨ! ਇਸ ਨਾਜੁਕ ਸਥਿੱਤੀ ਵਿੱਚ ਹਰੇਕ ਪੰਜਾਬ ਹਿਤੈਸ਼ੀ ਚਾਹੇ ਉਹ ਅਕਾਲੀ ਦੱਲਾਂ ਦੇ ਆਗੂ ਹਨ ਚਾਹੇ ਪੰਜਾਬ ਦੇ ਬੁੱਧੀਜੀਵੀ ਜਾਂ ਫਿਰ ਪੰਜਾਬ ਦੇ ਚਿੰਤਕ ਹਨ ਸਭ ਦੀ ਜਿੰਮੇਵਾਰੀ ਬਣ ਗਈ ਕਿ ਉਹ ਸਾਰੇ ਗੁੱਸੇ ਗਿਲੇ ਭੁਲਾ ਕੇ ਸਿਰ ਜੋੜ੍ਹ ਕੇ ਬੈਠਣ ਤੇ ਪੰਜਾਬ ਵਿੱਚ ਅਜਿਹੀ ਪਾਰਟੀ ਦਾਗਠਨ ਕਰਨ ਜੋ ਪੰਜਾਬ ਦਾ ਸਰਬ ਪੱਖੀ ਭਲਾ ਕਰ ਸਕਣ ਦੇ ਸਮਰੱਥ ਹੋਵੇ ।

# ਰੂਪ ਸਤਵੰਤ ਦਾ 'ਵਾਕਫ਼ੀਅਤ' (ਸ.ਫ਼ਰ ਸਿ.ਫ਼ਰਾਂ ਦਾ) ਬਹੁ-ਰੰਗਾ ਕਾਵਿ ਸੰਗ੍ਰਹਿ

ਰੂਪ ਸਤਵੰਤ ਦਾ 'ਵਾਕਫ਼ੀਅਤ' (ਸਫ਼ਰ ਸਿਫ਼ਰਾਂ ਦਾ) ਪਲੇਠਾ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਵਿੱਚ 42 ਖੁਲ੍ਹੀਆਂ ਬਹੁ-ਰੰਗੀ ਤੇ ਅਤੇ ਬਹੁ-ਮੰਤਵੀ ਕਵਿਤਾਵਾਂ ਹਨ। ਇਹ ਕਵਿਤਾਵਾਂ ਕਵੀ ਨੇ ਜਲਦਬਾਜ਼ੀ ਵਿੱਚ ਨਹੀਂ ਸਗੋਂ ਸਹਿਜਤਾ ਨਾਲ 2002 ਤੋਂ ਲਿਖਣੀਆਂ ਸ਼ੁਰੂ ਕੀਤੀ ਤੇ 21 ਸਾਲ ਦੇ ਸਮੇਂ ਵਿੱਚ ਲਿਖਕੇ 2023 ਵਿੱਚ ਪੁਸਤਕ ਦੇ ਰੂਪ ਵਿੱਚ ਪ੍ਰਕਾਸ਼ਤ ਕੀਤੀਆਂ ਹਨ। ਇਹ ਕਵਿਤਾਵਾਂ ਮਨੁੱਖ ਦੇ ਮਨ ਵਿੱਚ ਕੀ ਉਥਲ ਪੁਥਲ ਹੋ ਰਹੀ ਹੈ, ਉਸਦਾ ਪ੍ਰਗਟਾਵਾ ਕਰਦੀਆਂ ਹਨ, ਭਾਵ ਮਨੁੱਖ ਦੀ ਮਾਨਸਿਕਤਾ ਨੂੰ ਦ੍ਰਿਸ਼ਟਮਾਨ ਕਰਦੀਆਂ ਹਨ। ਇਨ੍ਹਾਂ ਕਵਿਤਾਵਾਂ ਵਿੱਚ ਸ਼ਾਇਰ ਨੇ ਦਰਸਾਇਆ ਹੈ ਕਿ ਮਨੁੱਖੀ ਮਨ ਬੜਾ ਚੰਚਲ ਹੈ, ਇਹ ਗਿਰਗਿਟ ਦੀ ਤਰ੍ਹਾਂ ਰੰਗ ਬਦਲਦਾ ਰਹਿੰਦਾ ਹੈ। ਕਵੀ ਦੇ ਵਿਸ਼ੇ ਵੀ ਬਹੁਤੇ ਸਮਾਜਿਕਤਾ ਨਾਲ ਸੰਬੰਧਤ ਹਨ। ਇਹ ਬੜੀ ਹੈਰਾਨੀ ਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਕਵੀ ਨੇ ਛੋਟੀ ਜਹੀ ਪੁਸਤਕ ਵਿੱਚ ਹੀ ਬਹੁਤ ਸਾਰੇ ਸੰਜੀਦਾ ਵਿਸ਼ਿਆਂ ਨੂੰ ਕਾਵਿਕ ਰੂਪ ਦੇ ਕੇ ਸਮਾਜ ਨੂੰ ਸਮਾਜਿਕ ਬੁਰਾਈਆਂ ਵਿਰੁੱਧ ਲਾਮਬੰਦ ਹੋਣ ਲਈ ਤਾਕੀਦ ਕੀਤੀ ਹੈ। ਕੁਦਰਤ ਦੀ ਕਾਇਨਾਤ ਨੂੰ ਵੀ ਆਪਣੀਆਂ ਕਵਿਤਾਵਾਂ ਦੇ ਵਿਸ਼ੇ ਬਣਾਇਆ ਹੈ। ਸ਼ਾਇਰ ਸਮਾਜ ਵਿੱਚ ਵਾਪਰ ਰਹੀਆਂ ਗ਼ੈਰ ਸਮਾਜੀ ਘਟਨਾਵਾਂ ਤੋਂ ਵੀ ਪ੍ਰਭਾਵਤ ਹੋ ਕੇ ਉਨ੍ਹਾਂ ਬਾਰੇ ਕਵਿਤਾਵਾਂ ਲਿਖਦਾ ਹੈ। ਭਾਵੇਂ ਕਵੀ ਖੁਲ੍ਹੀਆਂ ਕਵਿਤਾਵਾਂ ਲਿਖਦਾ ਹੈ ਪ੍ਰੰਤੂ ਇਨ੍ਹਾਂ ਦੇ ਵਿਸ਼ੇ ਬੜੇ ਸੰਜੀਦਾ ਹੁੰਦੇ ਹਨ। ਰੂਪ ਸਤਵੰਤ ਦੀਆਂ ਲਗਪਗ ਸਾਰੀਆਂ ਕਵਿਤਾਵਾਂ ਸਿੰਬਾਲਿਕ, ਭਾਵਕਤਾ ਵਿੱਚ ਲਵਰੇਜ ਅਤੇ ਸੰਜੀਦਗੀ ਵਾਲੀਆਂ ਹਨ। ਕਿਸੇ ਕਵਿਤਾ ਵਿੱਚ ਉਸਨੇ ਸਿੱਧੀ ਗੱਲ ਨਹੀਂ ਕੀਤੀ, ਸਗੋਂ ਕਿਸੇ ਸਥਿਤੀ ਨੂੰ ਆਧਾਰ ਬਣਾਕੇ ਲਿਖਦਾ ਹੈ। ਉਸਦੀ ਇਹ ਵੀ ਕਮਾਲ ਹੈ ਕਿ ਉਹ ਆਪਣੀਆਂ ਕਵਿਤਾਵਾਂ ਵਿੱਚ ਪੰਜਾਬੀ ਦਿਹਾਤੀ ਵਿਰਾਸਤ ਦੀਆਂ ਵਸਤਾਂ ਨੂੰ ਮਾਧਿਅਮ ਬਣਾਕੇ ਉਨ੍ਹਾਂ ਰਾਹੀਂ ਆਪਣੀ ਗੱਲ ਕਹਿੰਦਾ ਹੈ। ਉਸਦੀ ਸ਼ਬਦਾਵਲੀ ਠੇਠ ਮਲਵਈ ਤੇ ਪਿੰਡਾਂ ਵਿੱਚ ਵਰਤੀ ਜਾਣ ਵਾਲੀ ਹੈ। ਕਿਤੇ ਉਹ ਚੁਬਾਰੇ, ਹੰਝੂਆਂ, ਲੰਬੜਾਂ, ਖੱਬਲ, ਕਾਂਡੀਆਂ, ਮਝੋਲਿਆਂ, ਜ਼ਰੀਆਂ, ਗੋਟੀਆਂ, ਮੋਠਾਂ ਦੀ ਦਾਲ, ਮੁੰਗਫਲੀ, ਕੰਧੋਲੀ, ਟੋਕੇ ਆਲੀ ਮਸ਼ੀਨ, ਸੇਵੀਂਆਂ, ਦਰੀਆਂ, ਟਾਹਲੀਆਂ, ਕਿਕਰਾਂ, ਪਿਪਲਾਂ, ਬੋਹੜਾਂ, ਬਰ੍ਹੋਟਿਆਂ, ਜਾਮਣ, ਡਾਕਰ ਜ਼ਮੀਨ, ਕਿਆਰੀਆਂ, ਨਰਮੇ ਅਤੇ ਕਪਾਹ ਦੀਆਂ ਫ਼ਸਲਾਂ ਆਦਿ ਦੀ ਗੱਲ ਕਰਦਾ ਹੈ। ਉਸਦੀ ਪਹਿਲੀ ਕਵਿਤਾ 'ਪਹਿਲਾ ਦਰਸ਼..' ਮਾਈ ਦੌਲਤਾਂ ਨੂੰ ਸਮਰਪਤ ਕੀਤੀ ਹੈ, ਜਿਸਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਸਾਰ ਵਿੱਚ ਪ੍ਰਗਟ ਹੋਣ ਸਮੇਂ ਆਪਣੀ ਜ਼ਿੰਮੇਵਾਰੀ ਨਿਭਾਈ ਹੈ। ਇਸ ਕਵਿਤਾ ਤੋਂ ਕਵੀ ਦੀ ਧਾਰਮਿਕ ਅਕੀਦਤ ਤੇ ਸੋਚ ਦਾ ਪ੍ਰਗਟਾਵਾ ਹੁੰਦਾ ਹੈ। ਧਾਰਮਿਕ ਸੋਚ ਨਾਲ ਸੰਬੰਧਤ ਉਸਦੀਆਂ 'ਖੰਡੇ ਦੀ ਬੁੱਕਲ', 'ਆਥਣ', 'ਬੇਦੋਸ਼ਿਆਂ ਲਈ..', 'ਦਰਗਾਹ' 'ਅਧਿਆਪਕ ਨੂੰ ਚਿੱਠੀ' ਅਤੇ 'ਖ਼ੁਦ ਕਲਾਮੀ' ਆਦਿ ਕਵਿਤਾਵਾਂ ਵੀ ਹਨ, ਜਿਨ੍ਹਾਂ ਵਿੱਚ ਕਵੀ ਧਰਮ ਦੀ ਜਾਇਜ਼ ਅਤੇ ਨਜ਼ਾਇਜ਼ ਵਰਤੋਂ ਦਾ ਇਸ਼ਾਰਾ ਕਰਦਾ ਹੈ। ਪ੍ਰੰਤੂ ਦੂਜੀ 'ਅਵਸਥਾ..' ਸਿਰਲੇਖ ਵਾਲੀ ਕਵਿਤਾ ਵਿੱਚ ਕਵੀ ਮਨੁੱਖੀ ਮਨ ਦੀਆਂ ਵੱਖ-ਵੱਖ ਪਰਤਾਂ ਖੋਲ੍ਹਦਾ ਹੋਇਆ ਉਸਦੀ ਮਾਨਸਿਕਤਾ ਨੂੰ ਦ੍ਰਿਸ਼ਟਾਂਤ ਕਰਦਾ ਹੈ। ਇਨਸਾਨ ਦੀ ਫਿਤਰਤ ਸਮੇਂ ਦੀ ਨਜ਼ਾਕਤ ਅਨੁਸਾਰ ਰੰਗ ਬਦਲਦੀ ਰਹਿੰਦੀ ਹੈ। 'ਅੰਡਰਲਾਈਨ', 'ਧੀ ਧਿਆਣੀ' ਅਤੇ 'ਵਾਕਫ਼ੀਅਤ' ਸਿਰਲੇਖ ਵਾਲੀਆਂ ਕਵਿਤਾਵਾਂ ਵਿੱਚ ਸ਼ਾਇਰ ਮਰਦ ਤੇ ਇਸਤਰੀ ਨੂੰ ਇੱਕ ਦੂਜੇ ਦੇ ਪੂਰਕ ਕਹਿੰਦਾ ਹੈ ਪ੍ਰੰਤੂ ਜੇਕਰ ਉਹ ਇੱਕ ਦੂਜੇ ਦੀ ਮਾਨਸਿਕਤਾ ਨੂੰ ਸਮਝਣਗੇ ਤਾਂ ਜੀਵਨ ਸਫਲ ਹੋਵੇਗਾ। ਇਸਤਰੀ ਮਰਦ ਦੀ ਮਾਂ, ਭੈਣ, ਪਤਨੀ ਅਤੇ ਭਾਵੇ ਸਪੁੱਤਰੀ ਹੋਵੇ ਉਸ ਦਾ ਸਿੱਧਾ ਸੰਬੰਧ ਮਰਦ ਨਾਲ ਹੁੰਦਾ ਹੈ ਪ੍ਰੰਤੂ ਮਰਦ ਇਸਤਰੀ ਦੀ ਮਾਨਸਿਕਤਾ ਨੂੰ ਸਮਝੇ ਬਗ਼ੈਰ ਹੀ ਉਸ 'ਤੇ ਜ਼ਿਆਦਤੀਆਂ ਦੀ ਭਰਮਾਰ ਕਰ ਦਿੰਦਾ ਹੈ। ਮਰਦ ਹਮੇਸ਼ਾ ਔਰਤ ਵੱਲ ਵਹਿਸ਼ੀ ਨਿਗਾਹਾਂ ਨਾਲ ਵੇਖਦਾ ਹੈ, ਉਦੋਂ ਉਹ ਆਪਣੀ ਮਾਂ, ਭੈਣ, ਪਤਨੀ ਤੇ ਸਪੁੱਤਰੀ ਨੂੰ ਭੁੱਲ ਜਾਂਦਾ ਹੈ। 'ਪੀੜ' ਕਵਿਤਾ ਸਮੁੱਚੀ ਔਰਤ ਦੀ ਤ੍ਰਾਸਦੀ ਨੂੰ ਦਰਸਾਉਂਦੀ ਹੋਈ ਮਾਨਵਤਾ ਨੂੰ ਕੁਰੇਦਦੀ ਹੈ। ਬਲਾਤਕਾਰ ਵਰਗੀਆਂ ਘਟਨਾਵਾਂ 'ਤੇ ਵੀ ਚਿੰਤਾ ਦਾ ਪ੍ਰਗਟਾਵਾ ਕਰਦਾ ਹੈ। ਸ਼ਾਇਰ ਬਹੁਤ ਹੀ ਸੰਵੇਦਨਸ਼ੀਲ ਲੱਗਦਾ ਹੈ। ਮਰਦਾਂ ਨੂੰ ਇਖ਼ਲਾਕ 'ਤੇ ਪਹਿਰਾ ਦੇਣ ਦੀ ਤਾਕੀਦ ਕਰਦਾ ਹੈ। 'ਤਵੱਕੋ' ਕਵਿਤਾ ਨੌਜਵਾਨੀ ਨੂੰ ਸ਼ਹੀਦ ਭਗਤ ਸਿੰਘ ਦੇ ਪਦ ਚਿੰਨ੍ਹਾਂ ਤੇ ਚਲਣ ਦੀ ਪ੍ਰੇਰਨਾ ਦਿੰਦੀ ਹੈ। ਨਸ਼ੇ ਇੱਕ ਸਮਾਜਿਕ ਬੀਮਾਰੀ ਦਾ ਮੁੱਖ ਕਾਰਨ ਸ਼ਾਇਰ ਨੇ ਬੇਰੋਜ਼ਗਾਰੀ ਅਤੇ ਗ਼ਰੀਬੀ ਨੂੰ ਗਰਦਾਨਿਆਂ ਹੈ। 'ਮਰਦਾਨਗੀ' ਕਵਿਤਾ ਵੀ ਇਨਸਾਨੀਅਤ ਨੂੰ ਝੰਜੋੜਦੀ ਹੋਈ ਮਰਦ ਨੂੰ ਵੰਗਾਰਦੀ ਹੈ ਕਿ ਜੇਕਰ ਉਸਨੇ ਮਰਦਾਨਗੀ ਵਿਖਾਉਣੀ ਹੈ ਤਾਂ ਕੰਜਕਾਂ ਭਾਵ ਇਸਤਰੀਆਂ ਦੇ ਸਿਰ 'ਤੇ ਹੱਥ ਰੱਖੇ ਅਤੇ ਨਸ਼ੇ ਵਿੱਚ ਗ੍ਰਸਤ ਨੌਜਵਾਨੀ ਨੂੰ ਨਸ਼ਿਆਂ ਦੀ ਲੱਤ ਵਿੱਚੋਂ ਬਾਹਰ ਕੱਢਕੇ ਸਿਹਤਮੰਦ ਸਮਾਜ ਬਣਾਉਣ ਵਿੱਚ ਆਪਣਾ ਸੁਚਾਰੂ ਯੋਗਦਾਨ ਪਾਉਣ ਵਿੱਚ ਆਪਣਾ ਸਮਾਜਿਕ ਫ਼ਰਜ਼ ਨਿਭਾਵੇ। ਜ਼ਿੰਦਗੀ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਆਲਸ ਤੋਂ ਖਹਿੜਾ ਛੁਡਾਕੇ ਕਿਰਤ ਕਰਨ ਤੇ ਮਿਹਨਤ ਦਾ ਪੱਲਾ ਫੜਨਾ ਚਾਹੀਦਾ ਹੈ। ਬਿਨਾ ਮਿਹਨਤ ਕੀਤਿਆਂ ਹਵਾਈ ਗੱਲਾਂ ਕਰਕੇ ਆਪਣੇ ਆਪ ਨੂੰ ਵੱਡਾ ਸਿੱਧ ਕਰਨਾ ਇਨਸਾਨ ਦੀ ਸੁਚਾਰੂ ਸੋਚ ਦਾ ਲਖਾਇਕ ਨਹੀਂ ਹੋ ਸਕਦਾ। ਵੱਡੀਆਂ ਕਾਰਾਂ, ਵੱਡੇ ਦਮਗਜੇ ਮਾਰਨੇ ਜ਼ਿੰਦਗੀ ਨੂੰ ਬਰਬਾਦ ਕਰਦੇ ਹਨ। ਦੂਜਿਆਂ ਦੀ ਥਾਲੀ ਦੇ ਲੱਡੂਆਂ ਨੂੰ ਵੱਡੇ ਵੇਖਣਾ ਤੇ ਫਿਰ ਆਪ ਉਨ੍ਹਾਂ ਗੁਆਂਢੀਆਂ ਦੀ ਨਕਲ ਕਰਨੀ ਆਰਥਿਕ ਤੌਰ 'ਤੇ ਡੂੰਘੀ ਖਾਈ ਵਿੱਚ ਸੁੱਟਦੀ ਹੈ। ਮਨੁੱਖ ਨੂੰ ਆਪਣੀ ਚੱਦਰ ਭਾਵ ਹੈਸੀਅਤ ਵੇਖ ਕੇ ਪੈਰ ਪਸਾਰਨ ਦੀ ਸ਼ਾਇਰ ਆਪਣੀਆਂ ਕਵਿਤਾਵਾਂ ਵਿੱਚ ਸਲਾਹ ਦਿੰਦਾ ਹੈ। ਪੜ੍ਹਾਈ ਇਨਸਾਨ ਦਾ ਗਹਿਣਾ ਹੈ ਪ੍ਰੰਤੂ ਜ਼ਿੰਦਗੀ ਜਿਊਣੀ ਇੱਕ ਜਾਚ ਹੈ। ਇਨ੍ਹਾਂ ਦੋਹਾਂ ਦੀ ਅਤਿਅੰਤ ਜ਼ਰੂਰਤ ਹੈ। ਇਸ ਤੋਂ ਇਲਾਵਾ ਸ਼ਾਇਰ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਪ੍ਰੇਰਨਾ ਲੈਣ ਲਈ ਵੀ ਕਹਿੰਦਾ ਹੈ, ਸ਼ਹੀਦਾਂ ਦੀਆਂ ਇਕੱਲੀਆਂ ਯਾਦਗਾਰਾਂ ਦਾ ਕੋਈ ਅਰਥ ਨਹੀਂ, ਜੇਕਰ ਉਨ੍ਹਾਂ ਨੂੰ ਮਾਰਗ ਦਰਸ਼ਕ ਬਣਾਕੇ ਆਪਣੀ ਜ਼ਿੰਦਗੀ ਬਸਰ ਨਹੀਂ ਕਰਦੇ। ਕਵੀ ਨੂੰ ਪ੍ਰਵਾਸ ਦੀ ਜ਼ਿੰਦਗੀ ਬਹੁਤੀ ਭਾਉਂਦੀ ਨਹੀਂ, ਸਗੋਂ ਪ੍ਰਵਾਸ ਦੇ ਸਬਜ਼ਬਾਗ ਸਾਡੀ ਵਿਰਾਸਤ ਨੂੰ ਨੁਕਸਾਨ ਪਹੁੰਚਾਉਂਦੇ ਹਨ। ਨੌਜਵਾਨ ਖਾਮਖਾਹ ਬਿਨਾ ਸੋਚੇ ਸਮਝੇ ਪਰਵਾਸ ਨੂੰ ਵਹੀਰਾਂ ਘੱਤ ਕੇ ਜਾ ਰਹੇ ਹਨ। ਪਿੱਛੇ ਉਨ੍ਹਾਂ ਦੇ ਮਾਪੇ ਬੱਚਿਆਂ ਨੂੰ ਤਰਸਦੇ ਰਹਿੰਦੇ ਹਨ। ਧੋਖੇ, ਫ਼ਰੇਬ ਅਤੇ ਬੇਈਮਾਨੀ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ 'ਤੇ ਧੱਬੇ ਹਨ। ਕਵੀ ਆਪਣੀਆਂ ਕਵਿਤਾਵਾਂ ਵਿੱਚ ਸਿਖਿਆ ਨੀਤੀ ਤੇ ਕਿੰਤੂ ਪ੍ਰੰਤੂ ਕਰਦੀ ਹੈ, ਜਿਸ ਕਰਕੇ ਸਾਡੀ ਨੌਜਵਾਨ ਪੀੜ੍ਹੀ ਜ਼ਿੰਦਗੀ ਵਿੱਚ ਸਫ਼ਲ ਨਹੀਂ ਹੁੰਦੀ ਸਗੋਂ ਗੁਮਰਾਹਕੁਨ ਰਹਿੰਦੀ ਹੈ। ਜੇਕਰ ਸਿਖਿਆ ਮਿਆਰੀ ਹੋਵੇਗੀ ਤਾਂ ਸਫ਼ਲਤਾ ਪੈਰ ਚੁੰਮੇਗੀ। 'ਸੀਖਾਂ ਦੀ ਡੱਬੀ..' ਕਵਿਤਾ ਵਿੱਚ ਸ਼ਾਇਰ ਨੇ ਇਸ਼ਕ ਦਾ ਅਤੇ ਸੀਖਾਂ ਦੀ ਡੱਬੀ ਦੀ ਤੁਲਨਾ ਕਰਦਿਆਂ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਦੋਵੇਂ ਅਕਲ ਨਾਲ ਵਰਤਣ/ਕਰਨ ਵਾਲੇ ਕੰਮ ਹਨ। ਬੇਅਕਲੀ ਨਾਲ ਨੁਕਸਾਨਦਾਇਕ ਹੋ ਸਕਦੇ ਹਨ। ਪਹਿਲਾ ਦਰਸ਼.., ਖੰਡੇ ਦੀ ਬੁੱਕਲ, ਆਥਣ, ਬੇਦੋਸ਼ਿਆਂ ਲਈ.., ਧਾਰਮਿਕ ਕਵਿਤਾਵਾਂ ਹਨ। ਭਵਿਖ ਵਿੱਚ ਕਵੀ ਤੋਂ ਹੋਰ ਚੰਗੀਆਂ ਕਵਿਤਾਵਾਂ ਲਿਖਣ ਦੀ ਕਾਮਨਾ ਕਰਦਾ ਹਾਂ।






ਉਜਾਗਰ ਸਿੰਘ
91-94178 13072

128 ਪੰਨਿਆਂ, 220 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਕੈਲੀਬਰ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।
ਸੰਪਰਕ ਰੂਪ ਸਤਵੰਤ: 8196821300

# ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ

ਪੜ੍ਹਨ ਲਿਖਣ ਤੋਂ ਕੋਰੇ ਅਤੇ
ਗੁਲਾਮ ਤਾਂ ਸੀ
ਪਰ ਗੈਰਤ ਮਰੀ ਨਹੀਂ ਸੀ
ਚਮੜਾ ਮਾਰਕੀਟ ਦੀਆਂ ਚਿੱਠੀਆਂ ਪੜ੍ਹਾਉਣ ਲਈ
ਉੱਚ ਵਰਗਾਂ ਕੋਲ ਜਾਣਾ ਮਜਬੂਰੀ ਸੀ
ਪਰ ਘੱਟਿਆਂ ਬੱਧੀ ਵਗਾਰ ਕੀਤੇ ਬਿਨਾ
ਉਨ੍ਹਾਂ ਕਦੇ ਵੀ ਉਸ ਦੀ
ਚਿੱਠੀ ਪੜ੍ਹੀ ਨਹੀਂ ਸੀ

ਇਸੇ ਗੁਲਾਮੀ ਦਾ ਜੂਲਾ ਵੱਢਣ ਲਈ
ਬਾਪੂ ਨੇ ਸੀ ਉਸ ਨੂੰ
ਸਕੂਲ ਦਾ ਰਾਹ ਦਿਖਾਇਆ
ਤਾਂ ਉਹ ਵੀ ਅੰਬੇਡਕਰ ਵਾਂਗੂ
ਨਫਰਤ ਦੇ ਖਾ ਥਪੇੜੇ
ਕੁਝ ਅੱਖਰ ਪੜ੍ਹ ਸੀ ਪਾਇਆ

ਮਾਂ ਬਾਪ ਸੰਗ ਗੁਜਾਰੇ
ਉਸ ਜ਼ਿੰਦਗੀ ਦੇ ਤੇਈ ਵਰੇ
ਸੰਨ ਉੱਨੀ ਸੌ ਨੌ ਵਿੱਚ
ਉਸ ਧਰਤੀ ਪੁੱਤਰ ਨੇ
ਅਮਰੀਕਾ ਦੇ ਕੈਲੀਫ਼ੋਰਨੀਆ 'ਚ
ਪੈਰ ਜਾ ਧਰੇ

ਇਹ ਸਫਰ ਕੋਈ ਸੌਖਾ ਨਹੀਂ ਸੀ
ਤੇਗਾਂ ਦੀ ਧਾਰ ਤੇ ਤੁਰਨ ਵਾਲਾ
ਰਿਹਾ ਸੀ ਇਹ ਸਫ਼ਰ
ਫਰਿਜਨੋ ਕੈਲੀਫ਼ੋਰਨੀਆ ਸਟਾਕਟਨ
ਤੇ ਸੈਕਰਾਮੈਂਟੋ ਵਿੱਚ ਮਜ਼ਦੂਰਾਂ ਦਾ
ਨਸਲੀ ਨਫ਼ਰਤ ਤੇ ਘੱਟ ਮਿਹਨਤ ਨਾਲ
ਪਸ਼ੂਆਂ ਵਰਗਾ ਹੁੰਦਾ ਸੀ
ਇੱਥੇ ਹਸ਼ਰ

ਇਹ ਸਭ ਕੁਝ ਦੇਖਦਿਆਂ
ਹੱਡੀਂ ਹੰਢਾਉਂਦਿਆਂ
ਆਇਆ ਉਨੀ ਸੌ ਤੇਰਾਂ ਦਾ ਸਾਲ
ਜਦੋਂ ਉਸ ਨੇ ਦਰਦਭਰੀ ਇੱਕ ਆਵਾਜ਼ ਲਾਈ
ਜਿਸ ਨੂੰ ਸੁਣ ਰਿਹਾ ਸੀ ਯੁਗਾਂਤਰ ਆਸ਼ਰਮ ਵਿੱਚ
ਬਾਬਾ ਸੋਹਣ ਸਿੰਘ ਭਕਨਾ
ਕਰਤਾਰ ਸਿੰਘ ਸਰਾਭਾ ਤੇ
ਲਾਲਾ ਹਰਦਿਆਲ
ਗਦਰ ਅਖਬਾਰ ਵੰਡ ਵੰਡਾਈ
ਤੇ ਹੋਰ ਬਹੁਤ ਸਾਰੇ ਕੰਮਾਂ ਦੀ
ਫਿਰ ਕੀਤੀ ਉਸ ਨੇ ਸੀ ਦੇਖਭਾਲ

ਦੇਸੀ ਵਿਦੇਸ਼ੀ ਗੁਲਾਮੀ ਦਾ ਜੂਲਾ
ਲਾਹੁਣ ਖਾਤਰ
ਬਹੁਤ ਸਾਰੇ ਗਦਰੀਆਂ ਨੇ ਮਿਲ
ਮਤਾ ਪਕਾਇਆ
ਫਿਰ ਉਨੀ ਸੌ ਪੰਦਰਾਂ ਨੂੰ
ਆਪਣੇ ਹੀ ਸਾਥੀਆਂ
ਬਾਬਾ ਹਰੀ ਸਿੰਘ ਉਸਮਾਨ ਗੰਭੀਰ ਸਿੰਘ
ਹਰਨਾਮ ਚੰਦ ਅਤੇ ਹਰਚਰਨ ਦਾਸ ਨਾਲ
ਹਥਿਆਰਾਂ ਦਾ ਜਖੀਰਾ ਚੁੱਕ
"ਐਨੀ ਲਾਰਸਨ" ਜਹਾਜ਼ ਰਾਹੀਂ
ਭਾਰਤ ਦੇਸ਼ ਵੱਲ ਚਾਲਾ ਸੀ ਪਾਇਆ

ਪਰ
ਹਕੂਮਤੀ ਮੁਖਬਰ ਵੀ ਹਕੂਮਤੀ
ਧਰਮ ਨਿਭਾਉਂਦੇ ਨੇ
ਆਪਣੇ ਹੀ ਮੁਲਕ ਨਾਲ
ਧਰੋਹ ਕਮਾਉਂਦੇ ਨੇ
ਇਸੇ ਹੀ ਧ੍ਰੋਹ ਦਾ ਸ਼ਿਕਾਰ ਹੋਇਆ
ਹਥਿਆਰਾਂ ਨਾਲ ਭਰਿਆ ਇਹ ਜਹਾਜ਼
ਪੁਲਿਸ ਦੇ ਅੜਿੱਕੇ ਜਾ ਚੜ੍ਹਿਆ
ਤੇ ਉਹ ਯੋਧਾ ਆਪਣੇ ਹੀ ਸਾਥੀਆਂ ਨਾਲ
ਪੁਲਿਸ ਨੇ ਆ ਫੜਿਆ

ਜੇਲਾਂ ਦੀਆਂ ਕਾਲ ਕੋਠੜੀਆਂ ਦੇ
ਤਸੀਹੇ ਝੱਲਦਿਆਂ
ਫਾਂਸੀ ਦੀ ਸਜਾ ਹੋਈ
ਤੇ ਇਸ ਇਨਕਲਾਬੀ ਕਦਮ ਨੂੰ ਤੱਕਦਿਆਂ
ਹੱਕ ਵਿੱਚ ਖੜ੍ਹਦਿਆਂ
ਜਰਮਨ ਦੀ ਅੱਖ ਰੋਈ
ਤਾਂ ਫਿਰ ਸਜਾ ਮੁਆਫ਼ ਹੋਈ



ਸਮੁੰਦਰ ਰਾਹੀਂ ਵਾਪਸੀ ਕਰਦਿਆਂ
ਜਹਾਜ਼ ਨੇ ਰਸਤਾ ਭਟਕ ਜਾਣਾ
ਸਫ਼ਰ ਦੀਆਂ ਉਲਝਣਾ ਨਾਲ ਦੋ ਚਾਰ ਹੁੰਦਿਆਂ
ਸਿੰਘਾਪੁਰ ਅਟਕ ਜਾਣਾ
ਫਿਰ ਇੱਥੇ ਵੀ ਬੇਲਾ ਸਿੰਘ ਜਿਆਣ
ਹਰਾਮਖੋਰ ਬੇਈਮਾਨ
ਕਰ ਗਿਆ ਬਹੁਤ ਵੱਡਾ ਨੁਕਸਾਨ

ਕਰ ਲਿਆ ਫਿਰ ਸੂਰਮੇ ਨੂੰ ਗ੍ਰਿਫਤਾਰ
ਤੇ ਤੋਪ ਦੇ ਗੋਲੇ ਨਾਲ ਉਡਾ ਦੇਣ ਦੀ
ਸਜਾ ਮਿਲੀ ਉਸ ਨੂੰ ਇਸ ਵਾਰ
ਪਰ ਇਨਕਲਾਬੀਆਂ ਲਈ ਫਿਰ
ਕਈ ਨਵੇਂ ਰਾਹ ਵੀ ਖੁੱਲ੍ਹਦੇ ਨੇ
ਜਿਨ੍ਹਾਂ ਲਈ ਆਇਆ ਫਿਰ
ਇੱਕ ਜਰਮਨ ਯਾਰ
ਜਿਸ ਦੀ ਗਵਾਹੀ ਸਦਕਾ
ਇੱਕ ਵਾਰ ਫਿਰ
ਇਨਕਲਾਬ ਦਾ ਉਹ ਸ਼ਾਹ ਅਸਵਾਰ
ਆਇਆ ਸੰਕਟ ਚੋਂ ਬਾਹਰ

ਇਨਕਲਾਬ ਅਤੇ ਭੁੱਖ ਦੀ ਜੰਗ ਨਾਲ
ਦੋ ਚਾਰ ਹੁੰਦਿਆਂ
ਮਨੀਲਾ ਵਿੱਚ ਕੱਟੇ ਨੌ ਸਾਲ
ਅਤੇ ਸੋਲਾਂ ਸਾਲ ਪਿੱਛੋਂ ਕੋਲੰਬੋ ਤੋਂ
ਵਾਪਿਸ ਪਰਤਿਆ ਆਪਣੇ ਵਤਨ
ਪਿੰਡ ਮੁੱਗੋਵਾਲ

ਵਤਨਪ੍ਰਸਤੀ ਲਈ ਜੰਗ ਲੜਦਿਆਂ
ਵਤਨ ਪਰਤਦਿਆਂ
ਦੇਖਿਆ ਸੁਣਿਆ ਕਿ
ਨਸਲੀ ਵਿਤਕਰੇ ਸਨ ਲਗਾਤਾਰ ਜਾਰੀ
ਜਿਨ੍ਹਾਂ ਨੂੰ ਅੱਸੀ ਪ੍ਰਤੀਸ਼ਤ ਜਨਤਾ
ਪਈ ਝੱਲਦੀ ਵਿਚਾਰੀ
ਪਰ
ਦਲਿਤਾਂ ਦੀ ਪੀੜਾ
ਨਾ ਉਸ ਨੇ ਸਹਾਰੀ

ਤੇ ਕੁੱਦ ਪਿਆ ਫਿਰ ਉਹ ਯੋਧਾ
ਦਿਲ ਵਿੱਚ ਵੱਡਾ ਹੌਸਲਾ ਧਾਰ
11-12 ਜੂਨ 1926 ਨੂੰ
ਮੁੱਗੋਵਾਲ ਦੀ ਧਰਤੀ ਤੇ
ਵਿਸ਼ਾਲ ਸੰਮੇਲਨ ਕਰਵਾ
ਆਦਿ ਧਰਮ ਮੰਡਲ ਦੀ ਸਥਾਪਨਾ ਕਰ
ਪਿੰਡ ਵਿੱਚ ਆਦਿ ਧਰਮ ਸਕੂਲ ਖੋਲ ਕੇ
ਕੱਢਿਆ ਇੱਕ
"ਡੰਕਾ" ਇੱਕ ਅਖਬਾਰ
ਫਿਰ ਸੁੰਨ ਹੋ ਗਏ
ਅਖੌਤੀ ਸਭ
ਧਰਮ ਦੇ ਠੇਕੇਦਾਰ

ਇੱਸ ਯੋਧੇ ਦੀ ਅਣਥੱਕ ਘਾਲਣਾ ਨ਼ਾਲ
ਅਛੂਤਾਂ ਨੇ ਹੁਣ
ਆਪਣੇ ਆਪ ਨੂੰ ਆਦਿ ਧਰਮੀ ਅਖਵਾਇਆ
ਤੇ ਜਨਵਰੀ ਇਕੱਤੀ ਦੀ ਗਣਨਾ ਵਿੱਚ
ਆਦਿ ਧਰਮ ਨੇ ਵੱਖਰਾ
ਖਾਨਾ ਦਰਜ਼ ਕਰਵਾਇਆ

ਤੇ ਇਹ ਵੀ ਇੱਕ ਇਨਕਲਾਬ ਸੀ
ਜਦ ਫਰਸ਼ ਤੋਂ ਚੁੱਕ ਲੋਕਾਂ ਨੂੰ
ਸੀ ਅਰਸ਼ ਤੇ ਪਹੁੰਚਾਉਣਾ
ਤੇ ਲੱਖਾਂ ਹੀ ਲੋਕਾਂ ਤੋਂ ਧਰਮ ਨੂੰ
ਆਦਿ ਧਰਮ ਲਿਖਵਾਉਣਾ

ਫਿਰ ਉੱਨੀ ਸੌ ਬੱਤੀ ਦੀ ਗੋਲ ਮੇਜ਼ ਕਾਨਫਰੰਸ ਸਮੇ
ਗਾਂਧੀ ਦੇ ਮੁਕਾਬਲੇ ਮਰਨ ਵਰਤ ਰੱਖਣਾ ਵੀ
ਉਸ ਸੂਰਬੀਰ ਯੋਧੇ ਦੇ ਹਿੱਸੇ ਆਇਆ ਸੀ
ਜਿਸ ਨੇ ਸਦੀਆਂ ਤੋਂ ਲਤਾੜੇ ਹੋਏ ਲੋਕਾਂ ਦਾ
ਸਨਮਾਨ ਬਹਾਲ ਕਰਾਇਆ ਸੀ
ਤੇ ਉੱਨੀ ਸੌ ਸੈਂਤੀ ਵਿੱਚ
ਸੱਤ ਆਦਿ ਧਰਮੀਆਂ ਨੂੰ
ਪੰਜਾਬ ਅਸੈਂਬਲੀ ਦੇ ਮੈਂਬਰ ਬਣਾਇਆ ਸੀ
ਤੇ ਲੋਕਾਂ ਦੀ ਹਿੱਤਾਂ ਦੀ ਰਾਖੀ ਲਈ ਖੁਦ ਵੀ
ਉੱਨੀ ਸੌ ਛਿਆਲੀ ਵਿੱਚ
ਅਸੈਂਬਲੀ ਜਾ ਪੈਰ ਪਾਇਆ ਸੀ

ਆਜ਼ਾਦ ਭਾਰਤ ਵਿੱਚ
ਤਾਮਰ ਪੱਤਰ ਨਾਲ ਸਨਮਾਨਿਤ ਹੋ ਕੇ ਵੀ
ਜ਼ਿੰਦਗੀ ਭਰ ਲੋਕਾਈ ਦੇ ਦਰਦਾਂ ਨੂੰ
ਆਪਣਾ ਦਰਦ ਸਮਝਦਿਆਂ
ਉਹ ਯੋਧਾ
ਪੈਰ ਪੈਰ ਤੇ ਲੋਕਾਂ ਦੇ ਹੱਕ ਵਿੱਚ ਖੜ੍ਹਦਾ ਰਿਹਾ
ਅਜ਼ਾਦੀ ਦਿਵਾਉਣ ਲਈ
ਫਿਰ ਅਜ਼ਾਦੀ ਬਚਾਉਣ ਲਈ
ਆਖਰੀ ਸਾਹਾਂ ਤੱਕ ਉਹ ਲੜਦਾ ਰਿਹਾ

ਤੇ ਅੱਜ ਤੇਰੇ ਪੋਤਿਆਂ ਪੜਪੋਤਿਆਂ ਨੇ
ਉਤਾਰਿਆ ਹੈ ਤੇਰਾ
ਰੱਤੀ ਭਰ ਕਰਜ਼
ਤੇਰੇ ਪਿੰਡ ਦੇ ਸਕੂਲ ਦਾ ਨਾਮ
ਤੇਰੇ ਨਾਮ ਕਰਵਾਕੇ
ਤੇਰੇ ਨਾਮ ਦੀ ਤਖਤੀ ਗੇਟ ਤੇ ਲਾਕੇ
"ਲੰਗੇਰੀ" ਦੇ ਕੋਲੋਂ ਇਹ ਸਤਰਾਂ ਲਿਖਵਾ ਕੇ

ਸਲਾਮ !!
ਆਖਿਆ ਹੈ ਬੜੇ ਹੀ ਅਦਬ ਨਾਲ
ਬਾਪੂ ਹਰਨਾਮ ਦਾਸ ਤੇ ਮਾਤਾ ਅਤਰੀ ਜੀ ਨੂੰ
ਜਿਨ੍ਹਾਂ ਦੀ ਕੁੱਖੋਂ ਜੰਮਿਆ ਇਹ ਲਾਲ
ਇੱਕ ਮਹਾਨ ਗਦਰੀ ਯੋਧਾ ਇਨਕਲਾਬੀ
ਕੰਮੀਆਂ ਦੇ ਵਿਹੜੇ ਦਾ ਸੂਰਜ
ਬਾਬੂ ਮੰਗੂ ਰਾਮ ਮੁੱਗੋਵਾਲ।

**- ਅਵਤਾਰ ਲੰਗੇਰੀ**
9463260181

# ਭ੍ਰਮਣ ਕੀਤਾ ਤੈਂ ਪ੍ਰੇਮ ਪਿਆਰ ਖ਼ਾਤਰ

ਭ੍ਰਮਣ ਕੀਤਾ ਤੈਂ ਪ੍ਰੇਮ ਪਿਆਰ ਖ਼ਾਤਰ।
ਟੱਬਰ ਟੀਹਰ ਤੇ ਛੱਡ ਕੇ ਬਾਲ ਬੱਚੇ
ਘਰੋਂ ਚੱਲ ਪਿਆ ਜਗਤ ਉਧਾਰ ਖ਼ਾਤਰ।
ਸਾੜਾ, ਈਰਖਾ ਕੱਢਣ ਦਵੈਤ ਦੂਈ
ਭ੍ਰਮਣ ਕੀਤਾ ਤੈਂ ਪ੍ਰੇਮ ਪਿਆਰ ਖ਼ਾਤਰ।
1. ਘਰ ਵਿਚ ਸੁੱਖ ਨਾਲ, ਹੈ ਸਨ ਸੁੱਖ ਸਾਰੇ,
ਮਾਣ ਤਾਣ ਸੀ ਚੰਗਾ ਸਮਾਜ ਅੰਦਰ।
ਕੁੜਮ ਕਬੀਲੇ ਵਿਚ ਹੈ ਸੀ ਠੁੱਕ ਵਾਹਵਾ,
ਪੁੱਛ ਗਿੱਛ ਸੀ ਰੀਤੀ ਰਿਵਾਜ ਅੰਦਰ।
ਰਾਇ ਭੋਇ ਤਲਵੰਡੀ ਭੱਟੀਆਂ ਦੀ,
ਕਾਲੂ ਪਟਵਾਰੀ ਸੀ ਲੋਧੀ ਰਾਜ ਅੰਦਰ।
ਬੇਦੀ ਕੁਲ ਦਾ ਹੈ ਸੀ ਫਰਜ਼ੰਦ ਨਾਨਕ,
ਹੀਰਾ ਚਮਕਦਾ ਜਿਸ ਤਰ੍ਹਾਂ ਤਾਜ ਅੰਦਰ।
ਮਾਤਾ ਤ੍ਰਿਪਤਾ ਦੀ ਕੁੱਖ ਨੂੰ ਭਾਗ ਲਾਏ,
ਕੁਨਬਾ ਉਮੜਿਆ ਤੇਰੇ ਦੀਦਾਰ ਖ਼ਾਤਰ।
ਭੈਣ ਨਾਨਕੀ ਦੇ ਛੋਟੇ ਵੀਰ ਨਾਨਕ,
ਭ੍ਰਮਣ ਕੀਤਾ ਤੈਂ ਪ੍ਰੇਮ ਪਿਆਰ ਖ਼ਾਤਰ।

2. ਗੋਸ਼ਟ ਕੀਤੀ "ਸਤਿ ਪੁਰਖਾਂ" ਨਾਲ ਬਹਿਕੇ,
ਚਰਨ ਧੂੜ ਮੰਗੀ ਤਲਬਗਾਰ ਬਣਕੇ।
ਸੋਧਣ ਚੜ੍ਹ ਪਿਆ ਧਰਤ ਲੋਕਾਈ ਤਾਈਂ,
ਮਨੁੱਖੀ ਹੱਕਾਂ ਦਾ ਪਹਿਰੇਦਾਰ ਬਣਕੇ।
ਰਹੇ ਮਨੁੱਖ, ਮਨੁੱਖ ਬਣਕੇ ਧਰਤ ਉਤੇ,
ਰਹੇ ਮਨੁੱਖ, ਮਨੁੱਖਾਂ ਦਾ ਯਾਰ ਬਣਕੇ।
ਕੋਈ ਉੱਤਮ ਨਾ ਮੱਧਮ,ਨਾ ਨੀਚ ਹੋਵੇ,
ਰਹੇ ਹਰ ਕੋਈ ਸਾਂਝਾ ਪਰਵਾਰ ਬਣਕੇ।
ਟੀਚਾ ਮਿੱਥ ਲਿਆ ਔਖਾ ਜ਼ਿੰਦਗੀ ਦਾ,
ਜਗਤ ਬਗੀਚੇ ਦੀ ਬਸੰਤ ਬਹਾਰ ਖ਼ਾਤਰ।
ਸਤਿਨਾਮ ਦਾ ਛੱਟਾ ਦੇਕੇ ਠਾਰਨੇ ਲਈ
ਭ੍ਰਮਣ ਕੀਤਾ ਤੈਂ ਪ੍ਰੇਮ ਪਿਆਰ ਖ਼ਾਤਰ।

3. ਗਲ਼ ਲਾਇਆਂ ਤੈਂ ਕਮੀਂ ਕਮੀਣਾਂ ਤਾਈਂ,
ਨੀਚੋਂ ਨੀਚਾਂ ਨੂੰ ਰੱਜਵਾਂ ਪਿਆਰ ਦਿੱਤਾ।
ਜੋ ਲਿਤਾੜਿਆ ਜਾਤ ਕੁਜਾਤ ਕਹਿਕੇ,
ਨਿਮਾਣੇ ਬੰਦੇ ਦਾ ਦਿਲੋਂ ਸਤਿਕਾਰ ਦਿੱਤਾ।
ਨੂਰ ਅੱਲਾ ਦਾ ਆਖਕੇ ਗਲ਼ ਲਾਇਆ,
ਤਪਦੇ ਲੁਛਦਿਆਂ ਦਾ ਹਿਰਦਾ ਠਾਰ ਦਿੱਤਾ।
ਜਿਹੜਾ ਜਾਤ ਦਾ ਲੈਕੇ ਘੁਮੰਡ ਆਇਆ,
ਬਾਬਾ ਉਹਦਾ ਤੈਂ ਤੋੜ ਹੰਕਾਰ ਦਿੱਤਾ।
ਮਾਨਵ ਏਕੇ ਦਾ ਦਿਤਾ ਸੰਦੇਸ਼ ਸੁੱਚਾ,
ਵਿਸ਼ਵ ਕੁਟੰਬ ਤੇ ਸੁੱਚੇ ਵਿਹਾਰ ਖ਼ਾਤਰ।
ਭਾਈ ਮਰਦਾਨੇ ਰਬਾਬੀ ਨੂੰ ਨੂੰ ਨਾਲ ਲੈਕੇ,
ਭ੍ਰਮਣ ਕੀਤਾ ਤੈਂ ਪ੍ਰੇਮ ਪਿਆਰ ਖ਼ਾਤਰ।

4. ਕਰਮ ਧਰਮ ਪਾਖੰਡ ਜੋਂ ਧਰਮੀਆਂ ਦੇ,
ਬੇਬਾਕ ਤੈਂ ਪਾਜ ਉਘਾੜ ਦਿੱਤੇ।
ਪਾਂਧੇ, ਜੋਤਸ਼ੀ, ਕਾਜ਼ੀ ਤੇ ਜੋਗੀਆਂ ਦੇ,
ਲਾਏ ਝੂਠ ਦੇ ਤੰਬੂ ਉਖਾੜ ਦਿੱਤੇ।
ਵਲ਼ ਕੱਢੇ ਕਈ ਵਲ਼ੀ ਕੰਧਾਰੀਆਂ ਦੇ
ਕਾਰਨ ਉਜਾੜੇ ਦਾ, ਬਣੇ ਜੋ ਤਾੜ ਦਿੱਤੇ।
ਦੋਹੀ ਸੱਚ ਦੀ ਫੇਰੀ ਜਹਾਨ ਅੰਦਰ,
ਕੂੜਿ ਕੁਸੱਤ ਦੇ ਪੱਤਰੇ ਪਾੜ ਦਿੱਤੇ।
ਭ੍ਰਿਸ਼ਟ ਹੋਏ ਸਨ ਧਰਮ ਅਸਥਾਨ ਜਿਹੜੇ
ਸੋਧੇ ਧਰਮ ਦੇ ਸੁੱਚੇ ਪ੍ਰਚਾਰ ਖ਼ਾਤਰ।
ਤਰਕਸੰਗਤ ਬੇਬਾਕ ਸੰਦੇਸ਼ ਦੇ ਕੇ,
ਭ੍ਰਮਣ ਕੀਤਾ ਤੈਂ ਪ੍ਰੇਮ ਪਿਆਰ ਖ਼ਾਤਰ।

5. ਜਦੋਂ ਵੇਖਿਆ ਅੰਤਰ ਧਿਆਨ ਹੋਕੇ
ਜਲਦੀ ਪ੍ਰਿਥਵੀ ਤਦ ਨਜ਼ਰ ਆਈ ਬਾਬਾ।
ਭੇਸ ਧਾਰਕੇ ਆਪ ਉਦਾਸੀਆਂ ਦਾ,
ਸੋਧਣ ਚੜ੍ਹ ਪਿਆ ਧਰਤ ਲੋਕਾਈ ਬਾਬਾ।
"ਰਾਜੇ ਸ਼ੀਂਹ ਮੁਕਦਮ ਕੁੱਤੇ" ਕਹਿ ਕੇ
ਤੈਂ ਮਜ਼ਲੂਮਾਂ ਦੀ 'ਵਾਜ਼ ਉਠਾਈ ਬਾਬਾ।
ਮਾਨਵ ਏਕਾ, ਸਰਬੱਤ ਦੇ ਭਲੇ ਖ਼ਾਤਰ,
ਸੰਗਤ ਪੰਗਤ ਦੀ ਰੀਤ ਚਲਾਈ ਬਾਬਾ।
ਹੋਵੇ ਔਰਤ ਦੇ ਹੱਕਾਂ ਦਾ ਬੋਲਬਾਲਾ,
ਆਪ ਡਟੇ ਸੀ ਮਨੁੱਖੀ ਅਧਿਕਾਰ ਖ਼ਾਤਰ।
ਜ਼ਬਰੀ ਖੋਹੇ ਨਾ ਕਿਸੇ ਦਾ ਹੱਕ ਕੋਈ,
ਭ੍ਰਮਣ ਕੀਤਾ ਤੈਂ ਪ੍ਰੇਮ ਪਿਆਰ ਖ਼ਾਤਰ।

6. ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ
ਵਾਜੇ ਗਾਜਿਆਂ ਨਾਲ ਮਨਾਇਆ ਤੇਰਾ।
ਕੱਢਕੇ ਚਿੱਕੜ ਚੋਂ, ਜਿਹੜਾ ਬਖਸ਼ਿਆ ਸੀ,
ਉਹ "ਗਾਡੀ ਰਾਹ" ਅਸੀਂ ਭੁਲਾਇਆ ਤੇਰਾ।
ਸਗੋ ਫੇਰ ਪੁਜਾਰੀ ਦੇ ਜਾਲ਼ ਅੰਦਰ,
ਅਸੀਂ ਭੁੱਲਗੇ ਮੰਤਰ ਪੜ੍ਹਾਇਆ ਤੇਰਾ।
ਕਰਮਕਾਂਡ ਪਾਖੰਡ ਫਿਰ ਹੋਏ ਹਾਵੀ
ਭੁੱਲਗੇ ਸੱਚ ਦਾ ਰਾਹ ਵਿਖਾਇਆ ਤੇਰਾ।
'ਲਾਲ' ਵਾਰਸ ਬਣਗੇ ਮੁੜ ਕੇ ਮਲਕ ਭਾਗੋ,
ਤੇਰਾ ਸੰਘਰਸ਼ ਸੀ ਹੱਸੂ ਲੋਹਾਰ ਖ਼ਾਤਰ।
ਤੇਰੇ ਦਰੋਂ ਦੁਰਕਾਰੇ ਹੁਣ ਭਾਈ ਲਾਲੋ,
ਜੀਵਨ ਲਾਇਆ ਤੈਂ ਜਿਹਨਾਂ ਦੇ ਪਿਆਰ ਖ਼ਾਤਰ।

**- ਲਾਲ ਸਿੰਘ ਸੁਲਹਾਣੀ**
9872155120

# ਪੈਂਤੀ ਅੱਖਰੀ

ਊੜਾ -ਉੱਠ ਸੁਰਤ ਸੰਭਾਲ਼ ਕਾਮਿਆਂ।
ਗਲੋਂ ਲਾਹ ਗ਼ੁਲਾਮੀ ਦਾ ਜੰਜਾਲ਼ ਕਾਮਿਆਂ।

ਆੜਾ- ਐਡੀ ਔਖੀ-ਔਖੀ ਘਾਲ ਕਰਕੇ।
ਟੁੱਕ ਵੀ ਨਾ ਮਿਲ਼ੇ ਏਨਾ ਕੰਮ ਕਰਕੇ।

ਈੜੀ-- ਏਨੀ ਘਾਲਕੇ ਸਖ਼ਤ ਘਾਲਣਾ।
ਪੈਂਦਾ ਗੁਰਬਤ 'ਚ ਟੱਬਰ ਪਾਲਣਾ।

ਸੱਸਾ--ਸਿਰ ਕਰਜ਼ੇ ਦਾ ਭਾਰ ਚੜ੍ਹਿਆ।
ਸਾਰਾ ਪਰਿਵਾਰ ਰਹਿੰਦਾ ਸੂਲ਼ੀ ਚੜ੍ਹਿਆ।

ਹਾਹਾ--ਹੱਕ ਕੌਣ ਤੇਰੇ ਖੋਹਕੇ ਲੈ ਗਿਆ।
ਫ਼ਰਜ਼ਾਂ ਦਾ ਭਾਰ ਤੇਰੇ ਸਿਰ ਪੈ ਗਿਆ।

ਕੱਕਾ--ਕਿਵੇਂ ਕਿਰਤਾਂ ਕਮਾਈਆਂ ਤੇਰੀਆਂ।
ਸੋਚ! ਕੌਣ ਲੁੱਟਦੈ ਸ਼ੁਦਾਈਆ ਤੇਰੀਆਂ।

ਖੱਖਾ--ਖੇਤਾਂ ਬੰਨਿਆਂ 'ਚ ਕੰਮ ਕਰਕੇ।
ਅੰਨ ਉਪਜਾਵੇਂ ਲੱਖਾਂ ਦੁੱਖ ਜਰਕੇ।

ਗੱਗਾ-ਗੁੱਸਾ ਕਿਉਂ ਨਹੀਂ ਆਉਂਦਾ ਐਸੇ ਜੀਣ 'ਤੇ।
ਲਾਹ ਦੇ ਜੋਕਾਂ ਲੱਗੀਆਂ ਜੋ ਰੱਤ ਪੀਣ 'ਤੇ।

ਘੱਗਾ-ਘੇਰ ਠੱਗ ਵਿਹਲੜਾਂ ਦੀ ਫ਼ੌਜ ਉਏ।
ਜਿਹੜੇ ਤੈਨੂੰ ਲੁੱਟ ਕੇ ਕਰਨ ਮੌਜ ਉਏ।

ਙੰਙਾ-ਙਿਆਨੀ ਸਿਆਣਿਆਂ ਦੀ ਗੱਲ ਵੀਰਿਆ।
ਤੇਰੀਆਂ ਮੁਸੀਬਤਾਂ ਦਾ ਹੱਲ ਵੀਰਿਆ।

ਚੱਚਾ--ਚਾਰ ਜੁਗਾਂ ਦੇ ਗ਼ੁਲਾਮ ਕਾਮਿਆ।
ਹੁੰਦੀ ਤੇਰੀ ਲੁੱਟ ਸ਼ਰੇਆਮ ਕਾਮਿਆ।

ਛੱਛਾ--ਛੱਡ ਨਸ਼ਿਆਂ ਦੀ ਬਾਣ ਸੋਹਣਿਆਂ।
ਬਾਲਾਂ ਨੂੰ ਪੜ੍ਹਾ ਲੈ ਅਣਜਾਣ ਸੋਹਣਿਆਂ।

ਜੱਜਾ -ਜੀਣ ਕਾਹਦਾ ਗੋਲੇ ਤੇ ਗ਼ੁਲਾਮ ਦਾ।
ਪੈਂਦਾ ਅਪਮਾਨ ਸਹਿਣਾ ਸੁਬਹ-ਸ਼ਾਮ ਦਾ।

ਝੱਝਾ--ਝੰਡਾ ਗੱਡ ਏਕੇ ਇਤਫ਼ਾਕ ਦਾ।
ਆਪਣਿਆਂ ਹੱਕਾਂ ਵੱਲ ਕਿਉਂ ਨਹੀਂ ਝਾਕਦਾ।

ਞੰਞੇ--ਵਾਂਗ ਖ਼ਾਲੀ ਤੇਰਾ ਪੀਪਾ ਖੜਕੇ।
ਦਿਨ-ਰਾਤ ਝੂਰਦੈਂ ਅੰਦਰ ਵੜ ਕੇ।

ਟੈਂਕਾ--ਟਾਟੇ, ਬਿਰਲੇ, ਅਡਾਨੀ ਖਾ ਗਏ।
ਨੇਤਾ ਲੋਕ ਦੇਸ਼ ਸੂਲ਼ੀ 'ਤੇ ਚੜ੍ਹਾ ਗਏ ।

ਠੱਠਾ- ਠੱਗ ਵਿਹਲੜ ਕਲੋਲ ਕਰਦੇ।
ਹਰੀਆਂ ਅੰਗੂਰੀਆਂ ਫ਼ਿਰਨ ਚਰਦੇ।

ਡੱਡਾ--ਡਰ-ਡਰ ਕੇ ਜਿਉਣਾ ਛੱਡ ਦੇ।
ਜਣੇ-ਖਣੇ ਸਾਹਮਣੇ ਨਿਉਣਾ ਛੱਡ ਦੇ।

ਢੱਡਾ--ਢੰਗ-ਸਿਰ ਜ਼ਿੰਦਗੀ ਜਿਉਣ ਦਾ।
ਚੱਜ 'ਚਾਰ ਸਿੱਖ ਦਾਸਤਾ ਮਿਟਾਉਣ ਦਾ।

ਣਾਣਾ--ਣਾ ਗ਼ੁਲਾਮੀ ਕਦੇ ਸਵੀਕਾਰੀਏ।
ਲਾਹ ਕੇ ਗਲੋਂ ਚੰਦਰੀ ਵਗਾਹ ਕੇ ਮਾਰੀਏ।

ਤੱਤਾ--ਤੰਗੀ, ਤੁਰਸ਼ੀ ਤੇ ਮੰਦਹਾਲੀਆਂ।
ਕਾਮਿਆਂ ਦੇ ਕਰਮਾਂ 'ਚ ਕਿਉਂ ਕੰਗਾਲੀਆਂ ?

ਥੱਥਾ-ਥੁੜ੍ਹਾਂ ਮਾਰੇ ਕਿਰਤੀ ਦੀ ਜ਼ਿੰਦਗੀ।
ਰੱਬ ਦੇ ਸਹਾਰੇ ਕਿਰਤੀ ਦੀ ਜ਼ਿੰਦਗੀ।

ਦੱਦਾ- ਦੇਖੋ ਕਾਮੇ 'ਤੇ ਕਹਿਰ ਟੁੱਟਿਆ।
ਮੰਗਦਾ ਜੇ ਹੱਕ ਥਾਣੇ ਜਾਏ ਕੁੱਟਿਆ।

ਧੱਦਾ--ਧੰਦ ਪਿੱਟਦਿਆਂ ਉਮਰ ਲੰਘਗੀ।
ਜ਼ਿੰਦਗੀ ਜਿਉਂਕੇ ਵੇਖੀ ਨਹੀਂਓ ਢੰਗ ਦੀ।

ਨੱਨਾ--ਨਫ਼ਾ ਕੌਡੀ ਵੀ ਨਾ ਕੀਤੇ ਕੰਮ ਦਾ।
ਕਾਮੇ ਘਰ ਬੱਚਾ ਕਰਜ਼ਾਈ ਜੰਮਦਾ।

ਪੱਪਾ--ਪੰਜੀਂ ਸਾਲੀਂ ਵੋਟਾਂ ਲੈਣ ਆਉਂਦੇ ਐ।
ਹਟਾਵਾਂਗੇ ਗ਼ਰੀਬੀ ਨੇਤਾ ਕਹਿਣ ਆਉਂਦੇ ਐ।

ਫੱਫਾ--ਫ਼ਰਿਆਦ ਕਿੱਥੇ ਕਰੇ ਕਿਰਤੀ।
ਕਰਕੇ ਕਮਾਈਆਂ ਭੁੱਖਾ ਮਰੇ ਕਿਰਤੀ।

ਬੱਬਾ--ਬਾਈਕਾਟ ਅਤੇ ਨਾਕਾਬੰਦੀਆਂ।
ਉੱਚਾ ਸਾਹ ਲੈਣ 'ਤੇ ਵੀ ਤਾਲਾਬੰਦੀਆਂ।

ਭੱਬਾ--ਭਾਈ ਭੈਣਾਂ ਸਾਰੇ ਹਿੱਕ ਤਣਕੇ।
ਡੱਟ ਜਾਓ ਚੀਨ ਦੀ ਦੀਵਾਰ ਬਣਕੇ।

ਮੱਮਾ--ਮਾਰੋ ਹੰਭ਼ਲਾ ਕਿਸਾਨੋ ਰ਼ਲਕੇ।
ਰੱਤ ਪੀਣੇ ਰੱਖ ਦਿਓ ਮਜੂਰੋ ਮ਼ਲਕੇ।

ਯੱਯਾ--ਯੱਕਾ ਰੱਖੂ ਬਾਦਸ਼ਾਹ ਨੂੰ ਫੰਡ ਕੇ।
ਦੁੱਕੀ-ਤਿੱਕੀ ਵਾਂਗੂ ਜੀਹਨੇ ਰੱਖੇ ਵੰਡ ਕੇ।

ਰਾਰਾ--ਰੱਖੋ ਧੌਣ ਬਾਜ਼ਾਂ ਦੀ ਮਰੋੜ ਕੇ।
ਚਿੜੀਆਂ ਜਨੌਰ ਬਹਿ ਜਾਉ ਸਿਰ ਜੋੜ ਕੇ।

ਲੱਲਾ--ਲੈ ਲਉ ਹੱਕ ਲੜ ਕੇ ਲੁਟੇਰੇ ਤੋਂ।
ਆਜੋ ਬਾਹਰ ਕਾਮਿਓਂ ਜੁਗਾਂ ਦੇ ਨ੍ਹੇਰੇ ਚੋਂ।

ਵਾਵਾ--ਵੱਗ ਵਿਹਲੜ ਵੜਨ ਦੇਓ ਨਾ।
ਹਰੀਆਂ ਅੰਗੂਰੀਆਂ ਚਰਨ ਦੇਓ ਨਾ।

ੜਾੜ੍ਹਾ-ੜਾੜ੍ਹ ਮੁੱਕੂ ਜੁਗਾਂ ਦੇ ਗ਼ੁਲਾਮ ਦੀ।
'ਲਾਲ' ਜਦੋਂ ਤੋਰ ਬਦਲੂ ਨਿਜ਼ਾਮ ਦੀ।

'ਲਾਲ ਸੁਲਹਾਣੀ' ਤਾਂ ਦਿਵਾ਼ਲੀ ਹੋਊਗੀ।
ਜਦ ਕਿਰਤੀ ਦੇ ਘਰ ਖ਼ੁਸ਼ਹਾਲੀ ਹੋਊਗੀ।

**- ਲਾਲ ਸਿੰਘ ਸੁਲਹਾਣੀ**
91-98721-55120

# ਬਾਬਾ ਦੀਪ ਸਿੰਘ ਜੀ ਸ਼ਹੀਦ (1682-1757)



ਸਿੱਖ ਧਰਮ ਇਕ ਸਮਾਜ ਸੁਧਾਰ ਲਹਿਰ ਹੈ। ਮਾਨਵਵਾਦੀ ਸੋਚ ਹੈ ਕਿ ਸਿੱਖ ਧਰਮ ਤੇ ਚਲਦਿਆਂ ਆਪਣੀ ਸਵੈ-ਰੱਖਿਆ ਅਤੇ ਸਵੈਮਾਣ ਵਾਲਾ ਜੀਵਨ ਜਿਊਣ ਲਈ ਤਿਆਰ ਹੋਣ। ਸਿਆਸੀ ਤਾਕਤ ਜਨ ਸਧਾਰਨ ਨੂੰ ਹਾਸਲ ਹੋਵੇ। ਇਸ ਲਈ ਦ੍ਰਿੜ੍ਹ ਨਿਸਚੈ ਵਾਲੀ ਅਗਵਾਈ ਦੀ ਜ਼ਰੂਰਤ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਗ੍ਰਿਹਸਥ ਨੂੰ ਰੂਹਾਨੀ ਵਿਸਥਾਰ ਮੰਨਿਆ। ਸਮਾਜ ਨੂੰ ਝੂਠੇ-ਕਰਮਕਾਂਡਾਂ ਵਿਚੋਂ ਕੱਢ ਕੇ ਸਾਵੀਂ-ਪੱਧਰੀ ਜੀਵਨ ਜਾਚ ਸਿਖਾਈ। ਸਿੱਖ ਗੁਰੂ ਸਾਹਿਬਾਨ ਨੇ ਨਾਬਰਾਬਰੀ ਵਾਲੇ ਸਮਾਜ ਦੀ ਧਾਰਮਿਕ, ਸਮਾਜਿਕ ਤੇ ਸਿਆਸੀ ਦਸ਼ਾ ਨੂੰ ਬਦਲਿਆ। ਉਹਨਾਂ ਨੇ ਬੇਗਰਜ਼ ਸੇਵਾ ਤੇ ਜ਼ੋਰ ਦਿੱਤਾ। ਸਮੇਂ ਦੀਆਂ ਮੁਗਲ ਹਕੂਮਤਾਂ ਨੇ ਸਿੱਖੀ ਨੂੰ ਖਤਮ ਕਰਨ ਲਈ ਹਰ ਅਣ-ਮਨੁੱਖੀ ਹੀਲਾ ਵਰਤਿਆ। ਮੁਗਲ ਹਾਕਮਾਂ ਦੀ ਜਬਰੀ ਧਰਮ ਪ੍ਰੀਵਰਤਨ ਦੀ ਖ਼ੂਨੀ ਨੀਤੀ ਨੇ ਸਮਾਜਿਕ ਇਖਲਾਕ ਨੂੰ ਭਾਰੀ ਸੱਟ ਮਾਰੀ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਮਾਨਵੀ ਬਰਾਬਰੀ ਲਈ ਖਾਲਸਾ ਪੰਥ ਸਾਜ਼ ਕੇ ਮੁਗਲ ਸਾਮਰਾਜ ਦੇ ਧਾਰਮਿਕ ਅਤੇ ਸਿਆਸੀ ਅੱਤਿਆਚਾਰ ਵਿਰੁੱਧ ਸੰਘਰਸ਼ ਕੀਤਾ। ਇਸ ਸਿਆਸੀ ਉਥਲ-ਪੁਥਲ ਵਿਚ ਗੁਰੂ ਸਾਹਿਬ ਜੀ ਨੂੰ ਆਨੰਦਪੁਰ ਛੱਡਣਾ ਪਿਆ। ਉਪਰੰਤ ਚਮਕੌਰ ਅਤੇ ਮੁਕਤਸਰ ਦੇ ਜੰਗ ਹੋਏ। ਗੁਰੂ ਸਾਹਿਬ ਜੀ ਤੋਂ ਬਾਅਦ ਡੇਢ ਸਾਲ ਵਿਚ ਹੀ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਰਹਿੰਦ ਫਤਿਹ ਕਰ ਲਿਆ। ਜੂਨ 9, 1716 ਨੂੰ ਬਾਬਾ ਜੀ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ ਤੇ ਜ਼ੁਲਮ ਹੋਰ ਵੀ ਵੱਧ ਗਿਆ। ਪਰ ਖ਼ਾਲਸੇ ਨੇ ਗੁਰੂ ਗ੍ਰੰਥ ਸਾਹਿਬ ਜੀ ਨੇ ਨਿਸਚੈ ਰੱਖਿਆ। ਦ੍ਰਿੜ੍ਹ ਇਰਾਦੇ ਅਤੇ ਬਹਾਦਰੀ ਨਾਲ ਸਿੱਖ ਸੰਘ ਸੰਗਠਿਤ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਜੀ ਨੇ 12 ਮਿਸਲਾਂ ਨੂੰ ਇਕੱਠਾ ਕਰਕੇ ਵਿਸ਼ਾਲ ਖਾਲਸਾ ਰਾਜ ਸਥਾਪਤ ਕਰ ਲਿਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਮਿਸਲ ਸ਼ਹੀਦਾਂ ਦੇ ਬਾਨੀ ਬਾਬਾ ਦੀਪ ਸਿੰਘ ਜੀ ਸਨ। ਇਸ ਮਿਸਲ ਦੇ ਕੋਲ ਸ਼ਾਹਜਾਦਪੁਰ, ਕੇਸਮੀ, ਰਨਖੰਡੀ, ਬੜਥਾ, ਜਮਾਈ-ਸਹਾਰਨਪੁਰ ਦੇ ਇਲਾਕੇ ਸਨ। ਆਪ ਜੀ ਦਾ ਜਨਮ 26 ਜਨਵਰੀ, 1682 ਈ: ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਦੇ ਸਧਾਰਨ ਪਰਿਵਾਰ ਭਾਈ ਭਗਤੂ ਅਤੇ ਮਾਤਾ ਜਿਉਣੀ ਦੇ ਘਰ ਹੋਇਆ। ਆਪ ਜੀ ਦਾ ਨਾਂ ਦੀਪਾ ਰੱਖਿਆ ਗਿਆ। ਜਦੋਂ 18 ਸਾਲ ਦੇ ਸਨ ਤਾਂ ਉਹ ਆਪਣੇ ਮਾਤਾ ਪਿਤਾ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਲਈ ਆਨੰਦਪੁਰ ਗਏ ਸਨ। ਕੁਝ ਦਿਨਾਂ ਬਾਅਦ ਉਹਨਾਂ ਦੇ ਮਾਪੇ ਤਾਂ ਪਿੰਡ ਪਰਤ ਗਏ, ਪਰ ਗੁਰੂ ਸਾਹਿਬ ਜੀ ਨੇ ਦੀਪੇ ਨੂੰ ਆਪਣੇ ਕੋਲ ਹੀ ਰੱਖ ਲਿਆ। ਨੌਜਵਾਨ ਦੀਪੇ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਤੇ ਨਾਂ ਦੀਪ ਸਿੰਘ ਹੋ ਗਿਆ।

ਉਹਨਾਂ ਨੇ ਸ਼ਾਸਤਰ ਅਤੇ ਸ਼ਸਤਰ ਵਿਦਿਆ ਵਿਚ ਮਾਨਤਾ ਪ੍ਰਾਪਤ ਕਰ ਲਈ। ਤਦ 22 ਸਾਲ ਦੀ ਉਮਰ ਵਿਚ ਵਿਦਵਾਨ ਭਾਈ ਮਨੀ ਸਿੰਘ ਜੀ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ। ਆਪ ਇਕ ਅਭਿਆਸੀ ਸੰਤ ਸਿਪਾਹੀ ਸਨ। ਗਠੀਲਾ ਸਰੀਰ, ਮਜ਼ਬੂਤ ਇਰਾਦਾ, ਸੂਰਮੇ ਜਿਹਾ ਜਲਾਲ ਅਤੇ ਨਿਪੁੰਨ ਯੋਧੇ, ਵਿਦਵਾਨ, ਲਿਖਾਰੀ ਅਤੇ ਕੀਰਤਨੀਏ ਬਣ ਗਏ ਸਨ। ਕੁਝ ਸਮੇਂ ਲਈ ਪਿੰਡ ਪਰਤ ਗਏ ਸਨ। ਉਥੇ ਉਹਨਾਂ ਆਪਣੇ ਇਲਾਕੇ ਵਿਚ ਸਿੱਖ ਧਰਮ ਦਾ ਬੜਾ ਪ੍ਰਚਾਰ ਕੀਤਾ। ਸੰਗਤਾਂ ਵਿਚ ਆਪ ਜੀ ਦਾ ਬੜਾ ਪ੍ਰਭਾਵ ਬਣ ਗਿਆ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰ-ਪਿਤਾ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀ ਤਾਂ ਬਾਬਾ ਜੀ ਨੇ ਭਾਈ ਮਨੀ ਸਿੰਘ ਜੀ ਨਾਲ ਸਹਿਯੋਗ ਕੀਤਾ। ਆਪ ਜੀ ਨੇ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਚਾਰ ਤਖਤਾਂ ਨੂੰ ਭੇਜੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਦੱਖਣ ਵਲ ਵਧਣਾ ਸੀ, ਤਾਂ ਦਮਦਮਾ ਸਾਹਿਬ ਦੀ ਜ਼ਿੰਮੇਵਾਰੀ ਬਾਬਾ ਜੀ ਨੂੰ ਸੌਂਪ ਦਿੱਤੀ ਸੀ।

ਜੰਗੀ ਜੀਵਨ ਵਿਚ ਬਾਬਾ ਜੀ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ ਜੰਗਾਂ ਵਿਚ ਹਿੱਸਾ ਲਿਆ ਅਤੇ ਭਰਪੂਰ ਸਾਥ ਦਿੱਤਾ। ਬਾਬਾ ਜੀ ਦੀ ਬਹਾਦਰੀ ਤੋਂ ਦੁਸ਼ਮਣ ਡਰ ਕੇ ਦੌੜ ਜਾਂਦੇ ਸਨ। ਆਪ ਜੀ ਦਾ ਜਥਾ 'ਸ਼ਹੀਦੀ ਜਥਾ' ਵਜੋਂ ਮਸ਼ਹੂਰ ਹੋਇਆ। ਸੰਨ 1738 ਵਿਚ ਜਕਰੀਆ ਖਾਨ ਨੇ ਅੰਮ੍ਰਿਤਸਰ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਸਿੰਘ ਮਾਲਵੇ ਵੱਲ ਵੱਧ ਗਏ। ਇਸ ਤੋਂ ਬਾਅਦ ਹੋਈਆਂ ਝੜੱਪਾਂ ਵਿਚ ਲਖਪਤ ਰਾਏ ਦਾ ਭਤੀਜਾ ਦੁਨੀ ਚੰਦ ਮਾਰਿਆ ਗਿਆ। ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਅਗਸਤ 11, 1740 ਨੂੰ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਜੋ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਦਾ ਦੋਸ਼ੀ ਸੀ, ਨੂੰ ਸਬਕ ਸਿਖਾਉਣ ਲਈ ਬੀਕਾਨੇਰ ਤੋਂ ਤੁਰੇ ਤਾਂ ਉਹ ਰਸਤੇ ਵਿਚ ਬਾਬਾ ਜੀ ਕੋਲ ਦਮਦਮਾ ਸਾਹਿਬ ਠਹਿਰੇ ਤੇ ਮੱਸੇ ਰੰਗੜ ਦਾ ਸਿਰ ਨੇਜ਼ੇ ਤੇ ਟੰਗ ਕੇ ਵਾਪਸੀ ਤੇ ਵੀ ਦਮਦਮਾ ਸਾਹਿਬ ਠਹਿਰੇ ਸਨ।

ਅਹਿਮਦ ਸ਼ਾਹ ਅਬਦਾਲੀ ਨੇ 1755-56 ਵਿਚ ਚੌਥੀ ਵਾਰ ਭਾਰਤ ਤੇ ਹਮਲਾ ਕੀਤਾ। ਉਸਦੇ ਸੈਨਿਕ ਸੋਨਾ ਚਾਂਦੀ ਤੇ ਹੋਰ ਕੀਮਤੀ ਸਮਾਨ ਅਤੇ ਹਜ਼ਾਰਾਂ ਔਰਤਾਂ ਵੀ ਲੈ ਤੁਰੇ। ਬਾਬਾ ਜੀ ਦਾ ਜਥਾ ਮਾਰਕੰਡਾ ਨਦੀ ਤੇ ਤਾਇਨਾਤ ਸੀ। ਸਿੰਘਾਂ ਨੇ ਅਬਦਾਲੀ ਦੇ ਸਿਪਾਹੀਆਂ 'ਤੇ ਹਮਲਾ ਕਰ ਦਿੱਤਾ। ਸਾਰਾ ਸਮਾਨ ਲੁੱਟ ਲਿਆ ਤੇ ਔਰਤਾਂ ਨੂੰ ਸੁਰੱਖਿਅਤ ਉਹਨਾਂ ਦੇ ਘਰਾਂ ਤੱਕ ਪਹੁੰਚਾਇਆ।

ਅਬਦਾਲੀ ਨੇ 1757 ਵਿਚ ਜਹਾਨ ਖਾਂ ਨੂੰ ਅੰਮ੍ਰਿਤਸਰ ਦਾ ਹਾਕਮ ਨਿਯੁਕਤ ਕੀਤਾ।ਉਸਨੇ ਮਈ 1757 ਵਿਚ ਅੰਮ੍ਰਿਤਸਰ ਨੂੰ ਲੁੱਟਿਆ। ਅੰਮ੍ਰਿਤਸਰ ਦੇ ਮੁਖੀ ਜਮਾਲ ਖਾਂ ਨੇ ਦਰਬਾਰ ਸਾਹਿਬ ਦੀ ਬੇਅਦਬੀ ਅਤੇ ਪਵਿੱਤਰ ਸਰੋਵਰ ਨੂੰ ਵੀ ਪੂਰ ਦਿੱਤਾ। ਉਸਨੇ ਰਾਮਰੌਣੀ ਦੇ ਕਿਲੇ ਨੂੰ ਵੀ ਢਾਹ ਦਿੱਤਾ। ਇਸ ਬੇਪੱਤੀ ਦੀ ਖ਼ਬਰ ਬਾਬਾ ਜੀ ਨੂੰ ਜਥੇਦਾਰ ਭਾਗ ਸਿੰਘ ਜੀ ਤੋਂ ਤਲਵੰਡੀ ਸਾਬੋ ਮਿਲੀ ਤਾਂ ਬਾਬਾ ਜੀ ਨੇ ਰੋਹ ਵਿਚ ਆ ਕੇ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਉਹਨਾਂ ਸਿੰਘਾਂ ਨੂੰ ਕਿਹਾ ਚਲੋ ਹੁਣ ਬੰਦੀ ਛੋੜ ਦਿਵਸ ਅੰਮ੍ਰਿਤਸਰ ਹੀ ਮਨਾਇਆ ਜਾਵੇਗਾ। ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਹੇਠ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਲਈ ਇਕੱਠੇ ਹੋ ਗਏ। ਉਹ ਜਥਾ ਅੰਮ੍ਰਿਤਸਰ ਵੱਲ ਵੱਧ ਗਿਆ। ਰਸਤੇ ਵਿਚ ਜਦੋਂ ਤਰਨਤਾਰਨ ਵਿਚ ਜੋ ਮਰ ਮਿਟਣ ਤੇ ਸ਼ਹੀਦ ਹੋਣ ਲਈ ਤਿਆਰ ਹਨ, ਉਹ ਹੀ ਸਾਡੇ ਨਾਲ ਤੁਰਨ। ਸਾਰੇ ਸਿੰਘ ਬਾਬਾ ਜੀ ਨਾਲ ਤੁਰ ਪਏ।

ਜਹਾਨ ਖਾਂ ਨੇ ਵੀ 20 ਹਜ਼ਾਰ ਦੀ ਫੌਜ ਨੇ ਕੇ ਤਰਨਤਾਰਨ ਵੱਲ ਵਧਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤਸਰ ਤੋਂ ਪੰਜ ਮੀਲ ਦੂਰ ਪਿੰਡ ਗੋਹਲਵਾੜ ਜਾ ਕੇ ਬਾਬਾ ਜੀ ਨੇ ਦੁਸ਼ਮਣ ਦੀ ਫੌਜ ਨੂੰ ਲਲਕਾਰਿਆ, ਜਿੱਥੇ ਗੁਰਦੁਆਰਾ 'ਲਲਕਾਰ ਸਾਹਿਬ' ਸਥਿਤ ਹੈ। ਜਹਾਨ ਖਾਂ ਨੇ ਵੀ ਅਤਾਈ ਖਾਨ ਨੂੰ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਜਹਾਨ ਖਾਨ ਆਪ ਵੀ ਘੋੜ ਸਵਾਰ ਫੌਜ ਨੇ ਕੇ ਗੋਹਲਵਾਲ ਪਹੁੰਚ ਗਿਆ। ਸਿੰਘਾਂ ਅਤੇ ਅਫਗਾਨਾਂ ਵਿਚ ਲਹੂ ਡੋਲਵੀਂ ਜੰਗ ਹੋਈ। ਅਫਗਾਨ ਫੌਜ ਸਿੰਘਾਂ ਦਾ ਸਾਹਮਣਾ ਨਾ ਕਰ ਸਕੀ। ਗਹਿਗੱਚ ਜੰਗ ਹੋਈ। ਸਿੰਘ ਇਕ ਇਕ ਕਰਕੇ ਸ਼ਹੀਦ ਹੋਣ ਲੱਗੇ। ਜੰਗ ਹੁਣ ਚਰਮ ਸੀਮਾ ਤੇ ਆ ਕੇ ਹੋਰ ਵੀ ਭਿਅੰਕਰ ਹੋ ਗਈ। ਦੂਰ-ਦੂਰ ਤੱਕ ਲਾਸ਼ਾਂ ਦੇ ਢੇਰ ਸਨ। ਇਸ ਸਮੇਂ ਤੱਕ ਯਾਕੂਬ ਖਾਂ ਅਤੇ ਸਾਬਕ ਅਲੀ ਖਾਂ ਵੀ ਮੁਕਾਬਲੇ 'ਤੇ ਆ ਗਏ। ਸਿੰਘ ਇੰਨੀ ਬਹਾਦਰੀ ਨਾਲ ਲੜੇ ਕਿ ਦੁਸ਼ਮਣ ਦੀਆਂ ਫੌਜਾਂ ਚਾਰੇ ਪਾਸਿਆਂ ਤੋਂ ਭੱਜਣ ਲੱਗੀਆਂ। ਸਿੰਘ ਅੰਮ੍ਰਿਤਸਰ ਵੱਲ ਵਧਦੇ ਗਏ। ਬਾਬਾ ਜੀ ਆਪਣਾ 18 ਸੇਰ ਦਾ ਖੰਡਾ (ਦੋਧਾਰੀ ਤਲਵਾਰ) ਖੜਖੜਾਉਂਦੇ ਰਾਮਸਰ ਕੋਲ ਪਹੁੰਚ ਗਏ। ਉਹ ਵੈਰੀਆਂ ਨੂੰ ਮੁਕਾਉਂਦੇ ਜਾ ਰਹੇ ਸਨ। ਯਾਕੂਬ ਖਾਂ ਅਤੇ ਬਾਬਾ ਜੀ ਵਿਚਕਾਰ ਫਸਵੀਂ ਟੱਕਰ ਹੋਈ। ਬਾਬਾ ਜੀ ਦੇ ਵਾਰ ਨਾਲ ਯਾਕੂਬ ਖਾਂ ਢੇਰੀ ਹੋ ਗਿਆ। ਤਦ ਅਸਮਾਨ ਖਾਂ ਜੰਗ ਦੇ ਮੈਦਾਨ ਵਿਚ ਆ ਗਿਆ। ਬਾਬਾ ਜੀ ਦੀ ਉਸ ਨਾਲ ਆਹਮੋ-ਸਾਹਮਣੇ ਦੀ ਟੱਕਰ ਹੋ ਗਈ। ਇਕ ਸਾਂਝੇ ਵਾਰ ਵਿਚ ਅਸਮਾਨ ਖਾਂਮਾਰਿਆ ਗਿਆ। ਬਾਬਾ ਜੀ ਦੀ ਗਰਦਨ 'ਤੇ ਡੂੰਘਾ ਘੱਟ ਲੱਗਾ। ਉਹਨਾਂ ਦੀ ਗਰਦਨ ਲਗਭਗ ਵੱਖ ਹੋਣ 'ਤੇ ਸੀ। ਬਾਬਾ ਜੀ ਨੇ ਖੱਬੇ ਹੱਥ ਦੀ ਟੇਕ ਨਾਲ ਸੀਸ ਨੂੰ ਸੰਭਾਲਿਆ ਅਤੇ ਸੱਜੇ ਹੱਥ ਨਾਲ ਖੰਡਾ ਖੜਕਾਉਂਦੇ ਲੜਦੇ ਗਏ। ਦੁਸ਼ਮਣਾਂ ਦੇ ਆਹੂ ਲਾਹੁੰਦੇ ਗਏ। ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਤੱਕ ਜਾ ਪਹੁੰਚੇ। ਬਾਬਾ ਜੀ 15 ਨਵੰਬਰ 1757 ਨੂੰ ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਸ਼ਹੀਦੀ ਪਾ ਗਏ।

ਬਾਬਾ ਜੀ ਇਕ ਸੰਜਮੀ ਯੋਧੇ ਸਨ। ਦੁਸ਼ਮਣ ਉਹਨਾਂ ਦੀ ਬਹਾਦਰੀ ਤੋਂ ਥਰ ਥਰ ਕੰਬਦੇ ਸਨ। ਉਹਨਾਂ ਨੂੰ ਆਪਣੀ ਬਹਾਦਰੀ ਦਾ ਹੰਕਾਰ ਨਹੀਂ ਸੀ। ਉਹ ਆਪਣੇ ਸਾਥੀ ਸਿੰਘਾਂ ਨਾਲ ਹਰਿਮੰਦਰ ਸਾਹਿਬ ਜੀ ਦੀ ਮਰਿਆਦਾ ਨੂੰ ਬਹਾਲ ਰੱਖਣ ਲਈ ਸ਼ਹੀਦ ਹੋਏ। ਉਹ ਬਹਾਦਰ ਅਤੇ ਦਲੇਰ ਸ਼ਹੀਦ ਵਜੋਂ ਯਾਦ ਕੀਤੇ ਜਾਂਦੇ ਹਨ।

ਉਹਨਾਂ ਨੇ ਕੌਮ ਨੂੰ ਜ਼ੁਲਮ ਦੇ ਵਿਰੁੱਧ ਲੜਦੇ ਰਹਿਣ ਲਈ ਉਤਸ਼ਾਹਿਤ ਕੀਤਾ। ਉਹਨਾਂ ਦੀ ਯਾਦ ਵਿਚ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਾਲੀ ਛੱਤ ਤੇ ਜਿੱਥੇ ਉਹਨਾਂ ਨੇ ਆਪਣਾ ਸੀਸ ਭੇਟ ਕੀਤਾ ਗੁਰਦੁਆਰਾ ਹੈ। ਦੂਜਾ ਸ਼ਹੀਦਗੰਜ ਬਾਬਾ ਦੀਪ ਸਿੰਘ ਸ਼ਹੀਦ ਗੁਰਦੁਆਰਾ ਰਾਮਸਰ ਦੇ ਨੇੜੇ ਜਿੱਥੇ ਦੇਹ ਸਸਕਾਰ ਹੋਇਆ ਸੁਸ਼ੋਭਿਤ ਹੈ। ਬਾਬਾ ਜੀ ਦਾ ਦੋਧਾਰੀ ਖੰਡਾ ਅਕਾਲ ਤਖਤ ਸਾਹਿਬ ਜੀ ਦੇ ਸ਼ਸਤਰਾਂ ਵਿਚ ਸੰਭਾਲਿਆ ਪਿਆ ਹੈ। ਹਰ ਰੋਜ਼ ਸ਼ਾਮ ਨੂੰ ਸ਼ਸਤਰਾਂ ਦੇ ਦਰਸ਼ਨ ਬੜੀ ਸ਼ਰਧਾ ਭਾਵਨਾ ਨਾਲ ਸੰਗਤਾਂ ਨੂੰ ਕਰਵਾਏ ਜਾਂਦੇ ਹਨ।


ਅੰਤਿਕਾ: ਹੇ ਭਾਈ ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਂਕ ਹੈ, ਤਾਂ ਆਪਣਾ ਸਿਰ ਤਲੀ ਉਤੇ ਰੱਖ ਕੇ ਮੇਰੀ ਗਲੀ ਵਿਚ ਆ। ਲੋਕ-ਲਾਜ਼ ਨੂੰ ਛੱਡ ਕੇ, ਹਉਮੈ ਦੂਰ ਕਰਕੇ ਆ। ਪ੍ਰਭੂ ਪ੍ਰੀਤ ਦੇ ਇਸ ਰਸਤੇ ਉਤੇ ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਟ ਕੀਤਾ ਜਾਵੇ। ਪਰ ਕੋਈ ਝਿਜਕ ਨਾ ਕੀਤੀ ਜਾਵੇ। ਜਦੋਂ ਬਿਨਾਂ ਝਿਜਕ ਦੇ ਲੋਕ ਲਾਜ਼ ਅਤੇ ਹਉਮੈ ਛੱਡੀ ਜਾਵੇ। - ਅੰਗ 1412

# ਕਾਲਮ ਨਵੀਸ ਸਿੱਖਿਆ ਸ਼ਾਸ਼ਤਰੀ : ਡਾ. ਸਰਬਜੀਤ ਸਿੰਘ ਛੀਨਾ



ਉਜਾਗਰ ਸਿੰਘ
91-94178 13072

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਸ਼ਹਿਰੀ ਵਿਦਿਆਰਥੀ ਪੜ੍ਹਾਈ ਵਿੱਚ ਮੱਲਾਂ ਮਾਰਦੇ ਹਨ ਕਿਉਂਕਿ ਉਨ੍ਹਾਂ ਨੂੰ ਪੜ੍ਹਾਈ ਕਰਨ ਦੀਆਂ ਪੂਰੀਆਂ ਆਧੁਨਿਕ ਸਹੂਲਤਾਂ ਉਪਲਭਧ ਹੁੰਦੀਆਂ ਹਨ। ਇਹ ਵੀ ਸਮਝਿਆ ਜਾਂਦਾ ਹੈ ਕਿ ਸ਼ਹਿਰੀਆਂ ਵਿੱਚ ਪ੍ਰਤਿੱਭਾ ਵੀ ਜ਼ਿਆਦਾ ਹੁੰਦੀ ਹੈ। ਇਹ ਬਿਲਕੁਲ ਸਚਾਈ ਹੈ ਕਿ ਪਿੰਡਾਂ ਦੇ ਵਿਦਿਆਰਥੀਆਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਨਹੀਂ ਮਿਲਦੀਆਂ ਪ੍ਰੰਤੂ ਇਸ ਵਿੱਚ ਕੋਈ ਸਚਾਈ ਨਹੀਂ ਕਿ ਪਿੰਡਾਂ ਦੇ ਵਿਦਿਆਰਥੀਆਂ ਵਿੱਚ ਪ੍ਰਤਿਭਾ ਨਹੀਂ ਹੁੰਦੀ। ਪ੍ਰਤਿਭਾ ਪਿੰਡਾਂ ਦੇ ਵਿਦਿਆਰਥੀਆਂ ਵਿੱਚ ਸ਼ਹਿਰਾਂ ਦੇ ਵਿਦਿਆਰਥੀਆਂ ਦੇ ਬਰਾਬਰ ਹੁੰਦੀ ਹੈ ਪ੍ਰੰਤੂ ਪੜ੍ਹਾਈ ਦੇ ਚੰਗੇ ਮੌਕੇ ਨਾ ਮਿਲਣ ਕਰਕੇ ਕਈ ਵਾਰ ਪਿੰਡਾਂ ਦੇ ਬੱਚੇ ਪਛੜ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਆਪੋ ਆਪਣੇ ਪਰਿਵਾਰਾਂ ਨਾਲ ਘਰੇਲੂ ਕੰਮ ਵੀ ਕਰਵਾਉਂਣੇ ਪੈਂਦੇ ਹਨ। ਪਿੰਡਾਂ ਦੇ ਕਈ ਵਿਦਿਆਰਥੀਆਂ ਨੇ ਸ਼ਹਿਰਾਂ ਦੇ ਵਿਦਿਆਰਥੀਆਂ ਨਾਲੋਂ ਵਧੇਰੇ ਸਫਲਤਾ ਪ੍ਰਾਪਤ ਕੀਤੀ ਹੈ। ਏਥੇ ਮੈਂ ਤੁਹਾਨੂੰ ਇੱਕ ਅਜਿਹੇ ਵਿਅਕਤੀ ਨੂੰ ਮਿਲਾਉਣ ਜਾ ਰਿਹਾ ਹਾਂ, ਜਿਸ ਦੀ ਕਾਬਲੀਅਤ ਦੀ ਧਾਂਕ ਸੰਸਰ ਵਿੱਚ ਖੇਤੀਬਾੜੀ ਖੇਤਰ ਦੇ ਮਾਹਿਰ ਵਿਗਿਆਨੀ/ਅਧਿਆਪਕ ਅਤੇ ਕਾਲਮ ਨਵੀਸ ਦੇ ਤੌਰ 'ਤੇ ਪਈ ਹੋਈ ਹੈ। ਉਨ੍ਹਾਂ ਨੂੰ ਖੇਤੀਬਾੜੀ ਅਧਿਆਪਕ/ਵਿਗਿਆਨੀ ਦੇ ਤੌਰ 'ਤੇ ਸੰਸਾਰ ਵਿੱਚ ਯੂਨੈਸਕੋ ਵਰਗੀਆਂ ਸੰਸਥਾਵਾਂ ਦੇ ਸਮਾਗਮਾਂ ਵਿੱਚ ਵਿਸ਼ੇਸ਼ ਤੌਰ 'ਤੇ ਬੁਲਾਇਆ ਜਾਂਦਾ ਰਿਹਾ ਹੈ। ਉਹ ਲਗਪਗ ਇਕ ਦਰਜਨ ਸੰਸਾਰ ਦੇ ਦੇਸ਼ਾਂ ਵਿੱਚ ਆਪਣੀ ਕਾਬਲੀਅਤ ਦਾ ਸਿੱਕਾ ਜਮ੍ਹਾ ਚੁੱਕੇ ਹਨ। ਉਹ ਮਹਾਨ ਮਾਹਿਰ ਖੇਤੀਬਾੜੀ/ ਵਿਗਿਆਨੀ/ ਅਧਿਆਪਕ ਡਾ. ਸਰਬਜੀਤ ਸਿੰਘ ਛੀਨਾ ਹਨ, ਜਿਨ੍ਹਾਂ ਦਾ ਪਿਛੋਕੜ ਗੁਰਦਾਸਪੁਰ ਜ਼ਿਲ੍ਹੇ ਦੀ ਧਾਰੀਵਾਲ ਤਹਿਸੀਲ ਦੇ ਪਿੰਡ ਲਹਿਲ ਕਲਾਂ ਦਾ ਹੈ। ਉਹ ਇੱਕ ਨਹੀਂ ਸਗੋਂ ਤਿੰਨ ਵਿਸ਼ਿਆਂ ਅਰਥ ਸ਼ਾਸ਼ਤਰ, ਸਮਾਜ ਵਿਗਿਆਨ ਅਤੇ ਖੇਤੀਬਾੜੀ ਦੇ ਮਾਹਿਰ ਹਨ। ਉਹ ਅਜੇ ਵੀ ਇਸ ਵਡੇਰੀ ਉਮਰ ਵਿੱਚ ਕਾਰਜਸ਼ੀਲ ਹਨ। ਇਨ੍ਹਾਂ ਤਿੰਨਾ ਵਿਸ਼ਿਆਂ 'ਤੇ ਉਨ੍ਹਾਂ ਦੇ ਅਰਥ ਭਰਪੂਰ ਲੇਖ ਅਖ਼ਬਾਰਾਂ ਦਾ ਸ਼ਿੰਗਾਰ ਬਣਦੇ ਹਨ। ਉਹ ਆਪਣੀ ਉਮਰ ਤੋਂ ਵੀ ਵੱਧ 81 ਪੁਸਤਕਾਂ ਪ੍ਰਕਾਸ਼ਤ ਕਰਵਾ ਚੁੱਕੇ ਹਨ। ਉਨ੍ਹਾਂ ਦੀਆਂ ਬਹੁਤੀਆਂ ਪੁਸਤਕਾਂ ਅੰਗਰੇਜ਼ੀ ਵਿੱਚ ਹਨ ਪ੍ਰੰਤੂ ਕਈ ਪੁਸਤਕਾਂ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਕਰਕੇ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਉਨ੍ਹਾਂ ਦੀ ਇੱਕ ਅੰਗਰੇਜ਼ੀ ਦੀ ਪੁਸਤਕ "Sikh Martyrs of eighteenth century" ਪਾਠਕਾਂ ਖਾਸ ਤੌਰ 'ਤੇ ਸਿੱਖ ਜਗਤ ਵਿੱਚ ਬਹੁਤ ਹੀ ਹਰਮਨ ਪਿਆਰੀ ਹੋਈ ਹੈ। ਇਹ ਪੁਸਤਕ ਉਨ੍ਹਾਂ ਨੇ ਹਰਬੰਸ ਕੌਰ ਸੰਧੂ ਦੀ 'ਅਠਾਰਵੀਂ ਸਦੀ ਦੇ ਸ਼ਹੀਦ' ਪੁਸਤਕ ਦਾ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਹੈ। ਪ੍ਰਵਾਸ ਵਿੱਚ ਪੰਜਾਬੀਆਂ ਦੀ ਨਵੀਂ ਪੀੜ੍ਹੀ ਜਿਹੜੀ ਪੰਜਾਬੀ ਭਾਸ਼ਾ ਦੀ ਬਹੁਤੀ ਮਾਹਿਰ ਨਹੀਂ ਹੈ, ਉਨ੍ਹਾਂ ਨੂੰ ਆਪਣੀ ਵਿਰਾਸਤ ਨਾਲ ਜੋੜਨ ਲਈ ਇਹ ਪੁਸਤਕ ਲਾਭਦਾਇਕ ਸਾਬਤ ਹੋਵੇਗੀ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰ-ਗੀਆਂ ਸੰਸਥਾਵਾਂ ਨੂੰ ਇਹ ਪੁਸਤਕ ਪ੍ਰਵਾਸ ਵਿਚਲੀਆਂ ਲਾਇਬਰੇਰੀਆਂ ਅਤੇ ਖਾਸ ਕਰਕੇ ਗੁਰੂ ਘਰਾਂ ਦੀਆਂ ਲਾਇਬਰੇਰੀਆਂ ਵਿੱਚ ਭੇਜਣੀ ਚਾਹੀਦੀ ਹੈ ਤਾਂ ਜੋ ਨੌਜਵਾਨ ਪੀੜ੍ਹੀ ਇਸ ਦਾ ਲਾਭ ਉਠਾ ਸਕੇ।



ਡਾ. ਸਰਬਜੀਤ ਸਿੰਘ ਛੀਨਾ ਪੰਜਾਬ ਦੀ ਸਭ ਤੋਂ ਪੁਰਾਣੀ ਤੇ ਸਰਵੋਤਮ ਵਿਦਿਅਕ ਸੰਸਥਾ ਖਾਲਸਾ ਕਾਲਜ ਅੰਮ੍ਰਿਤਸਰ ਵਿੱਚੋਂ ਡੀਨ ਫੈਕਲਿਟੀ ਆਫ਼ ਐਗਰੀਕਲਚਰ ਅਤੇ ਮੁੱਖੀ ਇਕਨਾਮਿਕਸ ਤੇ ਸੋਸ਼ਿਆਲੋਜੀ ਵਿਭਾਗ 2004 ਵਿੱਚ ਸੇਵਾ ਮੁਕਤ ਹੋਏ ਹਨ। ਉਹ ਬਹੁ-ਪੱਖੀ ਅਤੇ ਬਹੁ-ਦਿਸ਼ਾਵੀ ਸ਼ਖ਼ਸੀਅਤ ਦੇ ਮਾਲਕ ਹਨ। ਡਾ।ਸਰਬਜੀਤ ਸਿੰਘ ਛੀਨਾ ਪਹਿਲੇ ਕਾਲਜ ਅਧਿਆਪਕ ਹਨ, ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸੈਨਟ ਤੇ ਸਿੰਡੀਕੇਟ ਦੇ ਮੈਂਬਰ ਬਣਾਇਆ ਗਿਆ। ਆਮ ਤੌਰ 'ਤੇ ਯੂਨੀਵਰਸਿਟੀ ਦੇ ਪ੍ਰੋਫ਼ੈਸਰਾਂ ਨੂੰ ਹੀ ਸਿੰਡੀਕੇਟ ਦੇ ਮੈਂਬਰ ਬਣਾਇਆ ਜਾਂਦਾ ਹੈ। ਉਹ ਚੀਫ਼ ਖਾਲਸਾ ਦੀਵਾਨ ਦੀ ਐਜੂਕੇਸ਼ਨ ਕਮੇਟੀ ਦੇ ਆਨਰੇਰੀ ਸਕੱਤਰ ਵੀ ਹਨ। ਉਹ ਅਜਿਹੇ ਪਹਿਲੇ ਖੇਤੀਬਾੜੀ ਵਿਦਿਅਕ ਮਾਹਿਰ ਹਨ, ਜਿਨ੍ਹਾਂ ਨੂੰ ਲਗਪਗ ਦੇਸ਼ ਅਤੇ ਵਿਦੇਸ਼ ਦੀਆਂ ਵਿਦਿਅਕ ਸੰਸਥਾਵਾਂ ਨੇ ਮਹੱਤਵਪੂਰਨ ਅਹੁਦੇ ਦੇ ਕੇ ਮਾਨ ਸਨਮਾਨ ਦਿੱਤਾ ਹੋਇਆ ਹੈ। ਯੂਨੈਸਕੋ ਦੀਆਂ ਅੱਧੀ ਦਰਜਨ ਸੰਸਥਾਵਾਂ ਦੇ ਸੈਮੀਨਾਰਾਂ ਵਿੱਚ ਹਿੱਸਾ ਲਿਆ, ਜਿਨ੍ਹਾਂ ਵਿੱਚ ਕਲਚਰਲ ਹੈਰੀਟੇਜ ਐਂਡ ਪੀਸ ਐਜੂਕੇਸ਼ਨ ਵਰਣਨਯੋਗ ਹੈ। ਉਨ੍ਹਾਂ ਦੀ ਪ੍ਰਤਿਭਾ ਦਾ ਪ੍ਰਗਟਾਵਾ ਇਸ ਗੱਲ ਤੋਂ ਵੀ ਹੁੰਦਾ ਹੈ ਕਿ 2018 ਵਿੱਚ ਉਨ੍ਹਾਂ ਨੂੰ ਗਰੀਸ ਦੇ ਸ਼ਹਿਰ ਏਥਨਜ਼ ਵਿੱਚ 'ਕਨਫ਼ੈਡਰੇਸ਼ਨ ਆਫ਼ ਯੂਨੈਸਕੋ ਕਲੱਬਜ਼' ਦੀ ਕਾਨਫ਼ਰੰਸ ਵਿੱਚ ਬੁਲਾਇਆ ਗਿਆ ਸੀ। 2017 ਵਿੱਚ ਉਹ ਭਾਰਤ ਵਿੱਚ 'ਕਨਫ਼ੈਡਰੇਸ਼ਨ ਆਫ਼ ਯੂਨੈਸਕੋ ਕਲੱਬਜ਼' ਦੇ ਪ੍ਰਧਾਨ ਚੁਣੇ ਗਏ ਸਨ। 2015 ਵਿੱਚ ਉਹ ਰੋਮਾਨੀਆ ਵਿੱਚ 'ਸਸਟੇਨੇਬਲ ਡਿਵੈਲਪਮੈਂਟ' ਕਾਨਫਰੰਸ ਵਿੱਚ ਹਿੱਸਾ ਲੈਣ ਲਈ ਗਏ ਸਨ। ਇਨਸਟੀਚਿਊਟ ਆਫ਼ ਸੋਸ਼ਲ ਸਾਇੰਸਜ਼ ਨਿਊ ਦਿੱਲੀ ਵੱਲੋਂ ਉਨ੍ਹਾਂ ਨੂੰ 2008 ਵਿੱਚ ਪੰਜਾਬ ਦੀਆਂ ਪੰਚਾਇਤੀ ਚੋਣਾਂ ਦੀ ਰਿਸਰਚ ਸਟੱਡੀ ਕਰਨ ਲਈ ਨਿਯੁਕਤ ਕੀਤਾ ਗਿਆ। 2023 ਵਿੱਚ ਉਹ ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਹਿਊਮੈਨਟੀਜ਼ ਅਤੇ ਸੋਸ਼ਲ ਸਾਇੰਸਜ਼ ਦੀ ਫੈਕਲਟੀ ਦੇ ਬਤੌਰ ਪ੍ਰੋਫ਼ੈਸਰ ਐਮਰੇਟਿਸ ਸਨ। 2019 ਵਿੱਚ ਸਾਹਿਤ ਕੇਂਦਰ ਗੁਰਦਾਸਪੁਰ ਨੇ ਉਨ੍ਹਾਂ ਦੀ ਸੇਵਾਵਾਂ ਦੀ ਕਦਰ ਕਰਦੇ ਹੋਏ 'ਲਾਈਫ਼ ਟਾਈਮ ਅਚੀਵਮੈਂਟ ਅਵਾਰਡ' ਦੇ ਕੇ ਸਨਮਾਨਤ ਕੀਤਾ ਸੀ। 2016 ਵਿੱਚ ਪੰਜਾਬ ਦੇ ਦਿਹਾਤੀ ਇਲਾਕਿਆਂ ਵਿੱਚ ਖੇਤੀ ਤੇ ਅਧਾਰਤ ਫਸਲਾਂ ਦੀ ਪ੍ਰਾਸੈਸਿੰਗ ਨੂੰ ਸਥਾਪਤ ਕਰਨ ਦੇ ਰਸਤੇ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨ ਦੀ ਸਟੱਡੀ ਕਰਨ ਕਰਕੇ ਇੰਡੀਅਨ ਕਾਊਂਸਲ ਆਫ਼ ਸੋਸ਼ਲ ਸਾਇੰਸਜ਼ ਰਿਸਰਚ ਨਿਊ ਦਿੱਲੀ ਨੇ 'ਸੀਨੀਅਰ ਫ਼ੈਲੋਸ਼ਿਪ' ਅਤੇ 2013 ਵਿੱਚ 'ਪ੍ਰਾਜੈਕਟ ਡਾਇਰੈਕਟਰ ਆਫ ਦਾ ਪ੍ਰੋਜੈਕਟ ਆਫ਼ ਡੇਅਰੀ ਕੋਆਪ੍ਰੇਟਿਵਜ਼ ਇਨ ਪੰਜਾਬ' ਬਣਾ ਕੇ ਸਨਮਾਨਤ ਕੀਤਾ। ਵਿਦਿਅਕ ਮਾਹਿਰ ਹੋਣ ਕਰਕੇ ਉਨ੍ਹਾਂ ਨੇ ਦਿਹਾਤੀ ਬੱਚਿਆਂ ਦੀ ਬਿਹਤਰੀ ਲਈ ਇੱਕ ਹਾਈ ਸਕੂਲ ਅਤੇ ਇੱਕ ਆਈ.ਟੀ.ਆਈ. ਵਿਦਿਅਕ ਸੰਸਥਾਵਾਂ ਸਥਾਪਤ ਕੀਤੀਆਂ ਜਿਹੜੀਆਂ 'ਯੂਨੀਵਰਸਲ ਗਰੁਪ ਆਫ਼ ਇੰਸਟੀਚਿਊਟਸ' ਅਧੀਨ ਕੰਮ ਕਰ ਰਹੀਆਂ ਹਨ। ਡਾ।ਸਰਬਜੀਤ ਸਿੰਘ ਛੀਨਾ ਇਸ ਸੰਸਥਾ ਦੇ ਚੇਅਰਮੈਨ ਹਨ। ਵਰਤਮਾਨ ਸਮੇਂ ਜਦੋਂ ਭਾਰਤ ਵਿੱਚ ਖੇਤੀਬਾੜੀ ਦਾ ਕਿੱਤਾ ਘਾਟੇ ਵਿੱਚ ਜਾ ਰਿਹਾ ਹੈ ਅਤੇ ਸਰਕਾਰਾਂ ਵੱਲੋਂ ਕਿਸਾਨਾ ਦੀ ਬਾਂਹ ਨਹੀਂ ਫੜੀ ਜਾ ਰਹੀ, ਸਗੋਂ ਕਿਸਾਨੀ ਨੂੰ ਖ਼ਤਮ ਕਰਨ ਦੀਆਂ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ ਤਾਂ ਅਜਿਹੇ ਨਾਜ਼ਕ ਸਮੇਂ ਡਾ. ਸਰਬਜੀਤ ਸਿੰਘ ਛੀਨਾ ਵਰਗੇ ਖੇਤੀਬਾੜੀ ਮਾਹਿਰ ਦੀਆਂ ਸੇਵਾਵਾਂ ਦਾ ਲਾਭ ਫਸਲੀ ਵਿਭਿੰਨਤਾ ਲਈ ਸੁਝਾਅ ਲੈ ਕੇ ਅਗਵਾਈ ਲੈਣ ਦੀ ਲੋੜ ਹੈ। ਆਪਣੇ ਤੌਰ 'ਤੇ ਉਹ ਖੇਤੀਬਾੜੀ ਅਤੇ ਹੋਰ ਸਮਾਜਿਕ ਸਰੋਕਾਰਾਂ ਨਾਲ ਸੰਬੰਧਿਤ ਲੇਖ ਲਿਖਕੇ ਅਖ਼ਬਾਰਾਂ ਵਿੱਚ ਪ੍ਰਕਾਸ਼ਤ ਕਰਵਾਉਂਦੇ ਰਹਿੰਦੇ ਹਨ। ਪੰਜਾਬ ਸਰਕਾਰ ਨੂੰ ਅਜਿਹੇ ਖੇਤੀਬਾੜੀ ਵਿਗਿਆਨੀਆਂ ਦੀ ਕਾਬਲੀਅਤ ਦਾ ਲਾਭ ਉਠਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ ਕਿਉਂਕਿ ਸਰਕਾਰੀ ਸਹਿਯੋਗ ਤੋਂ ਬਿਨਾ ਕਿਸਾਨੀ ਪ੍ਰਫੁਲਤ ਨਹੀਂ ਹੋ ਸਕਦੀ।

ਸਰਬਜੀਤ ਸਿੰਘ ਛੀਨਾ ਦਾ ਜਨਮ 20 ਮਾਰਚ 1944 ਨੂੰ ਚੱਕ ਨੰਬਰ 96, ਜ਼ਿਲ੍ਹਾ ਸਰਗੋਧਾ ਸਾਂਝੇ ਪੰਜਾਬ (ਅੱਜ ਕਲ੍ਹ ਪਾਕਿਸਤਾਨ) ਵਿੱਚ ਮਾਤਾ ਰਣਜੀਤ ਕੌਰ ਛੀਨਾ ਤੇ ਪਿਤਾ ਰਛਪਾਲ ਸਿੰਘ ਛੀਨਾ ਦੇ ਘਰ ਹੋਇਆ। ਦੇਸ਼ ਦੀ ਵੰਡ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਗੁਰਦਾਸਪੁਰ ਜ਼ਿਲ੍ਹੇ ਦੀ ਧਾਰੀਵਾਲ ਤਹਿਸੀਲ ਦੇ ਪਿੰਡ ਲਹਿਲ ਕਲਾਂ ਵਿੱਚ ਆ ਕੇ ਵਸ ਗਿਆ। ਉਨ੍ਹਾਂ ਨੇ ਮੁੱਢਲੀ ਦਸਵੀਂ ਤੱਕ ਦੀ ਪੜ੍ਹਾਈ ਮਿਸ਼ਨ ਹਾਈ ਸਕੂਲ ਧਾਰੀਵਾਲ, ਬੀ।ਏ।ਸਰਕਾਰੀ ਕਾਲਜ ਗੁਰਦਾਸਪੁਰ ਅਤੇ ਐਮ।ਏ।ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪਾਸ ਕੀਤੀ। ਪੜ੍ਹਨ ਜਾਣ ਲਈ ਉਹ ਆਪਣੇ ਪਿੰਡ ਤੋਂ ਪੈਦਲ ਤੁਰ ਕੇ ਜਾਂਦੇ ਸਨ। ਅਧਿਆਪਕਾਂ ਦੀ ਮਾਰ ਵੀ ਬਰਦਾਸ਼ਤ ਕਰਨੀ ਪਈ। ਉਹ ਸਕੂਲ ਜਾਣ ਤੋਂ ਡਰਦੇ ਰਹਿੰਦੇ ਸਨ। ਉਨ੍ਹਾਂ ਦਾ ਜੀਵਨ ਵੀ ਜਦੋਜਹਿਦ ਵਾਲਾ ਹੈ ਕਿਉਂਕਿ ਪਰਿਵਾਰ ਨੂੰ ਸਾਂਝੇ ਪੰਜਾਬ ਤੋਂ ਵਰਤਮਾਨ ਭਾਰਤ (ਪੰਜਾਬ) ਵਿੱਚ ਆ ਕੇ ਸੈਟਲ ਹੋਣ ਲਈ ਸਖ਼ਤ ਮਿਹਨਤ ਕਰਨੀ ਪਈ।

ਪੜ੍ਹਾਈ ਦੌਰਾਨ ਉਨ੍ਹਾਂ ਨੂੰ ਆਪਣੇ ਪਰਿਵਾਰ ਦੇ ਨਾਲ ਖੇਤੀਬਾੜੀ ਦਾ ਕੰਮ ਵੀ ਕਰਨਾ ਪੈਂਦਾ ਸੀ। ਉਹ ਖ਼ੁਦ ਹਲ ਵੀ ਵਾਹੁੰਦੇ ਅਤੇ ਗੋਡੀ ਕਰਦੇ ਰਹੇ। ਉਨ੍ਹਾਂ ਨੂੰ ਆਪਣਾ ਕੈਰੀਅਰ ਬਣਾਉਣ ਲਈ ਬੜੀ ਸਖ਼ਤ ਮਿਹਨਤ ਕਰਨੀ ਪਈ। ਪ੍ਰੋ. ਸਰਬਜੀਤ ਸਿੰਘ ਛੀਨਾ ਦੀਆਂ ਪ੍ਰਾਪਤੀਆਂ ਤੋਂ ਸਪਸ਼ਟ ਹੁੰਦਾ ਹੈ ਕਿ ਮਿਹਨਤ, ਲਗਨ ਅਤੇ ਦ੍ਰਿੜ੍ਹਤਾ ਇਨਸਾਨ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਵਿੱਚ ਵੱਡਾ ਯੋਗਦਾਨ ਪਾਉਂਦੀ ਹੈ। ਅੱਜ ਦੀ ਨੌਜਵਾਨ ਪੀੜ੍ਹੀ ਜਿਹੜੀ ਵਾਈਟ ਕਾਲਰ ਨੌਕਰੀਆਂ ਦੇ ਪਿੱਛੇ ਭੱਜੀ ਫਿਰਦੀ ਹੈ ਤੇ ਵਿਦੇਸ਼ ਦੇ ਵਿੱਚ ਸੈਟਲ ਹੋਣ ਲਈ ਤਤਪਰ ਹੈ, ਉਨ੍ਹਾਂ ਨੂੰ ਡਾ. ਸਰਬਜੀਤ ਸਿੰਘ ਛੀਨਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਪੰਜਾਬ ਵਿੱਚ ਆਪਣੇ ਕਾਰੋਬਾਰ ਸਥਾਪਤ ਕਰਨ ਦੀ ਲੋੜ ਹੈ।

139ਵੇਂ ਜਨਮ ਦਿਨ 'ਤੇ ਵਿਸ਼ੇਸ

# ਬਾਬੂ ਮੰਗੂ ਰਾਮ ਮੁਗੋਵਾਲੀਆ ਗ਼ਦਰੀ ਯੋਧਾ ਤੇ ਆਦਿ ਧਰਮ ਦਾ ਬਾਨੀ

## (ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜਿਸਨੇ ਗਦਰ ਪਾਰਟੀ ਵਿਚ ਜਾਨ ਹਥੇਲੀ ਤੇ ਰੱਖ ਕੇ ਕੰਮ ਕੀਤਾ ਅਤੇ ਵਿਦੇਸ਼ੋਂ ਮੌਤ ਦੇ ਮੂੰਹ ਵਿਚੋਂ ਪਰਤਣ ਤੇ ਆਪਣੇ ਦੇਸ਼ ਵਿਚ ਆਦਿ ਧਰਮ ਦੀਆਂ ਜੜ੍ਹਾਂ ਲਾਈਆਂ ਨੇ ਆਪਣੀ ਸਕੂਲੀ ਸਿੱਖਿਆ ਇੰਝ ਪੂਰੀ ਕੀਤੀ)



ਡਾ.ਜਸਵੰਤ ਰਾਏ
91-98158-25999

ਇੱਕ ਦਿਨ ਸਵੇਰੇ ਸਵੇਰੇ ਘਰ ਵਿਚ ਬੈਠਿਆਂ ਜਦੋਂ ਮੰਗੂ ਰਾਮ ਆਪਣੇ ਪਿਤਾ ਹਰਨਾਮ ਦਾਸ ਨੂੰ ਚਾਹ ਦਾ ਗਲਾਸ ਫੜਾ ਕੇ ਗਿਆ ਤਾਂ ਚਾਹ ਪੀਦਿਆਂ ਹਰਨਾਮ ਦਾਸ ਦੇ ਦਿਮਾਗ ਵਿਚ ਖਿਆਲ ਆਇਆ ਕਿ ਕਿਉਂ ਨਾ ਮੰਗੂ ਰਾਮ ਨੂੰ ਤਾਲੀਮ ਦੁਆਈ ਜਾਵੇ। ਇਹ ਦਿਮਾਗੀ ਵੀ ਬਹੁਤ ਹੈ ਅਤੇ ਤੇਜ਼ ਤਰਾਰ ਵੀ।ਛੇਤੀ ਹੀ ਚਾਰ ਅੱਖਰ ਪੜ੍ਹਨੇ ਸਿੱਖ ਜਾਵੇਗਾ। ਦੂਸਰੇ ਹੀ ਪਲ ਉਸਦੇ ਮਨ ਵਿਚ ਘੋਰ ਉਦਾਸੀ ਛਾਹ ਗਈ ਕਿ ਸਾਡੇ ਜੁਆਕਾਂ ਨੂੰ ਪੜ੍ਹਾਏਗਾ ਕੌਣ?ਸਾਡੇ ਪ੍ਰਛਾਵੇਂ ਤੋਂਤਾਂ ਬ੍ਰਾਹਮਣਾਂ ਨੂੰ ਭਿੱਟ ਚੜ੍ਹਦੀ ਹੈ।ਪੜ੍ਹਾਨਗੇ ਕਿਵੇਂ ਕੋਲ ਬਿਠਾ ਕੇ ਇਨ੍ਹਾਂ ਨੂੰ? ਪਰ ਇਨ੍ਹਾਂ ਵੇਲਿਆਂ ਤੱਕ ਮਹਾਤਮਾ ਜੋਤੀਬਾ ਰਾਓ ਫੂਲੇ, ਆਇਨਕਲੀ ਦੇ ਉਪਰਾਲਿਆਂ ਅਤੇ ਅੰਗਰੇਜ਼ਾਂ ਦੀਆ ਸਾਰਥਕ ਕੋਸ਼ਿਸ਼ਾਂ ਸਦਕਾ ਅਛੂਤਾਂ ਲਈ ਟਾਂਵੇਂ ਟਾਂਵੇਂ ਸਕੂਲਾਂ ਦੇ ਦੁਆਰ ਖੁੱਲ੍ਹਣੇ ਸ਼ੁਰੂ ਹੋ ਗਏ ਸਨ। ਭਾਂਵੇਂ ਇਨ੍ਹਾਂ ਸਕੂਲਾਂ ਤੱਕ ਅਛੂਤ ਬੱਚਿਆਂ ਦੀ ਪਹੁੰਚ ਨਾ ਮਾਤਰ ਹੀ ਸੀ। ਇਸਾਈਮੱਤ ਦੇ ਪ੍ਰਭਾਵ ਨੂੰ ਠੱਲ ਪਾਉਣ ਲਈ ਅਤੇ ਅੰਦਰ ਖਾਤੇ ਹਿੰਦੂ ਧਰਮ ਦੀਆਂ ਜੜ੍ਹਾਂ ਪੱਕੀਆਂ ਕਰਨ ਲਈ ਆਰੀਆ ਸਮਾਜੀਆਂ ਨੇ ਵੀ ਸਿੱਖਿਆ ਦੇ ਦਰਵਾਜੇ ਅਛੂਤਾਂ ਲਈ ਖੋਲ੍ਹ ਦਿੱਤੇ ਸਨ। ਪਰ ਉਹ ਅਛੂਤਾਂ ਦੇ ਬੱਚਿਆਂ ਨੂੰ ਆਪਣੇ ਸਕੂਲ ਵਿਚ ਦਾਖਲ ਕਰਨ ਤੋਂ ਪਹਿਲਾਂ ਮਾਨਸਿਕ ਤੌਰ ਤੇ ਭਿੱਟ ਜਾਣ ਦੇ ਡਰ ਤੋਂ ਮੁਕਤ ਹੋਣ ਲਈ ਸ਼ੁੱਧੀਕਰਨ ਦੀ ਰਸਮ ਜਰੂਰ ਕਰਦੇ ਸਨ।

ਕੁਝ ਵੀ ਹੋਵੇ ਸਮਾਜ ਵਿਚ ਹੋ ਰਹੇ ਇਨ੍ਹਾਂ ਉਪਰਾਲਿਆਂ ਨਾਲ ਹਰਨਾਮ ਦਾਸ ਨੂੰ ਬੜਾ ਬਲ ਮਿਲਿਆ ਤੇ ਉਸਨੇ ਆਪਣੇ ਗਭਲੇ ਪੁੱਤਰ ਮੰਗੂ ਰਾਮ ਨੂੰ ਪੜ੍ਹਾਉਣ ਦਾ ਮਨ ਬਣਾ ਲਿਆ। ਉਸ ਸਮੇਂ ਮੰਗੂ ਰਾਮ ਦੀ ਉਮਰ ਸੱਤ ਸਾਲ ਦੀ ਸੀ। ਉਸ ਨੂੰ ਪਿੰਡ ਦੇ ਹੀ ਇੱਕ ਸਾਧੂ ਕੋਲ ਗੁਰਮੁਖੀ ਦੇ ਅੱਖਰਾਂ ਦੇ ਗਿਆਨ ਲਈ ਭਰਤੀ ਕਰਵਾਇਆ ਗਿਆ। ਬਾਲ ਮੰਗੂ ਰਾਮ ਥੋੜ੍ਹਾ ਚਿਰ ਇਸ ਸਾਧ ਕੋਲਪੜ੍ਹਨ ਲਈ ਜਾਂਦਾ ਰਿਹਾ।ਪਰ ਇਹ ਕੋਈ ਪੜ੍ਹਨ ਦਾ ਪੱਕਾ ਪ੍ਰਬੰਧ ਨਹੀਂ ਸੀ।

ਪੜ੍ਹਾਈ ਦੇ ਪੱਕੇ ਪ੍ਰਬੰਧ ਵਾਲੀ ਮੱਦ ਨੂੰ ਮੁਖ ਰੱਖਦਿਆਂ ਹਰਨਾਮ ਦਾਸ ਨੇ ਬਾਲ ਮੰਗੂ ਰਾਮ ਨੂੰ ਆਪਣੇ ਵੱਡੇ ਪੁੱਤਰ ਗੰਗਾ ਰਾਮ ਕੋਲ ਦੇਹਰਾਦੂਨ ਭੇਜ ਦਿੱਤਾ ਜਿੱਥੇ ਉਹ ਚਮੜੇ ਦਾ ਕਾਰੋਬਾਰ ਕਰ ਰਿਹਾ ਸੀ। ਹਰਨਾਮ ਦਾਸ ਦੇ ਮਨ ਵਿਚ ਸੀ ਕਿ ਦੇਹਰਾਦੂਨ ਵੱਡਾ ਸ਼ਹਿਰ ਹੈ। ਉੱਥੇ ਪੜ੍ਹਾਈਦੀਆਂ ਵੀ ਵੱਡੀਆਂ ਸਹੂਲਤਾਂ ਹੋਣਗੀਆਂ ਅਤੇ ਮੰਗੂ ਰਾਮ ਦੀ ਅੰਗਰੇਜ਼ੀ ਪੜ੍ਹਨ ਦੀ ਰੀਝ ਵੀ ਪੂਰੀ ਹੋ ਜਾਵੇਗੀ। ਪਰ ਉਸ ਭੋਲ਼ੇ ਨੂੰ ਇਹ ਨਹੀਂ ਸੀ ਪਤਾ ਕਿ ਜਾਤੀ ਪਾਤੀ ਸਿਸਟਮ ਸਿਰਫ ਹੁਸ਼ਿਆਰਪੁਰ ਵਿਚ ਹੀ ਮੌਜੂਦ ਨਹੀਂ ਸੀ ਸਗੋਂ ਇਸ ਨੇ ਤਾਂ ਭਾਰਤ ਦੀਸਰ ਜ਼ਮੀਂ ਦੇ ਹਰ ਕਣ ਨੂੰ ਆਪਣੇ ਜ਼ਹਿਰ ਨਾਲ ਜ਼ਹਿਰੀਲਾ ਕਰ ਦਿੱਤਾ ਸੀ। ਗੰਗਾ ਰਾਮ ਦੁਆਰਾ ਬਾਲ ਮੰਗੂ ਰਾਮ ਨੂੰ ਪੜ੍ਹਨੇ ਪਾਉਣ ਦੇ ਸੁਪਨੇ ਨੂੰ ਦੇਹਰਾਦੂਨ ਵਿਚ ਵੀ ਬੂਰ ਨਾ ਪਿਆ। ਜਦੋਂ ਸਕੂ.ਲ ਵਾਲਿਆਂ ਨੂੰ ਮੰਗੂ ਰਾਮ ਦੇਅਛੂਤ ਹੋਣ ਦਾਪਤਾ ਲੱਗਾ ਤਾਂ ਉਹਨਾਂ ਨੇ ਸਕੂ.ਲ ਦੇ ਗੇਟ ਅੰਦਰ ਵੀ ਮੰਗੂ ਰਾਮ ਨੂੰ ਪੈਰ ਨਾ ਪਾਉਣ ਦਿੱਤਾ।ਸਿੱਟੇ ਵਜੋਂ ਮੰਗੂ ਰਾਮ ਨੂੰ ਮੁੜ ਪਿੰਡ ਮੁਗੋਵਾਲ ਵਾਪਸ ਪਰਤਣਾ ਪਿਆ।

ਹਰਨਾਮ ਦਾਸ ਨੇ ਹਾਲੇ ਵੀ ਹੱਥ ਖੜੇ ਨਹੀਂ ਸਨ ਕੀਤੇ। ਉਸ ਨੇ ਧੁਰ ਅੰਦਰ ਤੱਕ ਫੈਸਲਾ ਕਰ ਲਿਆ ਸੀ ਕਿ ਉਹ ਮੰਗੂ ਰਾਮ ਨੂੰ ਤਾਲੀਮ ਜ਼ਰੂਰ ਦੁਆਏਗਾ। ਇਸ ਲਈ ਉਸ ਨੇ ਮਾਹਿਲਪੁਰ ਦੇ ਇੱਕ ਸਕੂਲ ਵਿਚ ਮੰਗੂ ਰਾਮ ਨੂੰ ਪੜ੍ਹਨੇ ਪਾਉਣ ਦੀਆਂ ਕੋਸ਼ਿਸ਼ਾਂ ਆਰੰਭ ਕਰ ਦਿੱਤੀਆਂ।ਪਰ ਇਹ ਕੰਮ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਉਸਨੂੰ ਸਕੂਲਹਰ ਰੋਜ ਜਾ ਕੇ ਅਧਿਆਪਕਾਂ ਦੇ ਹਾੜੇ ਕੱਢਣੇ ਪੈਂਦੇ।ਇਹ ਇੱਕ ਤਰ੍ਹਾਂ ਨਾਲ ਆਪਣੇ ਹੱਥੀਂ ਆਪਣੀ ਪੱਤ ਲੁਹਾਉਣ ਵਾਲੀ ਗੱਲ ਸੀ। ਉਸ ਨੂੰ ਰੋਜ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ-"ਕੀ ਕਰੇਂਗਾ ਪੜ੍ਹਾ ਕੇ ਜੁਆਕ ਨੂੰ? ਕਰਨੀਆਂ ਤਾਂ ਤੁਹਾਨੂੰ ਪਿਓ ਦਾਦੇ ਵਾਂਗ ਬੁੱਤੀਆਂ ਹੀ ਪੈਣੀਆਂਸਾਰੀ ਉਮਰ। ਘਾਹੀ ਦੇਪੁੱਤ ਨੇ ਘਾਹੀ ਹੀ ਬਣਨੈ। ਬਾਹ.ਲੇ ਸੁਪਨੇ ਨਾ ਦੇਖ। ਭੱਜ ਜਾ ਇੱਥੋਂ।"

ਹਰਨਾਮ ਦਾਸ ਨੇ ਜਦੋਂ ਜ਼ਿੱਦ ਨਾ ਛੱਡੀ ਤਾਂ ਅਧਿਆਪਕਾਂ ਨੇ ਮੰਗੂ ਰਾਮ ਨੂੰ ਸਕੂਲ ਦਾਖਲ ਕਰਨ ਦੀ ਹਾਮੀ ਭਰ ਦਿੱਤੀ ਇਹ ਕਹਿੰਦਿਆਂ ਅਖੇ ਸਾਡੀਆਂ ਕੁਝ ਸ਼ਰਤਾਂ ਤੈਨੂੰ ਮੰਨਣੀਆਂ ਪੈਣਗੀਆਂ? ਅੰਨ੍ਹਾ ਕੀ ਭਾ.ਲੇ ਦੋ ਅੱਖਾਂ, ਹਰਨਾਮ ਦਾਸ ਤਾਂ ਮੰਗੂ ਰਾਮ ਦੀ ਪੜ੍ਹਾਈ ਲਈ ਜ਼ਿੰਦ ਵੇਚਣ ਨੂੰ ਵੀ ਤਿਆਰ ਖੜਾ ਸੀ। ਉਸ ਨੇ ਹਾਮੀ ਭਰ ਦਿੱਤੀ ਸ਼ਰਤਾਂ ਲਈ। ਇਸ ਅਸਾਵੇਂ ਸਮਾਜ ਦੇ ਦਰੋਣਾਚਾਰੀਆਂ ਨੇ ਨਿਮਨ ਲਿਖਤ ਸ਼ਰਤਾਂ ਰੱਖੀਆਂ। ਸ਼ਰਤਾਂ ਇਹ ਸੋਚ ਕੇ ਸਖ਼ਤ ਰੱਖੀਆਂ ਕਿ ਸ਼ੂਦਰ ਦਾ ਬੱਚਾ ਦੋ ਚਾਰ ਦਿਨਾਂ ਵਿਚ ਹੀ ਸਕੂਲ ਤੋਂ ਨੌਂ ਦੋ ਗਿਆਰਾਂ ਹੋ ਜਾਵੇਗਾ।ਇਹ ਇੱਕ ਤਰ੍ਹਾਂ ਨਾਲ ਏਕਲੱਵਿਆ ਦੇ ਧਨੁਸ਼ ਫੜਨ ਤੋਂ ਪਹਿਲਾਂ ਹੀ ਅੰਗੂਠਾ ਮੰਗਣ ਵਾਲੀ ਗੱਲ ਸੀ: ਬਾਲ ਮੰਗੂ ਰਾਮ ਜਮਾਤ ਦੇ ਕਮਰੇ ਦੇ ਬਾਹਰ ਦਰਵਾਜੇ ਕੋਲ ਬੈਠ ਕੇ ਸਿੱਖਿਆ ਪ੍ਰਾਪਤ ਕਰੇਗਾ।

ਅਧਿਆਪਕ ਸਿੱਧੇ ਰੂਪ ਵਿਚ ਇਸ ਨੂੰ ਸਿੱਖਿਆ ਪ੍ਰਦਾਨ ਨਹੀਂ ਕਰਨਗੇ ਬਲਕਿ ਮੰਗੂ ਰਾਮ ਨੂੰ ਇੱਕ ਮੁਸਲਮਾਨ ਵਿਦਿਆਰਥੀ ਕੋਲੋਂ ਸਿੱਖਿਆ ਪ੍ਰਾਪਤ ਕਰਨੀ ਹੋਵੇਗੀ।

ਉਸ ਨੂੰ ਕਿਸੇ ਵੀ ਸਥਿਤੀ ਵਿਚ ਜਮਾਤ ਦੇ ਕਮਰੇ ਵਿਚ ਦਾਖਲ ਹੋਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।ਕਿਉਂ ਕਿ ਇਸ ਨਾਲ ਉਚ ਜਾਤੀ ਦੇ ਵਿਦਿਆਰਥੀਆਂ ਦੇ ਭਿੱਟ ਜਾਣ ਦਾਡਰ ਰਹੇਗਾ।

ਮੰਗੂ ਰਾਮ ਨੂੰ ਟਾਟ ਵੀ ਘਰ ਤੋਂ ਹੀ ਲੈਕੇ ਆਉਣਾ ਪਵੇਗਾ।

ਸਕੂਲ ਵਿਚ ਇਹ ਆਮ ਪਿਆਓ ਤੋਂ ਪਾਣੀ ਨਹੀਂ ਪੀ ਸਕੇਗਾ।

ਜਦੋਂ ਬਾਲ ਮਨ ਨੂੰ ਇਸ ਤਰ੍ਹਾਂ ਦੀਆਂ ਸਥਿਤੀਆ ਵਿਚੀਂ ਗੁਜ਼ਰਨਾ ਪਵੇਤਾਂ ਉਹ ਪੜ੍ਹਾਈ ਨਾਲ ਕਿਵੇਂ ਜੁੜ ਸਕੇਗਾ? ਅੱਜ ਸਾਡਾ ਵਿਦਿਆਰਥੀ ਜਿਸਨੂੰ ਪੜ੍ਹਾਈ ਦੀਆਂ ੳ ਤੋਂ ੜ ਤੱਕ ਸਾਰੀਆਂ ਸਹੂਲਤਾਂ ਮਿਲ ਰਹੀਆਂ ਹਨ ਉਹ ਫਿਰ ਵੀ ਪੜ੍ਹਾਈ ਤੋਂ ਕੰਨੀ ਕਤਰਾਉਂਦਾ ਹੈ। ਉਸ ਸਮੇਂ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਮਨ ਤੇਕੀ ਗੁਜ਼ਰੀ ਹੋਵੇਗੀ। ਪਰ ਅਸ਼ਕੇ ਜਾਈਏ ਉਸ ਬਹਾਦਰ ਬੱਚੇ ਦੇ ਜੋ ਇਸ ਤਰ੍ਹਾਂ ਦੇ ਕੋਝੇ ਮਾਹੌਲ ਤੋਂ ਵੀ ਪੜ੍ਹਾਈ ਤੋਂ ਪਿੱਛੇ ਨਹੀਂ ਹਟਿਆ। ਉਸਨੇ ਸਤਾਈ ਵਿਦਿਆਰਥੀਆਂ ਦੀ ਜਮਾਤ ਵਿਚੋਂ ਤੀਜੇ ਸਥਾਨ ਤੇ ਰਹਿ ਕੇ ਪ੍ਰਾਇਮਰੀ ਦੀ ਸਿੱਖਿਆ ਪੂਰੀ ਕੀਤੀ।

ਪ੍ਰਾਇਮਰੀ ਤੱਕ ਦੀ ਸਿੱਖਿਆ ਪੂਰੀ ਕਰਨ ਲਈ ਲਗ-ਪਗ ਇਸੇ ਤਰ੍ਹਾਂ ਦਾ ਸਾਹਮਣਾ ਡਾ. ਭੀਮ ਰਾਓ ਅੰਬੇਡਕਰ ਨੂੰ ਮਹਾਰਾਸ਼ਟਰ ਵਿਚ ਕਰਨਾ ਪਿਆ ਜਿਸ ਨੇ ਬਾਅਦ ਵਿਚ ਲੰਬੀ ਜੱਦੋ ਜ਼ਹਿਦ ਕਰਦਿਆਂ ਅਛੂਤਾਂ ਦੇ ਸੰਘਰਸ਼ ਨੂੰ ਰਾਸ਼ਟਰੀ ਪੱਧਰ ਤੇ ਚਰਮ ਸੀਮਾ ਤੱਕ ਪਹੁੰਚਾਇਆ ਸੀ।ਦੱਖਣ ਭਾਰਤ ਵਿਚ ਨਰਾਇਣਾ ਗੁਰੂ, ਪੈਰੀਆਰ ਅਤੇ ਆਇਨਕਲੀ ਇੱਕੋ ਜਿਹਾ ਬਚਪਨ ਗੁਜ਼ਾਰਨ ਵਾਲੇ ਇਹਨਾਂ ਸਮਕਾਲੀ ਯੋਧਿਆਂ ਨੇ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਸਮਾਂ ਇੱਕ ਵੇਲੇ ਇਨ੍ਹਾਂ ਨੂੰ ਅਛੂਤਾਂ ਦੇ ਹੱਕਾਂ ਦੇ ਰਾਖੇ ਬਣਾ ਕੇ ਇੱਕੋ ਮੰਚ ਤੇ ਸਥਾਪਿਤ ਕਰ ਦੇਵੇਗਾ। ਮੰਗੂ ਰਾਮ ਦੀ ਅਗਲੇਰੀ ਪੜ੍ਹਾਈ ਦੀ ਸਮੱਸਿਆ ਹਰਨਾਮ ਦਾਸ ਅੱਗੇ ਫਿਰ ਦੈਂਤ ਵਾਂਗ ਮੂੰਹ ਅੱਡੀ ਖੜੀ ਸੀ। ਉਹ ਆਪਣੇ ਪੁੱਤਰ ਨੂੰ ਫਰਾਟੇਦਾਰ ਅੰਗਰੇਜ਼ੀ ਬੋਲਦੇ ਦੇਖਣਾ ਚਾਹੁੰਦਾ ਸੀ। ਇਸ ਨਾਲ ਉਸ ਦੇ ਕਾਰੋਬਾਰ ਨੇ ਵੀ ਵਧਣਾ ਫੁਲਣਾ ਸੀ ਤੇ ਬਰਾਦਰੀ ਵਿਚ ਕੋਈ ਚਾਰ ਅੱਖਰ ਜਾਨਣ ਵਾਲਾ ਵੀ ਬਣ ਜਾਣਾ ਸੀ। ਪਰ ਉਸ ਸਮੇਂ ਮੁਗੋਵਾਲ ਦੇ ਨੇੜੇ ਕੋਈ ਵੀ ਹਾਈ ਸਕੂਲ ਨਹੀਂ ਸੀ



ਉਸ ਸਮੇਂ ਭਾਵ ਉੱਨੀਵੀਂ ਸਦੀ ਦੇ ਆਖਰੀ ਦਹਾਕੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਸਿਰਫ ਦੋ ਹਾਈ ਸਕੂਲ ਚੱਲ ਰਹੇ ਸਨ।ਪਹਿਲਾ ਸੀ ਸਰ ਅਮੀ ਚੰਦ ਹਾਈ ਸਕੂਲ ਬਜਵਾੜਾ। ਇਹ ਹੁਸ਼ਿਆਰਪੁਰ ਦਾ ਪਹਿਲਾ ਹਾਈ ਸਕੂਲ ਸੀ। ਇਸਦੀ ਸਥਾਪਨਾ 1889 ਈ: ਵਿਚ ਹੋਈ ਸੀ। ਹਜ਼ਾਰਾਂ ਵਿਦਿਆਰਥੀਆਂ ਨੇ ਇੱਥੋਂ ਸਿੱਖਿਆ ਪ੍ਰਾਪਤ ਕਰਕੇ ਸਰਕਾਰੇ ਦਰਬਾਰੇ ਉੱਚ ਅਹੁਦਿਆਂ ਤੇ ਕੰਮ ਕੀਤਾ। ਸਿੱਖਿਆ ਦੇ ਖੇਤਰ ਵਿਚ ਇਹ ਸਕੂਲ ਜੱਜਾਂ ਦੇ ਨਾਂ ਨਾਲ ਮਸ਼ਹੂਰ ਹੈ। ਇਸ ਸਕੂਲ ਤੋਂ ਪੜ੍ਹ ਕੇ ਗਏ 125 ਦੇ ਕਰੀਬ ਵਿਦਿਆਰਥੀ ਭਾਰਤ ਦੀਆਂ ਲੋਕਲ ਅਦਾਲਤਾਂ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਦੀਆਂ ਕੁਰਸੀਆਂ ਤੇ ਕਾਨੂੰਨੀ ਦਾਅ-ਪੇਚਾਂ ਰਾਹੀਂ ਮੱਲਾਂ ਮਾਰ ਚੁੱਕੇ ਹਨ।

ਜ਼ਿਲ੍ਹਾ ਹੁਸ਼ਿਆਰਪੁਰ ਦਾ ਦੂਜਾ ਸਕੂਲ ਸੀ ਡੀ.ਏ.ਵੀ. ਹਾਈ ਸਕੂਲ ਕੱਚਾ ਟੋਭਾ। ਇਸਦੀ ਸਥਾਪਨਾ 8 ਫਰਵਰੀ 1898 ਈ: ਨੂੰ ਹੋਈ।ਉਤਰੀ ਭਾਰਤ ਵਿਚ ਇਹ ਡੀ.ਏ.ਵੀ. ਦੀ ਪਹਿਲੀ ਸੰਸਥਾ ਸੀ। ਚੰਬੇ, ਜੰਮੂ ਅਤੇ ਲਾਹੌਰ ਤੱਕ ਦੇ ਵਿਦਿਆਰਥੀ ਇੱਥੇ ਪੜ੍ਹਦੇ ਰਹੇ ਹਨ। ਉਸ ਸਮੇਂ ਇਸ ਵਿਚ 5500 ਵਿਦਿਆਰਥੀ ਸਿੱਖਿਆ ਪ੍ਰਾਪਤ ਕਰਦੇ ਸਨ। ਸ਼੍ਰੀ ਹੰਸ ਰਾਜ ਇਸਦੇ ਪ੍ਰਿੰਸੀਪਲ ਸਨ ਜੋ ਬਜਵਾੜਾ ਵਿਖੇ ਰਹਿੰਦੇ ਸਨ। ਬਾਅਦ ਵਿਚ ਪੂਰੇ ਉਤਰੀ ਭਾਰਤ ਵਿਚ ਡੀ.ਏ.ਵੀ. ਦੀਆਂ 39 ਬ੍ਰਾਂਚਾਂ ਖੁੱਲ੍ਹੀਆਂ। ਲਾਹੌਰ ਦੇ ਡੀ.ਏ.ਵੀ. ਕਾਲਜ ਜਿੱਥੇ ਸ਼ਹੀਦ ਭਗਤ ਸਿੰਘ ਤੇ ਹੋਰ ਇਨਕਲਾਬੀ ਸਿੱਖਿਆ ਪ੍ਰਾਪਤ ਕਰਦੇ ਰਹੇ ਹਨ ਸਮੇਤ ਸਾਰੇ 39 ਸੰਸਥਾਵਾਂ ਦੇ ਆਵਰ ਆਲ ਹੈੱਡ ਸ਼੍ਰੀ ਹੰਸ ਰਾਜ ਰਹੇ। ਹੁਣ ਪਿੰਡ ਬਜਵਾੜਾ ਵਿਖੇ ਇਹਨਾਂ ਦੇ ਜੱਦੀ ਘਰ ਹੀ ਇਨ੍ਹਾਂ ਦੀ ਸਮਾਧ ਬਣੀ ਹੋਈ ਹੈ।

ਉਪਰੋਕਤ ਦੋਵਾਂ ਸਕੂਲਾਂ ਵਿੱਚੋਂ ਹਰਨਾਮ ਦਾਸ ਨੇਸਰ ਅਮੀ ਚੰਦ ਹਾਈ ਸਕੂਲ ਬਜਵਾੜਾ ਦੀ ਚੋਣ ਕੀਤੀ। ਇਸ ਸਕੂਲ ਦੀ ਚੋਣ ਕਰਨ ਦਾ ਮੁੱਖ ਕਾਰਨ ਮੰਗੂ ਰਾਮ ਦੀ ਭੂਆ ਦਾ ਇਸੇ ਪਿੰਡ ਵਿਆਹੇ ਹੋਣਾ ਸੀ। ਬਜਵਾੜਾ ਪਿੰਡ ਮੁਗੋਵਾਲ ਤੋਂ ਵੀਹ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਮੰਗੂ ਰਾਮ ਲਈ ਇੰਨੀ ਦੂਰੀ ਤਹਿ ਕਰਕੇ ਸਕੂਲ ਆਉਣਾ ਜਾਣਾ ਬਹੁਤ ਔਖਾ ਸੀ। ਇਸ ਕਰਕੇ ਮੰਗੂ ਰਾਮ ਨੂੰ ਜੂਨੀਅਰ ਪੜ੍ਹਾਈ ਲਈ ਇਸ ਸਕੂਲ ਵਿੱਚ ਦਾਖਲ ਕਰਵਾ ਦਿੱਤਾ ਗਿਆ। ਇਹ ਦਾਖਲਾ ਵੀ ਅਸਾਨੀ ਨਾਲ ਨਹੀਂ ਹੋਇਆ ਸਗੋਂ ਪ੍ਰਬੰਧਕਾਂ ਨੇ ਮਾਹਿਲਪੁਰ ਸਕੂਲ ਨਾਲੋਂ ਵੀ ਵੱਧ ਹਰਨਾਮ ਸਿੰਘ ਦੀਆਂ ਘੀਸੀਆਂ ਕਢਵਾਈਆਂ। ਜੂਨੀਅਰ ਜਮਾਤ ਵਿਚ ਪੜ੍ਹਾਈ ਸਮੇਂ ਮਾਹੌਲ ਮਾਹਿਲਪੁਰ ਦੇ ਪ੍ਰਾਇਮਰੀ ਸਕੂਲ ਨਾਲੋਂ ਵੀ ਮਾੜਾ ਸੀ। ਉੱਥੇ ਤਾਂ ਉਸਨੂੰ ਦਰਵਾਜੇ ਕੋਲ ਬੈਠ ਕੇ ਪੜ੍ਹਨ ਦੀ ਆਗਿਆ ਸੀ ਪਰ ਇੱਥੇ ਤਾਂ ਮੰਗੂ ਰਾਮ ਨੂ ਦਰਵਾਜੇ ਅੱਗਿਓਂ ਵੀ ਉਠਾ ਦਿੱਤਾ ਗਿਆ।ਅਖੇ ਸਾਨੂੰ ਕਮਰੇ ਅੰਦਰ ਲੰਘਣ ਵੜਨ ਸਮੇਂ ਭਿੱਟ ਚੜ੍ਹਦੀ ਹੈ। ਮੰਗੂ ਰਾਮ ਨਾਲ ਅਧਿਆਪਕ ਵਿਦਿਆਰਥੀਆਂ ਤੋਂ ਵੱਧ ਕੇ ਤ੍ਰਿਸਕਾਰ ਕਰਦੇ ਸਨ ਤੇ ਵਿਦਿਆਰਥੀ ਅਧਿਆਪਕਾਂ ਤੋਂ ਵੱਧ ਕੇ।ਉਸਨੂੰ ਜਮਾਤ ਦੇ ਕਮਰੇ ਦੇ ਅਖੀਰ ਤੇ ਬਾਹਰ ਵੱਲ ਇੱਕ ਤਾਕੀ ਕੋਲ ਜਾ ਕੇ ਬੈਠਣ ਦਾ ਹੁਕਮ ਚਾੜ੍ਹਿਆ ਗਿਆ। ਮੰਗੂ ਰਾਮ ਘਬਰਾਇਆ ਹੋਇਆ ਆਪਣਾ ਝੋ.ਲਾ ਚੁੱਕ ਕੇ ਤਾਕੀ ਕੋਲ ਜਾ ਬੈਠਿਆ। ਮਾਹਿਲਪੁਰ ਸਕੂਲੋਂ ਹੋਏ ਤਜ਼ਰਬੇ ਤਹਿਤ ਬੋਰੀ ਦਾ ਟਾਟ ਉਸਨੇ ਪਹਿਲਾਂ ਹੀ ਆਪਣੇ ਝੋ.ਲੇ ਵਿਚ ਪਾਇਆ ਹੋਇਆ ਸੀ। ਜਦੋਂ ਟਾਟ ਵਿਛਾ ਕੇ ਬੈਠਿਆ ਤਾਂ ਉਸਨੂੰ ਜਮਾਤ ਵਿਚ ਕੀ ਪੜ੍ਹਾਇਆ ਜਾ ਰਿਹਾ ਹੈ, ਕੀ ਹੋ ਰਿਹਾ ਹੈ ਕੁਝ ਵੀ ਦਿਖਾਈ ਨਹੀਂ ਸੀ ਦੇ ਰਿਹਾ। ਕਿਉਂਕਿ ਜਮਾਤ ਦੇ ਕਮਰੇ ਦੀ ਤਾਕੀ ਬਹੁਤ ਉੱਚੀ ਸੀ। ਛੋਟੇ ਕੱਦ ਵਾਲਾ ਮੰਗੂ ਰਾਮ ਤਾਕੀ ਕੋਲ ਖੜਾ ਹੋ ਕੇ ਡਰਦਾ ਡਰਦਾ ਅਧਿਆਪਕ ਦੁਆਰਾ ਬਲੈਕ ਬੋਰਡ ਤੇ ਉਕਰੀ ਇਬਾਰਤ ਪੜ੍ਹਨ ਲੱਗਾ। ਉਹ ਤਾਕੀ ਦੇ ਸਰੀਆਂ ਤੋਂ ਵੀ ਹਟਵਾਂ ਖੜਾ ਸੀ ਮਤਾਂ ਤਾਕੀ ਨਾਲ ਛੂਹ ਜਾਣ ਉਪਰੰਤ ਅਛੂਤ ਦੀ ਭਿੱਟ ਜਮਾਤ ਅੰਦਰ ਪੜ੍ਹ ਰਹੇ ਵਿਦਿਆਰਥੀਆਂ ਅਤੇ ਅਧਿਆਪਕਾਂ ਤੱਕ ਨਾ ਅੱਪੜ ਜਾਵੇ। ਸਾਰਾ ਸਾਰਾ ਦਿਨ ਖੜ੍ਹੇ ਰਹਿ ਕੇ ਪੜ੍ਹਦਿਆਂ ਉਸਦੀਆਂ ਪਿੰਨੀਆਂ ਆਕੜ ਜਾਣੀਆਂ, ਪੈਰਾਂ ਵਿਚ ਖ਼ੂਨ ਉਤਰ ਆਉਣਾ, ਉਸਨੇ ਦੂਜੇ ਬੱਚਿਆਂ ਨਾਲ ਖੇਡ ਨਾ ਸਕਣਾ।ਦੂਰ ਬੈਠੇ ਨੇ ਉਹਨਾਂ ਵੱਲ ਤੱਕਦੇ ਰਹਿਣਾ। ਕਿਸੇ ਬੱਚੇ ਨਾਲ ਗੱਲ ਨਾ ਕਰ ਸਕਣੀ। ਪਿਆਸ ਲੱਗਣ ਤੇ ਆਮ ਪਿਆਓ ਤੋਂ ਪਾਣੀ ਨਾ ਪੀ ਸਕਣਾ। ਝਿੜਕਾਂ ਅਤੇ ਕੁੱਟ ਤੋਂ ਡਰਦਿਆਂ ਉਸਨੇ ਸਾਰਾ ਸਾਰਾ ਦਿਨ ਪਿਆਸਿਆਂ ਰਹਿਣਾ। ਪਿਆਸ ਦੇ ਮਾਰਿਆਂ ਖੁਸ਼ਕ ਮੂੰਹ ਵਿਚੋਂ ਲਾਵ ਵੀ ਸੰਘ ਤੋਂ ਥੱਲੇ ਨਾ ਉਤਰਨੀ। ਇਨ੍ਹਾਂ ਤੰਗੀਆਂ ਤੁਰਸ਼ੀਆਂ ਵਿਚ ਮੰਗੂ ਰਾਮ ਜੂਨੀਅਰ ਪਾਸ ਕਰ ਗਿਆ ਤੇ ਅਗਾਂਹ ਸੀਨੀਅਰ ਵਿਚ ਦਾਖਲ ਹੋ ਗਿਆ।

ਛੁੱਟੀਆਂ ਹੋਣ ਤੇ ਮੰਗੂ ਰਾਮ ਆਪਣੇ ਪਿੰਡ ਮੁਗੋਵਾਲ ਚਲਾ ਜਾਂਦਾ। ਆਪਣੇ ਘਰ ਜਾ ਕੇ ਉਹ ਆਪਣੇ ਘਰ ਦੇ ਮੈਂਬਰਾਂ ਨਾਲ ਘੁ.ਲ ਮਿਲ ਜਾਂਦਾ। ਸਕੂਲ ਦੇ ਮਾਹੌਲ ਨੂੰ ਬਿਲਕੁਲ ਭੁਲ ਜਾਣਾ ਚਾਹੁੰਦਾ। ਪਰ ਦ੍ਰਿਸ਼ ਭੁਲਣ ਵਾਲੇ ਨਹੀਂ ਸਨ। ਵਾਰ ਵਾਰ ਅੱਖਾਂ ਸਾਹਮਣੇ ਆ ਕੇ ਪ੍ਰੇਸ਼ਾਨ ਕਰਦੇ ਰਹਿੰਦੇ। ਪਿਤਾ ਜੀ ਨੂੰ ਸਵਾਲ ਕਰਦਾ ਕਿ ਕਿਉਂ ਹੁੰਦਾ ਹੈ ਸਾਡੇ ਨਾਲ ਇਸ ਤਰ੍ਹਾਂ? ਉਨ੍ਹਾਂ ਦਾ ਇੱਕੋ ਜਵਾਬ ਹੁੰਦਾ ਕਿ ਅਸੀਂ ਪੜ੍ਹੇ ਲਿਖੇ ਜਿਉਂ ਨਹੀਂ ਹਾਂ। ਜਦੋਂ ਤੂੰ ਪੜ੍ਹ ਲਿਖ ਜਾਏਂਗਾ ਤਾਂ ਆਪੇ ਇਹ ਹਨ੍ਹੇਰਾ ਛੱਡ ਜਾਏਗਾ। ਇਸ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਮੰਗੂ ਰਾਮ ਨੂੰ ਕੁਝ ਹੌਸਲਾ ਮਿਲਦਾ।

ਜਿਉਂ ਜਿਉਂ ਮੰਗੂ ਰਾਮ ਦੀਆਂ ਕਲਾਸਾਂ ਵਧਦੀਆ ਜਾ ਰਹੀਆਂ ਸਨ ਤਿਉਂ ਤਿਉਂ ਸਮੱਸਿਆਵਾਂ ਦੀ ਪੰਡ ਭਾਰੀ ਹੁੰਦੀ ਜਾਰਹੀ ਸੀ।ਇਹ ਸਿਲਸਿਲਾ ਸਿਨੀਅਰ ਜਮਾਤਾਂ ਵਿਚ ਵੀ ਬਾਦਸਤੂਰ ਜਾਰੀ ਰਿਹਾ। ਸੀਨੀਅਰ ਜਮਾਤਾਂ ਵਿਚ ਪੜ੍ਹਦਿਆਂ ਉਸ ਨਾਲ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਵਾਪਰੀ। ਸਰਦੀਆਂ ਦੇ ਸਨ ਸਨ।ਬਰਸਾਤਾਂ ਦੇ ਦਿਨਾਂ ਵਾਂਗ ਕਾਲੀ ਘਟਾ ਚੜ੍ਹ ਕੇ ਆ ਗਈ।ਚਾਰੇ ਪਾਸੇ ਘੁੱਪ ਹਨ੍ਹੇਰਾ ਛਾਹ ਗਿਆ।ਅਸਮਾਨ ਵਿਚ ਬੱਦਲ ਦਨਦਨਾਉਂਦੇ ਦੌੜ ਰਹੇ ਸਨ। ਇੰਝ ਲਗਦਾ ਸੀ ਜਿਵੇਂ ਇਨ੍ਹਾਂ ਅੱਜ ਧਰਤੀ ਤੇ ਬਹੁਤ ਵੱਡਾ ਕਹਿਰ ਢਾਹੁਣਾ ਹੋਵੇ। ਖੁੱਲ੍ਹੇ ਅਸਮਾਨ ਹੇਠ ਤਾਕੀ ਕੋਲ ਗੋਡਿਆਂ 'ਚ ਸਿਰ ਦੇਈ ਬੈਠੇ ਮੰਗੂ ਰਾਮ ਨੂੰ ਕੰਬਣੀ ਛਿੜੀ ਹੋਈ ਸੀ।ਦੇਖਦਿਆਂ ਹੀ ਦੇਖਦਿਆਂ ਦੈੜ ਦੈੜ ਮੀਂਹ ਦਾ ਛਰਾਟਾ ਵਰ੍ਹਨ ਲੱਗ ਪਿਆ। ਜੇਕਰ ਇਕੱਲਾ ਮੀਂਹ ਹੀ ਵਰ੍ਹ ਰਿਹਾ ਹੁੰਦਾ ਤਾਂ ਮੰਗੂ ਰਾਮ ਨੇ ਇਹਨੂੰ ਆਪਣੇ ਪਿੰਡੇ ਤੇ ਜਰ ਲੈਣਾ ਸੀ ਪਰ ਮੀਂਹ ਦੇ ਨਾਲਨਾਲ ਗੜੇ ਵੀ ਪੈਣ ਲੱਗ ਪਏ।ਢੀਮਾਂ ਵਰਗੇ ਗੜਿਆਂ ਨੇ ਮੰਗੂ ਰਾਮ ਦੇ ਪਿੰਡੇ ਨੂੰ ਪੱਛ ਸੁੱਟਿਆ। ਕੁਦਰਤ ਦੇ ਕਹਿਰ ਤੋਂ ਬਚਣ ਲਈ ਉਹ ਆਪਣੇ ਹੱਥਾਂ ਨਾਲ ਕਦੇ ਆਪਣੇ ਮੂੰਹ ਨੂੰ ਕੱਜਦਾ ਅਤੇ ਕਦੇ ਆਪਣੇ ਸਿਰ ਨੂੰ। ਜਦੋਂ ਉਸਦੇ ਸਰੀਰ ਦੀ ਇਸ ਪ੍ਰਕੋਪ ਨੂੰ ਸਹਿਣ ਤੋਂ ਬਿਲਕੁਲ ਬਸ ਹੋ ਗਈ ਤਾਂ ਉਹ ਪਿਛਲੇ ਦਰਵਾਜੇ ਰਾਹੀਂ ਦੌੜ ਕੇ ਜਮਾਤ ਦੇ ਕਮਰੇ ਅੰਦਰ ਆ ਗਿਆ ਅਤੇ ਡਰਦਾ ਮਾਰਾ ਜਮਾਤ ਦੇ ਇੱਕ ਖੂੰਜੇ ਵਿਚ ਖੜ੍ਹ ਗਿਆ।ਜਮਾਤ ਵਿਚ ਮੰਗੂ ਰਾਮ ਦੇ ਆਉਣ ਨਾਲ ਤਾਂ ਜਿਵੇਂ ਭੂਚਾ.ਲ ਹੀ ਆ ਗਿਆ ਹੋਵੇ। ਸਾਰੇ ਵਿਦਿਆਰਥੀ ਭਿੱਟ ਹੋਣ ਦੇ ਡਰੋਂ ਤਾਕੀਆਂ ਵਿਚੋਂ ਆਪਣੇ ਡੱਬੇ ਚੁੱਕਣ ਦੌੜੇ। ਇਸ ਜਮਾਤ ਦਾ ਇੰਚਾਰਜ ਅਧਿਆਪਕ ਪੋਹਲੋ ਰਾਮ ਜਾਤ ਦਾ ਬ੍ਰਾਹਮਣ ਸੀ। ਉਹ ਆਪਣੀ ਕੁਰਸੀ ਤੋਂ ਨ੍ਹੇਰੀ ਵਾਂਗ ਉੱਠਿਆ।ਉਸਦੇ ਹੱਥ ਵਿਚ ਤਿੰਨ ਕੁ ਫੁੱਟ ਬੈਂਤ ਦੀ ਲੰਮੀ ਸੋਟੀ ਸੀ।ਉਸਨੇ ਠੁਰ ਠੁਰ ਕਰਦੇ ਮੰਗੂ ਰਾਮ ਤੇ ਧਾਵਾ ਬੋਲ ਦਿੱਤਾ। ਗਾ.ਲਾਂ ਕੱਢਦੇ ਨੇ ਮੰਗੂ ਰਾਮ ਦਾ ਤਿੱਗ, ਗਿੱਟੇ, ਮੌਰ, ਲੱਤਾਂ ਬਾਹਾਂ ਛੱਲੀਆਂ ਵਾਂਗ ਖੁੱਲ ਸੁਟੀਆਂ। ਮੰਗੂ ਰਾਮ ਵਰ੍ਹਦੇ ਮੀਂਹ ਵਿਚ ਆਪਣਾ ਝੋ.ਲਾ ਚੁੱਕ ਕੇ ਘਰ ਨੂੰ ਭੱਜ ਤੁਰਿਆ। ਮੀਂਹ ਦੇ ਪਾਣੀ ਨੇ ਉਸਦੇ ਹੰਝੂਆਂ ਨੂੰ ਵੀ ਆਪਣੇ ਵਿਚ ਲੁਕੋ ਲਿਆ ਸੀ। ਭੂਆ ਘਰੇ ਆ ਕੇ ਉਸਨੇ ਕੱਪੜੇ ਬਦਲੇ ਅਤੇ ਠੰਢ ਨਾਲ ਠੁਰ-ਠੁਰ ਕਰਦੇ ਪਿੰਡੇ ਨੂੰ ਨਿੱਘ ਦੇਣ ਲਈ ਰਜਾਈ ਵਿਚ ਵੜ ਗਿਆ। ਹੰਝੂ ਅੱਖਾਂ ਵਿਚੋਂ ਰੁਕਣ ਦਾ ਨਾਂ ਨਹੀਂ ਸੀ ਲੈ ਰਹੇ। ਕਿੰਨਾ ਚਿਰ ਰਜਾਈ ਵਿਚ ਪਿਆ ਬੁਸ ਬੁਸ ਕਰਦਾ ਰਿਹਾ।ਨਿੱਘ ਆਉਣ ਤੋਂ ਬਾਅਦ ਜਦੋਂ ਮੰਗੂ ਰਾਮ ਨੇ ਆਪਣੇ ਪਿੰਡੇ ਤੇ ਹੱਥ ਫੇਰਿਆ ਤਾਂ ਉਸਨੂੰ ਮਾਸਟਰ ਪੋਹਲੋ ਰਾਮ ਦੁਆਰਾ ਬੇਤਹਾ ਵਰ੍ਹਾਈ ਬੈਂਤ ਦੀ ਸੋਟੀ ਨਾਲ ਰੱਸਿਆਂ ਵਰਗੀਆਂ ਮੋਟੀਆਂ ਮੋਟੀਆਂ ਵੱਟਾਂ ਉਭਰੀਆਂ ਮਹਿਸੂਸ ਹੋਈਆਂ। ਦੁਬਾਰਾ ਫਿਰ ਉਸਦਾ ਗੱਚ ਭਰ ਆਇਆ। ਭੂਆ ਦੇ ਵਾਰ ਵਾਰ ਰੋਟੀ ਖਾਣ ਨੂੰ ਕਹਿਣ ਤੇ ਵੀ ਉਹ ਰਜਾਈ ਵਿਚ ਲੰਮਾ ਪਿਆ ਰਿਹਾ ਤੇ ਕੋਠੜੀ 'ਚੋਂ ਬਾਹਰ ਨਾ ਆਇਆ।

ਮੰਗੂ ਰਾਮ ਨੇ ਸਕੂਲ ਵਾਲੀ ਘਟਨਾ ਦਾ ਭੂਆ ਨਾਲ ਜ਼ਿਕਰ ਤੱਕ ਨਾ ਕੀਤਾ। ਕਿਉਂਕਿ ਉਸਨੂੰ ਪਤਾ ਸੀ ਕਿ ਜੇਕਰ ਇਸ ਕੁਟ ਦਾ ਭੂਆ ਨੂੰ ਪਤਾ ਲੱਗ ਗਿਆ ਤਾਂ ਉਹ ਪਿਤਾ ਜੀ ਨੂੰ ਕਹਿ ਕੇ ਮੇਰਾ ਨਾਂ ਸਕੂਲ 'ਚੋਂ ਕਟਾ ਦੇਵੇਗੀ। ਉਹ ਅਗਲੇ ਦਿਨ ਝੋ.ਲਾ ਚੁਕ ਕੇ ਫਿਰ ਸਕੂਲ ਨੂੰ ਤੁਰ ਪਿਆ। ਸਕੂਲ ਜਾ ਕੇਕੀ ਦੇਖਦਾ ਹੈ ਕਿ ਮਾਸਟਰ ਪੋਹਲੋ ਰਾਮ ਅਤੇ ਸਾਰੇ ਵਿਦਿਆਰਥੀਆਂ ਨੇ ਜਮਾਤ ਦਾ ਸਾਰਾ ਸਾਜ਼ੋ ਸਮਾਨ ਬਾਹਰ ਕੱਢਿਆ ਹੋਇਆ ਸੀ। ਜਮਾਤ ਦੇ ਕਮਰੇ ਨੂੰ ਚੰਗੀ ਤਰ੍ਹਾਂ ਧੋ ਦਿੱਤਾ ਗਿਆ ਸੀ। ਮਾਸਟਰ ਪੋਹਲੋ ਰਾਮ ਜਮਾਤ ਦੇ ਕਮਰੇ ਅਤੇ ਫਰਨੀਚਰ ਨੂੰ ਗੜਵੀ ਵਿਚ ਪਾਏ ਪਾਣੀ ਨਾਲ ਛਿੱਟੇ ਦੇ ਕੇ ਸੁੱਚਾ ਕਰ ਰਿਹਾ ਸੀ। ਕਿਉਂਕਿ ਕੱਲ੍ਹ ਇੱਕ ਅਛੂਤ ਵਿਦਿਆਰਥੀ ਦੇ ਕਮਰੇ ਵਿਚ ਆਉਣ ਨਾਲ ਸਾਰਾ ਕੁੱਝ ਭਿੱਟਿਆ ਗਿਆ ਸੀ। ਪੋਹਲੋ ਰਾਮ ਛਿੱਟੇ ਦਿੰਦਾ ਨਾਲ ਨਾਲ ਮੂੰਹ ਵਿਚ ਕੋਈ ਮੰਤਰ ਵੀ ਗੁਣ ਗੁਣਾ ਰਿਹਾ ਸੀ। ਜਦੋਂ ਉਸਦੀ ਨਿਗਾਹ ਸਾਹਮਣੇ ਆ ਰਹੇ ਮੰਗੂ ਰਾਮ ਤੇ ਪਈ ਤਾਂ ਉਸ ਨੇ ਪਾਣੀ ਦੀ ਗੜਵੀ ਵਗਾਹ ਮਾਰੀ। ਉਹੀਓ ਕੱਲ੍ਹ ਵਾਲੀ ਸੋਟੀ ਚੁੱਕ ਲਈ ਤੇ ਗੰਦੀਆਂ ਗਾ.ਲਾਂਕੱਢਦਾ ਹੋਇਆ ਮੰਗੂ ਰਾਮ ਵੱਲ ਵਧਿਆ- "ਓਏ ਚੰਡਾਲਾ ਤੂੰ ਫਿਰ ਆਗਿਆਂ। ਕੱਲ੍ਹ ਜਿਹੜੇ ਹੱਡ ਸੇਕੇ ਸੀ ਉਹਦਾ ਚੇਤਾ ਭੁੱਲ ਗਿਆ। ਸਾਹ ਲੈ ਤੈਨੂੰ ਦਿੰਨੈ ਪੜ੍ਹਾਈ..।" ਪੋਹਲੋ ਰਾਮ ਦੀਆਂ ਲਾਲ ਸੂਹੀਆਂ ਅੱਖਾਂ ਤੇ ਹੱਥ ਵਿਚ ਫੜੀ ਸੋਟੀ ਤੋਂ ਡਰਦਾ ਮਾਰਾ ਮੰਗੂ ਰਾਮ ਉਨ੍ਹੀਂ ਪੈਰੀਂ ਘਰਮੁੜ ਆਇਆ। ਭੂਆ ਦੇ ਘਰ ਆ ਕੇ ਸਮਾਨ ਬੰਨ੍ਹਿਆਂ ਤੇ ਪਿੰਡ ਮੁਗੋਵਾਲਆ ਗਿਆ। ਇਸ ਤੋਂ ਬਾਅਦ ਉਹ ਕਦੇ ਸਕੂਲ ਨਹੀਂ ਗਿਆ। ਇਹ ਉਸਦੀ ਸਕੂਲੀ ਸਿੱਖਿਆ ਦਾ ਅੰਤ ਸੀ। ਇਸ ਤਰ੍ਹਾਂ 1905 ਈਸਵੀ ਵਿਚ ਮੰਗੂ ਰਾਮ ਨੇ ਪੜ੍ਹਾਈ ਆਪ ਨਹੀਂ ਛੱਡੀ ਬਲਕਿ ਸਮਾਜਿਕ ਬੰਧਨਾਂ ਵਿਚ ਬੱਝੇ ਸਮਾਜ ਕਾਰਨ ਛੱਡਣੀ ਪਈ।

ਇੱਕ ਅਧਿਆਪਕ ਜਿਸ ਦੀਆਂ ਨਜ਼ਰਾਂ ਵਿਚ ਸਾਰੇ ਵਿਦਿਆਰਥੀ ਇੱਕ ਸਮਾਨ ਹੁੰਦੇ ਹਨ ਵੀ ਉਦੋਂ ਉਹ ਮਨੂੰਵਾਦੀ ਕਾਇਦੇ ਕਾਨੂੰਨਾਂ ਵਿਚ ਬੱਝਾ ਹੋਇਆ ਸੀ। ਮੰਗੂ ਰਾਮ ਦੀ ਜਮਾਤ ਵਿਚ ਉਹ ਦੂਸਰੇ ਵਿਦਿਆਰਥੀਆਂ ਨੂੰ ਚੰਗੀ ਵਿੱਦਿਆ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਦਾ ਰਹਿੰਦਾ। ਉਦਾਹਰਨਾਂ ਸਹਿਤ ਸਮਝਾਉਣ ਦਾ ਯਤਨ ਕਰਦਾ ਕਿ ਕਿਵੇਂ ਵਿੱਦਿਆ ਪ੍ਰਾਪਤ ਕਰਕੇ ਤੁਹਾਡੇ ਜੀਵਨ ਵਿਚ ਸੁਧਾਰ ਆ ਸਕਦਾ ਹੈ। ਤੁਹਾਡੇ ਮਾਤਾ ਪਿਤਾ ਦੇ ਸੁਪਨੇ ਸਾਕਾਰ ਹੋ ਸਕਦੇ ਹਨ। ਪਰ ਮੰਗੂ ਰਾਮ ਤੇ ਨਜ਼ਰ ਟਿਕਦਿਆਂ ਹੀ ਉਸਦੇ ਉਪਦੇਸ਼ਾਂ ਦਾ ਰੂਪ ਬਦਲ ਜਾਂਦਾ ਸੀ। ਉਸਨੂੰ ਮੰਗੂ ਰਾਮ ਅਰਜਨ ਦੇ ਰਾਹ ਵਿਚ ਧਨੁਸ਼ ਲੈ ਕੇ ਖੜਾ ਏਕਲਵਿਆ ਪ੍ਰਤੀਤ ਹੁੰਦਾ। ਗੁਰੂ ਅੰਗੂਠੇ ਦੇ ਨਾਲ ਨਾਲ ਉਸਨੂੰ ਦਿਮਾਗੀ ਤੌਰ ਤੇ ਵੀ ਅਪੰਗ ਕਰਨ ਦੀ ਕੋਸ਼ਿਸ਼ ਕਰਦਾ।

ਸਿੱਖਿਆ ਨੇ ਜਿੱਥੇ ਵਿਅਕਤੀ ਨੂੰ ਵਿਅਕਤੀਗਤ ਤੌਰ ਤੇ ਸੁਘੜ ਬਣਾਉਣਾ ਹੁੰਦਾ ਹੈ ਉੱਥੇ ਇਸ ਨੇ ਸਮਾਜਿਕ ਤੌਰ ਤੇ ਲਹਿਰਾਂ ਬਹਿਰਾਂ ਵੀ ਸਥਾਪਿਤ ਕਰਨੀਆਂ ਹੁੰਦੀਆਂ ਹਨ। ਪਰ ਸਾਡੇ ਦੇਸ਼ ਵਿਚ ਸਿੱਖਿਆਂ ਦੀ ਅਸਾਵੀਂ ਵੰਡ ਕਾਰਨ ਤਰੱਕੀ ਸਥਾਪਿਤ ਨਹੀਂ ਹੋ ਸਕੀ। ਸਿੱਖਿਆ ਦੀ ਅਸਾਵੀਂ ਪ੍ਰਕਿਰਿਆ ਨੂੰ ਵਿਰਾਮ ਨਹੀਂ ਲੱਗਾ।ਇਹ ਵਿਤਕਰਾ ਅੱਜ ਵੀ ਨਿਰਸੰਦੇਹ ਜਾਰੀ ਹੈ। ਸਰਕਾਰੀ ਸਕੂਲ ਜਿੱਥੇ 95% ਦਲਿਤਾਂ ਦੇ ਬੱਚੇ ਪੜ੍ਹਦੇ ਹਨ, ਉਹ ਅੱਜ ਵੀ ਅਧਿਆਪਕਾਂ ਅਤੇ ਮੁਢਲੀਆਂ ਸਹੂਲਤਾਂ ਤੋਂ ਵਿਹੂਣੇ ਹਨ।ਬੱਚੇ ਅਸਮਾਨ ਦੀ ਖੁੱਲ੍ਹੀ ਛੱਤ ਹੇਠ ਬੈਠ ਕੇ ਸਿੱਖਿਆ ਪ੍ਰਾਪਤ ਕਰਨ ਲਈ ਮਜਬੂਰ ਹਨ।ਪੇਂਡੂ ਸਮਾਜ ਵਿਚ ਜਿਹੜੇ ਬੱਚੇ ਮਰ-ਮਾਰ ਕੇ ਡਿਗਰੀ ਪੱਧਰ ਦੀਆਂ ਜਮਾਤਾਂ ਤੱਕ ਪਹੁੰਚਦੇ ਹਨ ਉਨ੍ਹਾਂ ਦਾ ਵੀ ਭਵਿੱਖ ਸੁਰੱਖਿਅਤ ਨਹੀਂ ਹੁੰਦਾ। ਇੱਥੋਂ ਸੰਘਰਸ਼ ਕਰਦਿਆਂ ਜਿਹੜੇ ਰਿਸਰਚ ਖੇਤਰ ਤੱਕ ਪੁੱਜਦੇ ਹਨ ਉਨ੍ਹਾਂ ਦਾ ਹਸ਼ਰ ਰੋਹਿਤ ਬੇਮੂਲਾ ਜਿਹਾ ਹੁੰਦਾ ਹੈ। ਵਿਸ਼ਵ ਪੱਧਰ ਤੇ ਜਦੋਂ ਸਾਖ਼ਰਤਾ ਸਬੰਧੀ ਸਾਰੇ ਦੇਸ਼ਾਂ ਦੇ ਨਕਸ਼ਿਆਂ ਤੇ ਝਾਤੀ ਮਾਰੀ ਜਾਂਦੀ ਹੈ ਤਾਂ ਭਾਰਤ ਦਾ ਅੱਧਾ ਕਨਸ਼ਾ ਅਜੇ ਵੀ ਕਾਲਾ ਦਿਖਾਈ ਦਿੰਦਾ ਹੈ ਇਹ ਬੜੀ ਨਮੋਸ਼ੀ ਵਾਲੀ ਗੱਲ ਹੈ। ਫਿਰ ਤਰੱਕੀ ਕਿਵੇਂ ਹੋਣੀ ਹੋਈ? ਸਿੱਖਿਆ ਸਿਰਫ ਰੁਜ਼ਗਾਰ ਪ੍ਰਾਪਤੀ ਤੱਕ ਹੀ ਸੀਮਿਤ ਨਹੀਂ ਹੁੰਦੀ ਸਗੋਂ ਇਸ ਨੇ ਸਮਾਜ ਵਿਚ ਨਰੋਈਆਂ ਕਦਰਾਂ ਕੀਮਤਾਂ ਵੀ ਪੈਦਾ ਕਰਨੀਆਂ ਹੁੰਦੀਆਂ ਹਨ। ਜੇਕਰ ਭਾਰਤ ਵਿਚ ਸਮਾਜਿਕ ਤੌਰ ਤੇ ਜਾਤੀ ਵਿਤਕਰਾ ਨਾ ਹੁੰਦਾ, ਸਿੱਖਿਆ ਸਭ ਨੂੰ ਸਮਾਨ ਮਿਲੀ ਹੁੰਦੀ ਤਾਂ ਅੱਜ ਇਹ ਸਚਮੁਚ ਵਿਸ਼ਵ ਸ਼ਕਤੀ ਦੀ ਧਰੋਹਰ ਹੁੰਦਾ।

# ਮਾਨਸਿਕ ਸਿਹਤ ਕਾਉਂਸਲਿੰਗ ਵਿੱਚ ਕਰੀਅਰ ਦੇ ਬਹੁਤ ਵਧੀਆ ਮੌਕਾ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਇੱਥੇ ਕੁਝ ਕਾਰਨ ਹਨ ਕਿ ਤੁਹਾਨੂੰ ਮਾਨਸਿਕ ਸਿਹਤ ਸਲਾਹਕਾਰ ਕੈਰੀਅਰ ਕਿਉਂ ਬਣਾਉਣਾ ਚਾਹੀਦਾ ਹੈ:

**ਲੋਕਾਂ ਦੇ ਜੀਵਨ ਵਿੱਚ ਇੱਕ ਅੰਤਰ ਬਣਾਓ:** ਦੂਜਿਆਂ ਦੀ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨਾ ਬਹੁਤ ਹੀ ਲਾਭਦਾਇਕ ਹੈ। ਤੁਸੀਂ ਮੁਸ਼ਕਲ ਸਮਿਆਂ ਵਿੱਚ ਲੋਕਾਂ ਦਾ ਸਮਰਥਨ ਕਰ ਸਕਦੇ ਹੋ ਅਤੇ ਉਹਨਾਂ ਨੂੰ ਮਜ਼ਬੂਤ ਅਤੇ ਖੁਸ਼ ਹੁੰਦੇ ਦੇਖ ਸਕਦੇ ਹੋ।

**ਸਲਾਹਕਾਰਾਂ ਦੀ ਉੱਚ ਮੰਗ:** ਮਾਨਸਿਕ ਸਿਹਤ ਸਲਾਹਕਾਰਾਂ ਦੀ ਲੋੜ ਵਧ ਰਹੀ ਹੈ। ਮਦਦ ਦੀ ਮੰਗ ਕਰਨ ਵਾਲੇ ਵਧੇਰੇ ਲੋਕਾਂ ਦਾ ਮਤਲਬ ਹੈ ਵੱਖ-ਵੱਖ ਸੈਟਿੰਗਾਂ ਵਿੱਚ ਤੁਹਾਡੇ ਲਈ ਨੌਕਰੀ ਦੇ ਹੋਰ ਮੌਕੇ। ਵਿਭਿੰਨ ਕੰਮ ਦੇ ਵਾਤਾਵਰਣ: ਤੁਸੀਂ ਸਕੂਲਾਂ, ਹਸਪਤਾਲਾਂ, ਨਿੱਜੀ ਅਭਿਆਸਾਂ, ਜਾਂ ਕਮਿਊਨਿਟੀ ਸੈਂਟਰਾਂ ਵਿੱਚ ਕੰਮ ਕਰ ਸਕਦੇ ਹੋ। ਹਰ ਸੈਟਿੰਗ ਤੁਹਾਡੇ ਕਰੀਅਰ ਨੂੰ ਰੋਮਾਂਚਕ ਰੱਖਦੇ ਹੋਏ ਵਿਲੱਖਣ ਚੁਣੌਤੀਆਂ ਅਤੇ ਇਨਾਮਾਂ ਦੀ ਪੇਸ਼ਕਸ਼ ਕਰਦੀ ਹੈ। ਨਿੱਜੀ ਵਿਕਾਸ: ਮਾਨਸਿਕ ਸਿਹਤ ਸਲਾਹ ਵਿੱਚ ਕੰਮ ਕਰਨਾ ਤੁਹਾਨੂੰ ਆਪਣੇ ਆਪ ਨੂੰ ਬਿਹਤਰ ਢੰਗ ਨਾਲ ਸਮਝਣ ਵਿੱਚ ਮਦਦ ਕਰਦਾ ਹੈ। ਤੁਸੀਂ ਕੀਮਤੀ ਸੰਚਾਰ ਅਤੇ ਸਮੱਸਿਆ ਹੱਲ ਕਰਨ ਦੇ ਹੁਨਰ ਵੀ ਸਿੱਖਦੇ ਹੋ ਜੋ ਤੁਹਾਡੇ ਜੀਵਨ ਨੂੰ ਲਾਭ ਪਹੁੰਚਾਉਂਦੇ ਹਨ। ਚੰਗੀ ਤਨਖਾਹ ਅਤੇ ਨੌਕਰੀ ਦੀ ਸੁਰੱਖਿਆ: ਮਾਨਸਿਕ ਸਿਹਤ ਸਲਾਹਕਾਰ ਵਿਕਾਸ ਸੰਭਾਵਨਾ ਦੇ ਨਾਲ ਇੱਕ ਸਥਿਰ ਆਮਦਨ ਕਮਾਉਂਦੇ ਹਨ। ਵਧਦੀ ਮੰਗ ਇਹ ਯਕੀਨੀ ਬਣਾਉਂਦੀ ਹੈ ਕਿ ਤੁਹਾਡੇ ਕੋਲ ਇੱਕ ਸੁਰੱਖਿਅਤ ਨੌਕਰੀ ਦਾ ਭਵਿੱਖ ਹੈ। ਮਾਨਸਿਕ ਸਿਹਤ ਸਲਾਹ ਦਾ ਪਿੱਛਾ ਕਰਨ ਨਾਲ ਇੱਕ ਸੰਪੂਰਨ ਕੈਰੀਅਰ ਬਣ ਸਕਦਾ ਹੈ। ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਅਤੇ ਸਦਾ ਬਦਲਦਾ ਸਮਾਜ ਕੁਝ ਲੋਕਾਂ ਲਈ ਰੋਜ਼ਾਨਾ ਦੀਆਂ ਚੁਣੌਤੀਆਂ ਨਾਲ ਸਿੱਝਣਾ ਮੁਸ਼ਕਲ ਬਣਾ ਸਕਦਾ ਹੈ। ਅਮਰੀਕਾ ਵਿੱਚ, 40 ਮਿਲੀਅਨ ਅਮਰੀਕਨ (ਜਨਸੰਖਿਆ ਦਾ 19।1%) ਚਿੰਤਾ ਸੰਬੰਧੀ ਵਿਗਾੜਾਂ ਤੋਂ ਪੀੜਤ ਹਨ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਮਾਨਸਿਕ ਸਿਹਤ ਸਲਾਹਕਾਰਾਂ ਦੀ ਮੰਗ ਵਧਣ ਦੀ ਉਮੀਦ ਹੈ। ਅਮਰੀਕਾ ਵਿੱਚ ਮਾਨਸਿਕ ਸਿਹਤ ਸਲਾਹਕਾਰ ਮਾਨਸਿਕ ਸਿਹਤ ਸਲਾਹਕਾਰਾਂ ਲਈ ਲੋੜੀਂਦੇ ਹੁਨਰ ਕੀ ਹਨ? ਮਾਨਸਿਕ ਸਿਹਤ ਸਲਾਹਕਾਰਾਂ ਨੂੰ ਮਰੀਜ਼ਾਂ ਦਾ ਮੁਲਾਂਕਣ ਕਰਨ ਅਤੇ ਮਦਦ ਕਰਨ ਲਈ ਸੁਣਨ, ਵਿਸ਼ਲੇਸ਼ਣ, ਲੋਕਾਂ ਦੇ ਹੁਨਰ, ਅਤੇ ਪ੍ਰਬੰਧਕੀ ਹੁਨਰਾਂ ਵਿੱਚ ਪੇਸ਼ੇਵਰ-ਪੱਧਰ ਦੇ ਹੁਨਰਾਂ ਦੀ ਲੋੜ ਹੁੰਦੀ ਹੈ। ਮਾਨਸਿਕ ਸਿਹਤ ਸਲਾਹਕਾਰਾਂ ਲਈ ਜ਼ਰੂਰੀ ਹੁਨਰ ਕਾਉਂਸਲਿੰਗ ਅਤੇ ਮਨੋਵਿਗਿਆਨ: ਇੱਕ ਮਾਨਸਿਕ ਸਿਹਤ ਸਲਾਹਕਾਰ ਨੂੰ ਗਾਹਕਾਂ ਦੀ ਸਹੀ ਢੰਗ ਨਾਲ ਸਹਾਇਤਾ ਕਰਨ ਲਈ ਸਲਾਹ ਦੇ ਤਰੀਕਿਆਂ ਅਤੇ ਮਨੋਵਿਗਿਆਨ ਵਿੱਚ ਮੁਹਾਰਤ ਦੀ ਲੋੜ ਹੁੰਦੀ ਹੈ। ਮਾਨਸਿਕ ਸਿਹਤ ਸਲਾਹਕਾਰਾਂ ਨੂੰ ਉਸ ਰਾਜ ਦੁਆਰਾ ਲੋੜ ਅਨੁਸਾਰ ਲਾਇਸੈਂਸ ਪ੍ਰੀਖਿਆ ਲੈਣ ਦੀ ਲੋੜ ਹੁੰਦੀ ਹੈ ਜਿਸ ਵਿੱਚ ਉਹ ਅਭਿਆਸ ਕਰਨਗੇ। ਇਹ ਉਪਾਅ ਇਹ ਯਕੀਨੀ ਬਣਾਉਂਦਾ ਹੈ ਕਿ ਸਿਰਫ਼ ਭਰੋਸੇਯੋਗ ਅਤੇ ਸਮਰੱਥ ਪ੍ਰੈਕਟੀਸ਼ਨਰ ਹੀ ਉਹਨਾਂ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਦੇ ਯੋਗ ਹਨ ਜਿਨ੍ਹਾਂ ਨੂੰ ਉਹਨਾਂ ਦੀ ਲੋੜ ਹੈ। ਇਸ ਤੋਂ ਇਲਾਵਾ, ਕਲੀਨਿਕਲ ਮਨੋਵਿਗਿਆਨ ਵਰਗੀ ਮੁਹਾਰਤ ਰੱਖਣ ਨਾਲ ਸਲਾਹਕਾਰ ਦੀ ਤਨਖਾਹ ਨੂੰ 23% ਪ੍ਰਭਾਵਿਤ ਕਰਨ ਲਈ ਕਿਹਾ ਜਾਂਦਾ ਹੈ।

**ਸਵਾਲ ਕਰਨ ਦੇ ਹੁਨਰ:** ਹਰ ਕਾਉਂਸਲਿੰਗ ਸੈਸ਼ਨ ਵਿੱਚ ਗਾਹਕ ਆਪਣੇ ਮਾਨਸਿਕ ਸਿਹਤ ਸਲਾਹਕਾਰ ਨਾਲ ਆਪਣੇ ਵਿਚਾਰ ਅਤੇ ਭਾਵਨਾਵਾਂ ਸਾਂਝੀਆਂ ਕਰਦੇ ਹਨ। ਇੱਕ ਹੁਨਰਮੰਦ ਸਲਾਹਕਾਰ ਨੂੰ ਸਹੀ ਸਵਾਲ ਪੁੱਛਣ ਦੇ ਯੋਗ ਹੋਣਾ ਚਾਹੀਦਾ ਹੈ ਤਾਂ ਜੋ ਗਾਹਕ ਉਹਨਾਂ ਨੂੰ ਖੋਲ੍ਹਣ ਦੇ ਯੋਗ ਹੋ ਸਕੇ। ਸੰਵੇਦਨਸ਼ੀਲ ਵਿਸ਼ਿਆਂ ਨੂੰ ਉਭਾਰਿਆ ਜਾ ਸਕਦਾ ਹੈ ਅਤੇ ਉਹਨਾਂ ਬਾਰੇ ਗੱਲ ਕਰਨਾ ਮੁਸ਼ਕਲ ਹੋ ਸਕਦਾ ਹੈ। ਇੱਕ ਮਾਨਸਿਕ ਸਿਹਤ ਸਲਾਹਕਾਰ ਨੂੰ ਪ੍ਰਸ਼ਨਾਂ ਨੂੰ ਇਸ ਤਰੀਕੇ ਨਾਲ ਵਾਕਾਂਸ਼ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਕਿ ਗਾਹਕ



ਸੰਘਰਸ਼ਾਂ ਬਾਰੇ ਗੱਲ ਕਰਨ ਵਿੱਚ ਅਰਾਮਦਾਇਕ ਹੋਵੇ। ਵਿਆਖਿਆ: ਕਿਸੇ ਦੀਆਂ ਸੱਚੀਆਂ ਭਾਵਨਾਵਾਂ ਹਮੇਸ਼ਾ ਸ਼ਬਦਾਂ ਵਿੱਚ ਨਹੀਂ, ਪਰ ਕੰਮਾਂ ਵਿੱਚ ਪ੍ਰਤੀਬਿੰਬਤ ਹੋ ਸਕਦੀਆਂ ਹਨ। ਇੱਕ ਮਾਨਸਿਕ ਸਿਹਤ ਸਲਾਹਕਾਰ ਨੂੰ ਨਾ ਸਿਰਫ਼ ਇਹ ਸਮਝਣ ਦੇ ਯੋਗ ਹੋਣਾ ਚਾਹੀਦਾ ਹੈ ਕਿ ਗਾਹਕ ਕੀ ਸਾਂਝਾ ਕਰ ਰਿਹਾ ਹੈ, ਸਗੋਂ ਸੁਰ ਅਤੇ ਸਰੀਰ ਦੀ ਭਾਸ਼ਾ ਵਿੱਚ ਸੂਖਮਤਾਵਾਂ ਦੀ ਵਿਆਖਿਆ ਕਰਨ ਦੇ ਯੋਗ ਹੋਣਾ ਚਾਹੀਦਾ ਹੈ।

**ਰਿਕਾਰਡ ਰੱਖਣਾ ਅਤੇ ਡੇਟਾ ਪ੍ਰਬੰਧਨ:** ਕਾਉਂਸਲਿੰਗ ਇੱਕ ਤੋਂ ਵੱਧ ਸੈਸ਼ਨ ਲੈਂਦੀ ਹੈ। ਮਾਨਸਿਕ ਸਿਹਤ ਸਲਾਹਕਾਰਾਂ ਲਈ ਆਪਣੇ ਗਾਹਕ ਦੇ ਨਿਦਾਨ ਅਤੇ ਉਹਨਾਂ ਦੀ ਪ੍ਰਗਤੀ 'ਤੇ ਨਜ਼ਰ ਰੱਖਣ ਲਈ ਨਿਰਦੋਸ਼ ਰਿਕਾਰਡ ਰੱਖਣ ਦੇ ਹੁਨਰ ਹੋਣੇ ਬਹੁਤ ਮਹੱਤਵਪੂਰਨ ਹਨ। ਗੁਪਤਤਾ ਵੀ ਮਹੱਤਵਪੂਰਨ ਹੈ, ਇਸਲਈ ਡਾਟਾ ਪ੍ਰਬੰਧਨ ਹੁਨਰ ਮਾਨਸਿਕ ਸਿਹਤ ਸਲਾਹਕਾਰਾਂ ਨੂੰ ਕਲਾਇੰਟ ਡੇਟਾ ਨੂੰ ਵਿਵਸਥਿਤ ਕਰਨ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰ ਸਕਦਾ ਹੈ ਕਿ ਇਸਨੂੰ ਗੁਪਤ ਰੱਖਿਆ ਜਾਵੇ।

**ਮਾਨਸਿਕ ਸਿਹਤ ਸਲਾਹਕਾਰਾਂ ਲਈ ਆਮ ਹੁਨਰ ਤਾਲਮੇਲ ਬਣਾਉਣਾ:** ਕੁਝ ਲੋਕ ਕਿਸੇ ਅਜਨਬੀ ਨਾਲ ਬਹੁਤ ਨਿੱਜੀ ਵਿਸ਼ਿਆਂ ਬਾਰੇ ਗੱਲ ਕਰਨ ਵਿੱਚ ਅਰਾਮਦੇਹ ਨਹੀਂ ਹੋ ਸਕਦੇ ਹਨ। ਇੱਕ ਕੁਸ਼ਲ ਮਾਨਸਿਕ ਸਿਹਤ ਸਲਾਹਕਾਰ ਨੂੰ ਪਹਿਲਾਂ ਤਾਲਮੇਲ ਬਣਾਉਣ ਦੇ ਯੋਗ ਹੋਣਾ ਚਾਹੀਦਾ ਹੈਕੁਝ ਸੈਸ਼ਨ ਤਾਂ ਜੋ ਗਾਹਕ ਨੂੰ ਅਜੀਬ ਮਹਿਸੂਸ ਨਾ ਹੋਵੇ ਅਤੇ ਕਿਸੇ ਵੀ ਚੀਜ਼ ਬਾਰੇ ਖੁੱਲ੍ਹ ਕੇ ਗੱਲ ਕਰ ਸਕੇ। ਸੁਣਨ ਦੇ ਹੁਨਰ: ਇੱਕ ਕਾਉਂਸਲਿੰਗ ਸੈਸ਼ਨ ਵਿੱਚ, ਜ਼ਿਆਦਾਤਰ ਸਮਾਂ ਗਾਹਕ ਨਾਲ ਨਿੱਜੀ ਸਮੱਸਿਆਵਾਂ ਬਾਰੇ ਗੱਲ ਕਰਨ ਵਿੱਚ ਬਿਤਾਇਆ ਜਾਂਦਾ ਹੈ। ਮਾਨਸਿਕ ਸਿਹਤ ਸਲਾਹਕਾਰ ਕੋਲ ਚੰਗੀ ਸੁਣਨ ਦੇ ਹੁਨਰ ਹੋਣੇ ਚਾਹੀਦੇ ਹਨ ਤਾਂ ਜੋ ਉਹ ਪੂਰੀ ਤਰ੍ਹਾਂ ਸਮਝਣ ਦੇ ਯੋਗ ਹੋਣ ਕਿ ਇੱਕ ਕਲਾਇੰਟ ਕਿਸ ਵਿੱਚੋਂ ਲੰਘ ਰਿਹਾ ਹੈ। ਸੀਮਾਵਾਂ ਨਿਰਧਾਰਤ ਕਰਨਾ: ਕਿਸੇ ਵਿਅਕਤੀ ਦੇ ਮਾਨਸਿਕ ਸੰਘਰਸ਼ਾਂ ਬਾਰੇ ਸੁਣਨਾ ਇੱਕ ਮਾਨਸਿਕ ਸਿਹਤ ਸਲਾਹਕਾਰ ਨੂੰ ਟੈਕਸ ਲੱਗ ਸਕਦਾ ਹੈ। ਗਾਹਕ ਤੋਂ ਕਾਫ਼ੀ ਭਾਵਨਾਤਮਕ ਨਿਰਲੇਪਤਾ ਰੱਖ ਕੇ ਸੀਮਾਵਾਂ ਨਿਰਧਾਰਤ ਕਰਨ ਦੇ ਯੋਗ ਹੋਣਾ ਮਹੱਤਵਪੂਰਨ ਹੈ। ਇਹ ਇੱਕ ਮਾਨਸਿਕ ਸਿਹਤ ਸਲਾਹਕਾਰ ਲਈ ਉਦੇਸ਼ਪੂਰਨ ਹੋਣ ਅਤੇ ਗਾਹਕ ਲਈ ਇੱਕ ਵਿਹਾਰਕ ਹੱਲ ਪੇਸ਼ ਕਰਨ ਦਾ ਇੱਕ ਵਧੀਆ ਤਰੀਕਾ ਹੈ।

**ਹਮਦਰਦੀ:** ਕਾਉਂਸਲਿੰਗ ਸੈਸ਼ਨ ਆਯੋਜਿਤ ਕਰਨ ਦਾ ਮੁੱਖ ਕਾਰਨ ਮਾਨਸਿਕ ਸਿਹਤ ਸਲਾਹਕਾਰ ਲਈ ਆਪਣੇ ਗਾਹਕ ਦੇ ਦ੍ਰਿਸ਼ਟੀਕੋਣ ਨੂੰ ਸਮਝਣਾ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਕਿਸੇ ਵਿੱਚ ਹਮਦਰਦੀ ਹੋਵੇ। ਗਾਹਕ ਦਾ ਭਰੋਸਾ ਹਾਸਲ ਕਰਨ ਦੇ ਯੋਗ ਹੋਣਾ ਇੱਕ ਮਹੱਤਵਪੂਰਨ ਹੁਨਰ ਹੈ। ਮੈਂ ਮਾਨਸਿਕ ਸਿਹਤ ਸਲਾਹਕਾਰ ਵਜੋਂ ਕਰੀਅਰ ਕਿਵੇਂ ਸ਼ੁਰੂ ਕਰਾਂ? ਮਾਨਸਿਕ ਸਿਹਤ ਸਲਾਹਕਾਰ ਬਣਨ ਵੱਲ ਆਪਣੀ ਯਾਤਰਾ ਸ਼ੁਰੂ ਕਰਨ ਲਈ, ਤੁਹਾਨੂੰ ਮਨੋਵਿਗਿਆਨ, ਕਾਉਂਸਲਿੰਗ, ਜਾਂ ਕਿਸੇ ਸਬੰਧਤ ਡਿਗਰੀ ਪ੍ਰੋਗਰਾਮ ਵਿੱਚ ਬੈਚਲਰ ਦੀ ਡਿਗਰੀ ਪ੍ਰਾਪਤ ਕਰਨ ਦੀ ਲੋੜ ਹੈ, ਅਤੇ ਫਿਰ ਕਾਉਂਸਲਿੰਗ ਵਿੱਚ ਮਾਸਟਰ ਡਿਗਰੀ ਲੈਣ ਲਈ ਅੱਗੇ ਵਧੋ। ਤੁਸੀਂ ਦੂਜੇ ਖੇਤਰਾਂ ਵਿੱਚ ਬੈਚਲਰ ਦੀ ਡਿਗਰੀ ਲੈ ਸਕਦੇ ਹੋ, ਪਰ ਤੁਹਾਨੂੰ ਆਪਣੇ ਗ੍ਰੈਜੂਏਟ ਪ੍ਰੋਗਰਾਮ ਵਿੱਚ ਵਾਧੂ ਕੋਰਸ ਕਰਨ ਦੀ ਲੋੜ ਹੋ ਸਕਦੀ ਹੈ। ਇਹ ਦੇਖਣ ਲਈ ਕਿ ਕੀ ਇਹ ਭਵਿੱਖ ਵਿੱਚ ਤੁਹਾਡੀ ਗ੍ਰੈਜੂਏਟ ਡਿਗਰੀ ਦੇ ਨਾਲ ਤੁਹਾਡੀ ਮਦਦ ਕਰੇਗਾ, ਇਹ ਦੇਖਣ ਲਈ ਕਿ ਕੀ ਸਮਾਜ ਸ਼ਾਸਤਰ ਦੀਆਂ ਮੁੱਖ ਲੋੜਾਂ ਵਰਗੇ ਸਬੰਧਤ ਖੇਤਰਾਂ ਦੇ ਕੋਰਸਵਰਕ ਨੂੰ ਦੇਖਣਾ ਸਭ ਤੋਂ ਵਧੀਆ ਹੈ। ਆਦਰਸ਼ਕ ਤੌਰ 'ਤੇ, ਮਾਸਟਰ ਦੀ ਡਿਗਰੀ ਜੋ ਤੁਸੀਂ ਪ੍ਰਾਪਤ ਕਰਦੇ ਹੋ, ਕਾਉਂਸਲਿੰਗ ਅਤੇ ਸੰਬੰਧਿਤ ਐਜੂਕੇਸ਼ਨਲ ਪ੍ਰੋਗਰਾਮਾਂ ਲਈ ਮਾਨਤਾ ਪ੍ਰਾਪਤ ਕੌਂਸਲ ਦੁਆਰਾ ਮਾਨਤਾ ਪ੍ਰਾਪਤ ਹੋਣੀ ਚਾਹੀਦੀ ਹੈ। ਇਹ ਸੰਸਥਾ ਨਿਯਮਿਤ ਤੌਰ 'ਤੇ ਕਾਉਂਸਲਿੰਗ ਵਿੱਚ ਪੋਸਟ ਗ੍ਰੈਜੂਏਟ ਡਿਗਰੀ ਪ੍ਰੋਗਰਾਮਾਂ ਦਾ ਮੁਲਾਂਕਣ ਕਰਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਿਦਿਆਰਥੀ ਉੱਚ-ਗੁਣਵੱਤਾ ਵਾਲੀ ਸਿੱਖਿਆ ਪ੍ਰਾਪਤ ਕਰ ਰਹੇ ਹਨ ਅਤੇ ਪ੍ਰੋਗਰਾਮ ਉਦਯੋਗ ਦੇ ਮੌਜੂਦਾ ਮਾਪਦੰਡਾਂ ਨੂੰ ਪੂਰਾ ਕਰਦਾ ਹੈ। ਮਾਨਸਿਕ ਸਿਹਤ ਸਲਾਹਕਾਰਾਂ ਕੋਲ ਵੀ ਲਾਇਸੈਂਸ ਹੋਣਾ ਜ਼ਰੂਰੀ ਹੈ। ਇਸ ਲਈ, ਤੁਹਾਨੂੰ ਨੈਸ਼ਨਲ ਬੋਰਡ ਆਫ਼ ਸਰਟੀਫਾਈਡ ਕਾਉਂਸਲਰਜ਼ ਦੁਆਰਾ ਦਿੱਤੀ ਗਈ ਘੱਟੋ-ਘੱਟ ਇੱਕ ਪ੍ਰੀਖਿਆ ਜ਼ਰੂਰ ਲੈਣੀ ਚਾਹੀਦੀ ਹੈ ਅਤੇ ਪਾਸ ਕਰਨੀ ਚਾਹੀਦੀ ਹੈ। ਅਭਿਲਾਸ਼ੀ ਮਾਨਸਿਕ ਸਿਹਤ ਸਲਾਹਕਾਰ ਵੱਖ-ਵੱਖ ਸੈਟਿੰਗਾਂ ਜਿਵੇਂ ਕਿ ਬਾਹਰੀ ਮਰੀਜ਼ਾਂ ਦੀਆਂ ਸਹੂਲਤਾਂ, ਰਿਹਾਇਸ਼ੀ ਦੇਖਭਾਲ, ਅਤੇ ਵਿਅਕਤੀਗਤ ਅਤੇ ਪਰਿਵਾਰਕ ਸੇਵਾਵਾਂ ਵਿੱਚ ਲੋੜੀਂਦਾ ਕਲੀਨਿਕਲ ਅਨੁਭਵ ਪ੍ਰਾਪਤ ਕਰ ਸਕਦੇ ਹਨ। ਉਹ ਫਿਰ ਉੱਚ ਅਹੁਦਿਆਂ 'ਤੇ ਜਾ ਸਕਦੇ ਹਨ ਕਿਉਂਕਿ ਉਹ ਆਪਣਾ ਲਾਇਸੈਂਸ ਅਤੇ ਪ੍ਰਮਾਣ ਪੱਤਰ ਪ੍ਰਾਪਤ ਕਰਦੇ ਹਨ। ਮੈਂ ਕਾਉਂਸਲਿੰਗ ਵਿੱਚ ਐਸੋਸੀਏਟ ਦੀ ਡਿਗਰੀ ਨਾਲ ਕੀ ਕਰ ਸਕਦਾ ਹਾਂ?

ਮਾਨਸਿਕ ਸਿਹਤ ਸਹਾਇਕ ਮਾਨਸਿਕ ਸਿਹਤ ਸੰਬੰਧੀ ਸਹਾਇਤਾ ਕਰਨ ਵਾਲੇ ਹੋਰ ਸਿਹਤ ਸੰਭਾਲ ਪ੍ਰਦਾਤਾਵਾਂ ਦੇ ਨਾਲ ਕੰਮ ਕਰਦੇ ਹਨ ਤਾਂ ਜੋ ਉਹਨਾਂ ਮਰੀਜ਼ਾਂ ਦੀ ਮਦਦ ਕੀਤੀ ਜਾ ਸਕੇ ਜਿਨ੍ਹਾਂ ਦੀ ਮਾਨਸਿਕ ਸਿਹਤ ਸੰਬੰਧੀ ਵਿਗਾੜਾਂ ਜਾਂ ਬਿਮਾਰੀਆਂ ਹਨ। ਉਹਨਾਂ ਨੂੰ ਵਿਵਹਾਰ ਸੰਬੰਧੀ ਸਿਹਤ ਤਕਨੀਸ਼ੀਅਨ ਵਜੋਂ ਵੀ ਜਾਣਿਆ ਜਾਂਦਾ ਹੈ। ਮਾਨਸਿਕ ਸਿਹਤ ਸਹਾਇਕ ਆਮ ਤੌਰ 'ਤੇ ਹਸਪਤਾਲ ਦੀ ਸੈਟਿੰਗ ਜਾਂ ਮਨੋਵਿਗਿਆਨਕ ਸਹੂਲਤਾਂ ਵਿੱਚ ਕੰਮ ਕਰਦੇ ਹਨ। ਮਾਨਸਿਕ ਸਿਹਤ ਸਹਾਇਕ ਹਸਪਤਾਲਾਂ ਜਾਂ ਬਾਹਰੀ ਮਰੀਜ਼ਾਂ ਦੀਆਂ ਸਹੂਲਤਾਂ ਵਿੱਚ, ਇੱਕ ਮਾਨਸਿਕ ਸਿਹਤ ਸਹਾਇਕ ਮਰੀਜ਼ਾਂ ਦੇ ਵਿਵਹਾਰ ਦੀ ਨਿਗਰਾਨੀ ਕਰਨ ਵਿੱਚ ਮਦਦ ਕਰਦਾ ਹੈ ਅਤੇ ਉਹਨਾਂ ਦੀਆਂ ਬੁਨਿਆਦੀ ਲੋੜਾਂ ਵਿੱਚ ਉਹਨਾਂ ਦੀ ਸਹਾਇਤਾ ਕਰਦਾ ਹੈ। ਜੇਕਰ ਕੋਈ ਹਿੰਸਕ ਘਟਨਾ ਵਾਪਰਦੀ ਹੈ ਤਾਂ ਉਹ ਮਰੀਜ਼ਾਂ ਨੂੰ ਰੋਕਣ ਲਈ ਵੀ ਜ਼ਿੰਮੇਵਾਰ ਹਨ। ਉਹ ਮੈਡੀਕਲ ਰਿਕਾਰਡ ਅੱਪਡੇਟ ਕਰਦੇ ਹਨ ਅਤੇ ਮਨੋਵਿਗਿਆਨੀ ਅਤੇ ਹੋਰ ਮਾਨਸਿਕ ਸਿਹਤ ਪ੍ਰਦਾਤਾਵਾਂ ਨੂੰ ਤਰੱਕੀ ਦੀ ਰਿਪੋਰਟ ਕਰਦੇ ਹਨ। ਮੈਂ ਕਾਉਂਸਲਿੰਗ ਵਿੱਚ ਬੈਚਲਰ ਡਿਗਰੀ ਨਾਲ ਕੀ ਕਰ ਸਕਦਾ ਹਾਂ? ਮਾਨਸਿਕ ਸਿਹਤ ਕਰਮਚਾਰੀ ਇੱਕ ਮਾਨਸਿਕ ਸਿਹਤ ਕਰਮਚਾਰੀ ਆਮ ਤੌਰ 'ਤੇ ਇੱਕ ਮਨੋਵਿਗਿਆਨਕ ਟੀਮ ਦਾ ਹਿੱਸਾ ਹੁੰਦਾ ਹੈ ਜੋ ਮਾਨਸਿਕ ਸਿਹਤ ਦੇ ਮਰੀਜ਼ਾਂ ਨੂੰ ਦੇਖਭਾਲ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ। ਉਹ ਮਨੋਵਿਗਿਆਨਕਾਂ ਅਤੇ ਸਲਾਹਕਾਰਾਂ ਦੀ ਮਰੀਜ਼ਾਂ ਦੀ ਨਿਗਰਾਨੀ ਕਰਨ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਨ ਕਿ ਮੈਡੀਕਲ ਰਿਕਾਰਡ ਅੱਪਡੇਟ ਕੀਤੇ ਗਏ ਹਨ। ਉਹ ਦਖਲਅੰਦਾਜ਼ੀ ਯੋਜਨਾਵਾਂ ਵਿੱਚ ਵੀ ਸਹਾਇਤਾ ਕਰ ਸਕਦੇ ਹਨ ਅਤੇ ਲਾਗੂ ਕੀਤੇ ਇਲਾਜਾਂ ਦੀ ਪ੍ਰਗਤੀ ਨੂੰ ਟਰੈਕ ਕਰ ਸਕਦੇ ਹਨ। ਮਨੁੱਖੀ ਸੇਵਾ ਸਹਾਇਕ ਜੇਕਰ ਤੁਸੀਂ ਸਮਾਜ ਨਾਲ ਸਬੰਧਤ ਕੰਮਾਂ ਵਿੱਚ ਦਿਲਚਸਪੀ ਰੱਖਦੇ ਹੋਮੈਂ ਕੰਮ ਕਰਦਾ ਹਾਂ, ਮਨੁੱਖੀ ਸੇਵਾ ਸਹਾਇਕ ਹੋਣਾ ਇੱਕ ਵਧੀਆ ਫਿਟ ਹੋ ਸਕਦਾ ਹੈ। ਉਹ ਗਾਹਕਾਂ ਨੂੰ ਉਹਨਾਂ ਲਈ ਉਪਲਬਧ ਸਹੀ ਮਾਨਸਿਕ ਸਿਹਤ ਸੇਵਾਵਾਂ ਦੇ ਨਾਲ-ਨਾਲ ਉਹਨਾਂ ਲਈ ਉਹਨਾਂ ਦੀ ਬਿਮਾਰੀ ਨੂੰ ਦੂਰ ਕਰਨ ਜਾਂ ਉਹਨਾਂ ਨਾਲ ਸਿੱਝਣ ਲਈ ਸਰੋਤ ਲੱਭਣ ਵਿੱਚ ਮਦਦ ਕਰਨ 'ਤੇ ਵਧੇਰੇ ਧਿਆਨ ਕੇਂਦ੍ਰਤ ਕਰਦੇ ਹਨ। ਉਹ ਅਕਸਰ ਸਰਕਾਰੀ ਏਜੰਸੀਆਂ ਅਤੇ ਗੈਰ-ਲਾਭਕਾਰੀ ਸੰਸਥਾਵਾਂ ਨਾਲ ਕੰਮ ਕਰਦੇ ਹਨ।

ਕੀ ਤੁਸੀਂ ਸਿਰਫ਼ ਇੱਕ ਸਰਟੀਫਿਕੇਟ ਨਾਲ ਮਾਨਸਿਕ ਸਿਹਤ ਸਲਾਹ ਦੀ ਨੌਕਰੀ ਪ੍ਰਾਪਤ ਕਰ ਸਕਦੇ ਹੋ? ਕਿਉਂਕਿ ਮਾਨਸਿਕ ਸਿਹਤ ਸਲਾਹ-ਮਸ਼ਵਰੇ ਲਈ ਮਾਸਟਰ ਡਿਗਰੀ ਅਤੇ ਲਾਇਸੈਂਸ ਦੀ ਲੋੜ ਹੁੰਦੀ ਹੈ, ਇਸ ਲਈ ਸਿਰਫ਼ ਇੱਕ ਸਰਟੀਫਿਕੇਟ ਦੇ ਨਾਲ ਅਭਿਆਸ ਕਰਨ ਵਾਲਾ ਮਾਨਸਿਕ ਸਿਹਤ ਸਲਾਹਕਾਰ ਬਣਨਾ ਅਸੰਭਵ ਹੈ। ਕਾਉਂਸਲਿੰਗ ਅਤੇ ਮਾਨਸਿਕ ਸਿਹਤ ਨਾਲ ਸਬੰਧਤ ਨੌਕਰੀਆਂ ਲਈ ਅਰਜ਼ੀ ਦੇਣ ਨਾਲ ਤੁਹਾਨੂੰ ਕੀਮਤੀ ਅਨੁਭਵ ਪ੍ਰਾਪਤ ਕਰਨ ਵਿੱਚ ਮਦਦ ਮਿਲ ਸਕਦੀ ਹੈ ਕਿਉਂਕਿ ਤੁਸੀਂ ਆਪਣੀ ਪੜ੍ਹਾਈ ਜਾਰੀ ਰੱਖਦੇ ਹੋ ਅਤੇ ਸਲਾਹਕਾਰ ਕਿਵੇਂ ਬਣਨਾ ਹੈ।

# ਕੰਮ ਕਰਨ ਦੇ ਹੁਨਰ ਅਤੇ ਤਣਾਅ ਪ੍ਰਬੰਧਨ

**ਵਿਜੈ ਗਰਗ**

ਅੱਜ ਸਾਡੇ ਦੇਸ਼ ਵਿੱਚ ਨੌਕਰੀਆਂ ਵਿੱਚ ਵਧਦੇ ਤਣਾਅ ਅਤੇ ਕੰਮ ਦੇ ਸੱਭਿਆਚਾਰ ਵਿੱਚ ਆਏ ਬਦਲਾਅ ਨੂੰ ਦੇਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਭਾਰਤੀ ਕੰਪਨੀਆਂ ਉੱਤੇ ਵਿਸ਼ਵ ਦੀ ਅਰਥਵਿਵਸਥਾ ਨਾਲ ਤਾਲਮੇਲ ਰੱਖਣ ਅਤੇ ਵਿਸ਼ਵ ਦੀਆਂ ਸ਼ਕਤੀਸ਼ਾਲੀ ਕੰਪਨੀਆਂ ਨੂੰ ਪਛਾੜਨ ਦਾ ਦਬਾਅ ਹੈ ਕਾਫ਼ੀ ਵਾਧਾ ਹੋਇਆ ਹੈ। ਨਤੀਜਾ ਇਹ ਹੈ ਕਿ ਕਈ ਵਾਰ ਹਰ ਹਫ਼ਤੇ ਘੱਟੋ-ਘੱਟ ਸੱਤਰ ਘੰਟੇ ਕੰਮ ਕਰਨ ਦੀ ਲੋੜ ਉਜਾਗਰ ਹੋ ਜਾਂਦੀ ਹੈ ਅਤੇ ਕਈ ਵਾਰ ਮੁਲਾਜ਼ਮਾਂ ਨੂੰ ਤਣਾਅ ਹੋਣ ਦੀ ਗੱਲ ਮੰਨਣ 'ਤੇ ਕੰਮ ਤੋਂ ਹਟਾਉਣ ਦੇ ਹੁਕਮ ਜਾਰੀ ਹੋਣ ਦੀਆਂ ਖ਼ਬਰਾਂ ਆਉਂਦੀਆਂ ਹਨ।ਹੈ। ਅੱਜ ਦੇਸ਼ ਅਤੇ ਦੁਨੀਆਂ ਵਿੱਚ ਅਜਿਹੇ ਲੋਕਾਂ ਦੀ ਕੋਈ ਕਮੀ ਨਹੀਂ ਹੈ ਜੋ ਰਾਸ਼ਟਰ ਨਿਰਮਾਣ ਲਈ ਜਨੂੰਨ ਦੀ ਹੱਦ ਤੱਕ ਜਾਣ ਦੇ ਹੱਕ ਵਿੱਚ ਹਨ। ਜਿੰਨਾ ਹੋ ਸਕੇ ਲਾਮਬੰਦ ਕਰਨ ਦੇ ਹੱਕ ਵਿੱਚ ਹਨ। ਇਹ ਸਾਰੀ ਚਰਚਾ ਉਦੋਂ ਹੋਰ ਵੀ ਪ੍ਰਸੰਗਿਕ ਹੋ ਜਾਂਦੀ ਹੈ ਜਦੋਂ ਇਹ ਪਤਾ ਲੱਗ ਜਾਂਦਾ ਹੈ ਕਿ ਸਿਰਫ਼ ਆਬਾਦੀ ਵਾਲੇ ਦੇਸ਼ਾਂ ਵਿੱਚ ਹੀ ਨਹੀਂ, ਸਗੋਂ ਅਮਰੀਕਾ ਅਤੇ ਬਰਤਾਨੀਆ ਵਰਗੇ ਵਿਕਸਤ ਦੇਸ਼ਾਂ ਵਿੱਚ ਵੀ ਅਜਿਹੇ ਜੋਸ਼ੀਲੇ ਕੰਮ ਸੱਭਿਆਚਾਰ ਦੀ ਮੰਗ ਹੈ, ਤਾਂ ਜੋ ਆਰਥਿਕਤਾ ਹੋਰ ਮਜ਼ਬੂਤ ਹੋ ਸਕੇ ਰੁਜ਼ਗਾਰ ਖੇਤਰ ਨੂੰ ਹੱਲ ਕੀਤਾ ਜਾ ਸਕਦਾ ਹੈ। ਹਾਲ ਹੀ ਵਿੱਚ ਨੋਇਡਾ ਦੀ ਇੱਕ ਕੰਪਨੀ ਨੇ ਆਪਣੇ ਕਰਮਚਾਰੀਆਂ ਦੇ ਕੰਮਕਾਜੀ ਮਾਹੌਲ ਨੂੰ ਲੈ ਕੇ ਚਿੰਤਾਵਾਂ ਜਤਾਈਆਂ ਹਨ।ਅਤੇ ਜਨਮ ਸਬੰਧੀ ਸਰਵੇਖਣ ਕਰਵਾਇਆ ਗਿਆ। ਕਈ ਕਰਮਚਾਰੀਆਂ ਨੇ ਮੰਨਿਆ ਕਿ ਕੰਮ ਦੇ ਦਬਾਅ ਕਾਰਨ ਉਹ ਤਣਾਅ ਵਿਚ ਹਨ ਜਾਂ ਉਨ੍ਹਾਂ ਦੀ ਮਾਨਸਿਕ ਸਥਿਤੀ ਪ੍ਰਭਾਵਿਤ ਹੋ ਰਹੀ ਹੈ। ਸਰਵੇ 'ਚ ਮਾਨਸਿਕ ਤਣਾਅ ਮੰਨਣ ਵਾਲੇ 100 ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢੇ ਜਾਣ ਦੀ ਖ਼ਬਰ ਹੈ। ਕੰਪਨੀ ਦੇ ਮਨੁੱਖੀ ਸੰਸਾਧਨ ਵਿਭਾਗ ਨੇ ਆਪਣੇ ਕਰਮਚਾਰੀਆਂ ਨੂੰ ਪੱਤਰ ਲਿਖ ਕੇ ਕਿਹਾ ਕਿ ਪ੍ਰਤੀਕਰਮਾਂ 'ਤੇ ਗੰਭੀਰ ਵਿਚਾਰ-ਵਟਾਂਦਰੇ ਤੋਂ ਬਾਅਦ ਤਣਾਅ ਜ਼ਾਹਰ ਕਰਨ ਵਾਲੇ ਕਰਮਚਾਰੀਆਂ ਨੂੰ ਕੰਪਨੀ ਤੋਂ ਵੱਖ ਕਰਨ ਦਾ ਫੈਸਲਾ ਕੀਤਾ ਗਿਆ ਹੈ, ਇਸ ਉਦੇਸ਼ ਨਾਲ ਕਿ ਕੋਈ ਵੀ ਕਰਮਚਾਰੀ ਕੰਮ ਦੌਰਾਨ ਤਣਾਅ ਵਿਚ ਨਾ ਰਹੇ। ਹਾਲਾਂਕਿ ਇਸ ਫੈਸਲੇ ਨੂੰ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤਾ ਗਿਆ ਸੀਆਲੋਚਨਾ ਤੋਂ ਬਾਅਦ, ਕੰਪਨੀ ਨੇ ਸਪੱਸ਼ਟ ਕੀਤਾ ਕਿ ਕਰਮਚਾਰੀਆਂ ਨੂੰ ਉਨ੍ਹਾਂ ਦੀਆਂ ਨੌਕਰੀਆਂ ਤੋਂ ਬਰਖਾਸਤ ਨਹੀਂ ਕੀਤਾ ਗਿਆ ਸੀ, ਪਰ ਸਰਵੇਖਣ ਦਾ ਉਦੇਸ਼ ਕੰਮ ਵਾਲੀ ਥਾਂ 'ਤੇ ਦਬਾਅ ਅਤੇ ਤਣਾਅ ਕਾਰਨ ਬਰਨਆਊਟ ਨਾਲ ਜੁੜੀਆਂ ਸਮੱਸਿਆਵਾਂ ਨੂੰ ਉਜਾਗਰ ਕਰਨਾ ਸੀ। ਨਾਲ ਹੀ, ਕੰਪਨੀ ਤਣਾਅ ਜ਼ਾਹਰ ਕਰਨ ਵਾਲੇ ਕਰਮਚਾਰੀਆਂ ਨੂੰ ਛੁੱਟੀ ਅਤੇ ਹੋਰ ਸਹੂਲਤਾਂ ਦੇ ਰਹੀ ਹੈ ਤਾਂ ਜੋ ਉਹ ਥੋੜ੍ਹਾ ਆਰਾਮ ਕਰ ਸਕਣ ਤਾਂ ਜੋ ਉਹ ਨਵੀਂ ਊਰਜਾ ਨਾਲ ਕੰਮ ਵਿੱਚ ਜੁਟ ਸਕਣ। ਇਹ ਸੰਭਵ ਹੈ ਕਿ ਕੰਪਨੀ ਦਾ ਸਰਵੇਖਣ, ਕਰਮਚਾਰੀਆਂ ਦੀ ਪ੍ਰਤੀਕ੍ਰਿਆ ਅਤੇ ਸੋਸ਼ਲ ਮੀਡੀਆ 'ਤੇ ਉਸ ਕੰਪਨੀ ਵਿਰੁੱਧ ਗੁੱਸਾ ਸੋਚੀ ਸਮਝੀ ਪ੍ਰਚਾਰ ਰਣਨੀਤੀ ਹੈ। ਪਰ ਇਹ ਸੱਚ ਹੈ ਕਿਭਾਰਤੀ ਕੰਪਨੀਆਂ ਵਿੱਚ ਡੂੰਘੀ ਜੜ੍ਹਾਂ ਵਾਲਾ ਵਿਸ਼ਵਾਸ ਹੈ ਕਿ ਗਲੋਬਲ ਕੰਪਨੀਆਂ ਨਾਲ ਮੁਕਾਬਲਾ ਕਰਨ ਲਈ ਉਨ੍ਹਾਂ ਦੇ ਦੇਸ਼ ਦੇ ਕੰਮ ਸੱਭਿਆਚਾਰ ਵਿੱਚ ਬੁਨਿਆਦੀ ਤਬਦੀਲੀਆਂ ਦੀ ਲੋੜ ਹੈ। ਭਾਰਤੀ ਕਰਮਚਾਰੀ ਘੱਟ ਪੇਸ਼ੇਵਰ ਹੋਣ ਦੀ ਮਾਨਸਿਕਤਾ ਉਨ੍ਹਾਂ ਦੀ ਸੋਚ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਵਿਸ਼ਵਾਸ ਅਨੁਸਾਰ ਉਹ ਆਦਤਨ ਆਲਸੀ ਹਨ। ਦੇਸ਼ ਦੇ ਜ਼ਿਆਦਾਤਰ ਸਰਕਾਰੀ ਦਫ਼ਤਰਾਂ ਵਿੱਚ ਇਹ ਦ੍ਰਿਸ਼ ਆਮ ਹੀ ਦੇਖਣ ਨੂੰ ਮਿਲੇ ਹਨ ਕਿ ਕਰਮਚਾਰੀ ਜਾਂ ਤਾਂ ਸਮੇਂ ਸਿਰ ਦਫ਼ਤਰ ਨਹੀਂ ਆਉਂਦੇ ਜਾਂ ਫਿਰ ਸਾਰਾ ਦਿਨ ਆਪਣੀਆਂ ਕੁਰਸੀਆਂ ਤੋਂ ਗਾਇਬ ਰਹਿੰਦੇ ਹਨ। ਸਰਕਾਰੀ ਦਫ਼ਤਰਾਂ ਵਿੱਚ ਕਰਮਚਾਰੀ ਸਮੇਂ ਸਿਰ ਹਾਜ਼ਰ ਹੋਣ।ਦੇਖਣਾ ਅਸੰਭਵ ਮੰਨਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਹੁਣ ਜ਼ਿਆਦਾਤਰ ਸਰਕਾਰੀ ਦਫ਼ਤਰਾਂ ਅਤੇ ਸਕੂਲਾਂ ਵਿੱਚ ਹਾਜ਼ਰੀ ਰਿਕਾਰਡਿੰਗ ਦਾ ਬਾਇਓਮੈਟ੍ਰਿਕ ਸਿਸਟਮ ਲਗਾਇਆ ਜਾ ਰਿਹਾ ਹੈ। ਕਾਰਗੁਜ਼ਾਰੀ ਦਾ ਮੁਲਾਂਕਣ ਕਰਨ ਲਈ ਸਾਲਾਨਾ ਮੁਲਾਂਕਣ ਪ੍ਰਣਾਲੀ ਲਾਗੂ ਕੀਤੀ ਜਾ ਰਹੀ ਹੈ। ਵੱਡੀਆਂ ਪ੍ਰਾਈਵੇਟ ਕੰਪਨੀਆਂ ਵਿੱਚ ਹੋਰ ਵੀ ਸਖ਼ਤ ਮਾਹੌਲ ਹੈ। ਕੰਮ ਦੇ ਗਲੋਬਲ ਮਾਪਦੰਡਾਂ ਨੂੰ ਲਾਗੂ ਕਰਨ ਵਾਲੀ ਇੱਕ ਆਈਟੀ ਕੰਪਨੀ ਦੇ ਸੰਸਥਾਪਕ ਨੇ ਕਿਹਾ ਹੈ ਕਿ ਜੇਕਰ ਭਾਰਤ ਨੇ ਆਰਥਿਕ ਮਹਾਂਸ਼ਕਤੀ ਬਣਨਾ ਹੈ ਤਾਂ ਨੌਜਵਾਨਾਂ ਨੂੰ ਹਰ ਹਫ਼ਤੇ ਸੱਤਰ ਘੰਟੇ ਕੰਮ ਕਰਨਾ ਪਵੇਗਾ। ਜੇਕਰ ਉਸ ਦੇ ਬਿਆਨ ਦਾ ਸਮਰਥਨ ਕੀਤਾ ਜਾਂਦਾ ਹੈ ਤਾਂ ਵਿਰੋਧ ਵੀ ਖਤਮ ਹੋ ਜਾਂਦਾ ਹੈ।ਸਿਰਫ਼ ਪੱਛਮੀ ਦੇਸ਼ਾਂ ਵਿੱਚ ਹੀ ਨਹੀਂ, ਸਗੋਂ ਕਈ ਏਸ਼ੀਆਈ ਦੇਸ਼ਾਂ ਵਿੱਚ ਵੀ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ ਕਿ ਕਿਵੇਂ ਉੱਥੋਂ ਦੀ ਨੌਜਵਾਨ ਆਬਾਦੀ ਨੇ ਦੇਸ਼ ਦੀ ਆਰਥਿਕ ਤਰੱਕੀ ਨੂੰ ਯਕੀਨੀ ਬਣਾਉਣ ਲਈ ਸਖ਼ਤ ਮਿਹਨਤ ਕੀਤੀ ਹੈ। ਉਦਾਹਰਣ ਵਜੋਂ, ਜਾਪਾਨ ਬਾਰੇ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਉੱਥੇ ਕਰਮਚਾਰੀ ਨਾ ਸਿਰਫ਼ ਜ਼ਿਆਦਾ ਕੰਮ ਕਰਦੇ ਹਨ, ਸਗੋਂ ਉਹ ਸਾਲਾਨਾ ਨੌਂ ਦਿਨਾਂ ਦੀ ਛੁੱਟੀ ਵੀ ਨਹੀਂ ਲੈਂਦੇ ਹਨ।

ਜਦੋਂ ਕਿ ਉਨ੍ਹਾਂ ਦੀਆਂ ਸ਼ਰਤਾਂ ਅਤੇ ਰੁਜ਼ਗਾਰ ਦੀਆਂ ਸ਼ਰਤਾਂ ਦੁੱਗਣੇ ਤੋਂ ਵੱਧ ਛੁੱਟੀਆਂ ਪ੍ਰਦਾਨ ਕਰਦੀਆਂ ਹਨ। ਗੁਆਂਢੀ ਦੇਸ਼ ਚੀਨ ਵਿੱਚ ਰੁਜ਼ਗਾਰਦਾਤਾ ਆਪਣੇ ਕਰਮਚਾਰੀਆਂ ਤੋਂ ਵੱਧ ਕੰਮ ਕਰਨ ਦੀ ਉਮੀਦ ਕਰਦੇ ਹਨ। ਚੀਨ ਵਿੱਚ ਇੱਕ ਲੋੜ ਅਤੇ ਪ੍ਰਸਿੱਧ ਈ-ਕਾਮਰਸ ਕੰਪਨੀ ਦੇ ਸੰਸਥਾਪਕ ਨੇ ਇਹ ਵੀ ਕਿਹਾ ਹੈ ਕਿ ਕਰਮਚਾਰੀਆਂ ਨੂੰ ਹਰ ਰੋਜ਼ ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ ਕੰਮ ਕਰਨ ਦੀ ਪੰਜ ਵਰਕਿੰਗ ਡੇ ਦੀ ਪਰੰਪਰਾ ਬੇਲੋੜੀ ਹੈ। ਦੂਜੇ ਪਾਸੇ ਆਸਟ੍ਰੇਲੀਆ ਤੋਂ ਵੀ ਇੱਕ ਉਦਾਹਰਣ ਸਾਹਮਣੇ ਆਈ ਹੈ, ਜਿੱਥੇ ਕੰਮ ਤੋਂ ਘਰ ਆਉਣ 'ਤੇ ਫ਼ੋਨ ਜਾਂ ਈਮੇਲ ਦਾ ਜਵਾਬ ਦੇਣ ਦੀ ਲੋੜ ਰਾਈਟ-ਟੂ-ਡਿਸਕਨੈਕਟ ਹੋਣ ਕਾਰਨ ਮਹਿਸੂਸ ਨਹੀਂ ਕੀਤੀ ਜਾਂਦੀ। ਕੁਝ ਪੱਛਮੀ ਦੇਸ਼ਾਂ ਵਿੱਚ ਵੀ ਕੁਝ ਅੰਤਰ ਹਨ। ਜਿਵੇਂ ਕਿ, ਕਿਸੇ ਵੀ ਨੌਕਰੀ ਜਾਂ ਕਾਰੋਬਾਰ ਦੇ ਅਧੀਨ, ਕੰਮ ਦੇ ਘੰਟੇ ਇਸ ਤਰੀਕੇ ਨਾਲ ਐਡਜਸਟ ਕੀਤੇ ਜਾਂਦੇ ਹਨ ਕਿ ਕਰਮਚਾਰੀ ਦੀ ਨਿੱਜੀ ਅਤੇ ਸਮਾਜਿਕ ਜੀਵਨ ਸ਼ੈਲੀ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਹੁੰਦੀ ਹੈ।ਪ੍ਰਭਾਵਿਤ ਨਹੀਂ ਹੁੰਦੇ। 'ਵਰਕ-ਲਾਈਫ ਬੈਲੇਂਸ' ਯਾਨੀ ਕੰਮ ਅਤੇ ਜੀਵਨ ਵਿਚਕਾਰ ਸੰਤੁਲਨ ਬਣਾਈ ਰੱਖਣ ਦੀ ਨੀਤੀ ਤਹਿਤ ਯੂਰਪੀ-ਅਮਰੀਕੀ ਦੇਸ਼ਾਂ ਦੀਆਂ ਸਰਕਾਰਾਂ ਅਤੇ ਪ੍ਰਾਈਵੇਟ ਕੰਪਨੀਆਂ ਇਸ ਗੱਲ 'ਤੇ ਵੀ ਨਜ਼ਰ ਰੱਖਦੀਆਂ ਹਨ ਕਿ ਕਰਮਚਾਰੀ ਨੇ ਸਾਲ 'ਚ ਲੋੜ ਤੋਂ ਘੱਟ ਛੁੱਟੀਆਂ ਲਈਆਂ ਹਨ ਜਾਂ ਨਹੀਂ। ਇਹ ਵੀ ਨਹੀਂ ਲਿਆ। ਜਾਂ ਕਰਮਚਾਰੀ ਓਨਾ ਚਿਰ ਦਫ਼ਤਰ ਵਿੱਚ ਨਹੀਂ ਰਹਿ ਰਿਹਾ ਜਿੰਨਾ ਚਿਰ ਲੋੜ ਹੋਵੇ। ਹੁਣ ਅਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ ਕਿ ਭਾਰਤੀ ਮੁਲਾਜ਼ਮਾਂ ਨੂੰ ਪਹਿਲਾਂ ਨਾਲੋਂ ਜ਼ਿਆਦਾ ਕੰਮ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਹ ਅਸਲ ਵਿੱਚ ਸੱਚ ਹੈ ਕਿ ਹੁਣ ਭਾਰਤ ਵਿੱਚਮੁਲਾਜ਼ਮਾਂ ਤੋਂ ਪਹਿਲਾਂ ਨਾਲੋਂ ਵੱਧ ਕੰਮ ਕਰਨ ਦੀ ਉਮੀਦ ਕੀਤੀ ਜਾ ਰਹੀ ਹੈ।

ਇੱਕ ਅੰਦਾਜ਼ੇ ਅਨੁਸਾਰ ਪੰਜਾਹ ਸਾਲ ਪਹਿਲਾਂ ਭਾਰਤੀਆਂ ਨੂੰ ਹਫ਼ਤੇ ਵਿੱਚ ਔਸਤਨ ਚਾਲੀ ਘੰਟੇ ਕੰਮ ਕਰਨਾ ਪੈਂਦਾ ਸੀ ਪਰ ਹੁਣ ਇਹ ਔਸਤ ਵਧ ਕੇ ਪੈਂਤੀ ਘੰਟੇ ਹੋ ਗਿਆ ਹੈ। ਦਿੱਲੀ-ਮੁੰਬਈ ਵਰਗੇ ਮਹਾਨਗਰਾਂ ਵਿੱਚ ਇਹ ਔਸਤ ਸੱਠ ਘੰਟੇ ਤੱਕ ਪਹੁੰਚ ਗਈ ਹੈ, ਜਦੋਂ ਕਿ ਬਰਤਾਨੀਆ, ਅਮਰੀਕਾ ਆਦਿ ਵਰਗੇ ਵਿਕਸਤ ਦੇਸ਼ਾਂ ਵਿੱਚ ਮੁਲਾਜ਼ਮਾਂ ਤੋਂ ਹਫ਼ਤੇ ਵਿੱਚ ਸਿਰਫ਼ ਚੌਂਤੀ ਘੰਟੇ ਕੰਮ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਜੇਕਰ ਇਹ ਸੋਚਿਆ ਜਾਵੇ ਕਿ ਬਹੁਤ ਜ਼ਿਆਦਾ ਦਬਾਅ ਅਤੇ ਤਣਾਅ ਪੈਦਾ ਕਰਕੇ ਉਤਪਾਦਕਤਾ ਨੂੰ ਵਧਾਉਣਾ ਸੰਭਵ ਹੈ, ਤਾਂਇਸ ਮੁੱਦੇ 'ਤੇ ਕੀਤੇ ਗਏ ਖੋਜ ਅਧਿਐਨਾਂ ਨੂੰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ।

### ਤੂੰ ਵੀ ਬਦਲ ਜਮਾਨਾ ਬਦਲ ਗਿਆ

# ਆਓ 21ਵੀਂ ਸਦੀ 'ਚ ਦੇਸ਼ ਦੇ ਉਜਵਲ ਭਵਿੱਖ ਲਈ ਧੀਆਂ ਦੀ ਲੋਹੜੀ ਪਾਈਏ !



ਸੰਤੋਖ ਸਿੰਘ ਜੱਸੀ
91-70876-19800

ਪੰਜਾਬ ਭਾਰਤ ਦਾ ਅਜਿਹਾ ਸੂਬਾ ਹੈ ਜਿੱਥੇ 12 ਮਹੀਨਿਆ 'ਚ ਤਿਉਹਾਰਾਂ ਦੀ ਝੜੀ ਲੱਗੀ ਰਹਿੰਦੀ ਹੈ।ਲੋਹੜੀ ਦਾ ਤਿਉਹਾਰ 13 ਜਨਵਰੀ ਨੂੰ ਹਰ ਸਾਲ ਮਨਾਇਆ ਜਾਂਦਾ ਹੈ।ਲੋਹੜੀ ਦੇ ਮਨਾਉਣ ਸਬੰਧੀ ਅਨੇਕਾਂ ਪੁਰਾਤਨ ਗਾਥਾਵਾਂ ਪ੍ਰਚਲਤ ਹਨ ਪਰ ਸਭ ਤੋਂ ਵੱਧ ਗਾਥਾ ਜੋ ਪ੍ਰਚਲਤ ਹੈ ਉਸ ਮੁਤਾਬਕ ਸੁੰਦਰੀ ਤੇ ਮੁੰਦਰੀ ਦੋ ਸਕੀਆ ਖੂਬਸੂਰਤ ਭੈਣਾ ਸਨ।ਜਿਹਨਾਂ ਦਾ ਰਿਸ਼ਤਾ ਗਰੀਬ ਬ੍ਰਾਹਮਣ ਨੇ ਪੱਕਾ ਕੀਤਾ ਹੋਇਆ ਸੀ।ਦੂਜੇ ਪਾਸੇ ਸਮੇਂ ਦੇ ਹਾਕਮ ਧੀਆਂ ਨੂੰ ਹਵਸ ਦਾ ਸ਼ਿਕਾਰ ਬਣਾ ਕੇ ਉਹਨਾਂ ਦਾ ਹੁਸਨ ਲੁੱਟਣਾ ਚਾਹੁੰਦੇ ਸਨ।ਇਹ ਗੱਲ 'ਦੁੱਲਾ ਭੱਟੀ' ਹਾਲਾਤ ਵਸ ਬਣੇ ਡਾਕੂ ਤੱਕ ਵੀ ਪਹੁੰਚੀ।ਉਸ ਨੇ ਹਨੇਰੇ 'ਚ ਰੋਸ਼ਨੀ ਕਰਨ ਲਈ ਜੰਗਲ 'ਚ ਅੱਗ ਵਾਲ ਕੇ ਦੋਵੇ ਧੀਆਂ ਦਾ ਵਿਆਹ ਕੀਤਾ।ਜਿਸ ਕਾਰਨ ਇਸ ਨਿਭਾਏ 'ਮਾਨਵੀ ਧਰਮੀ ਕਾਰਜ' ਕਾਰਨ ਦੁੱਲਾ ਭੱਟੀ ਦੇ ਲੋਹੜੀ ਵਾਲੇ ਗੀਤਾਂ 'ਚ ਜਿਕਰ ਆਉਂਦਾ ਹੈ ਕਿ:-

ਸੁੰਦਰ ਮੁੰਦਰੀਏ, ਹੋ!
ਤੇਰਾ ਕੌਣ ਵਿਚਾਰਾ, ਹੋ!
ਦੁੱਲਾ ਭੱਟੀ ਵਾਲਾ, ਹੋ!
ਦੁੱਲੇ ਧੀ ਵਿਆਹੀ, ਹੋ!
ਸੇਰ ਸੱਕਰ ਪਾਈ, ਹੋ!

ਦੁਨੀਆ ਬਦਲ ਰਹੀ ਹੈ। ਪਿੰਡ ਹੁਣ ਪਿੰਡ ਨਾ ਰਹਿ ਕੇ 'ਗਲੋਬਲ ਪਿੰਡ' ਅਤੇ ਨਾਗਰਿਕ ਹੁਣ ਇਕ ਦੇਸ਼ ਦਾ ਨਾ ਹੋ ਕੇ 'ਵਿਸ਼ਵ ਨਾਗਰਿਕ ਬਣ ਰਿਹਾ ਹੈ' 21ਵੀਂ ਸਦੀ ਵਿੱਚ ਪੁਰਾਣੇ ਰਸਮਾ-ਰਿਵਾਜ਼, ਤੱਥਾ-ਮਿੱਥਾ, ਪੜਾਈ ਲਿਖਾਈ ਦੇ ਵੱਧ ਮੌਕੇ ਮਿਲਣ ਕਾਰਨ ਆਈ ਚੇਤਨਤਾ ਸਦਕੇ ਹੋਲੀ-ਹੋਲੀ ਦੂਰ ਹੋਣ ਲੱਗੇ ਹਨ ਅਤੇ ਇਸ ਜੁੱਗ ਵਿੱਚ ਇਹਨਾਂ ਅੰਦ-ਵਿਸ਼ਵਾਸਾ ਪ੍ਰਤੀ ਸੰਕੇ ਅਤੇ ਸਵਾਲ ਅਤੇ ਨੌਜਵਾਨ ਪੀੜੀ ਖਾਸ ਕਰਕੇ ਧੀਆਂ,ਲੜਕੀਆਂ, ਔਰਤਾਂ ਅਤੇ ਸਮਾਜ ਦੇ ਜਿਆਸੂ ਲੋਕ ਕਰਨ ਲੱਗੇ ਹਨ। ਕਿਉਂਕਿ ਵਿਗਿਆਨਿਕ ਨਜ਼ਰੀਏ ਮੁਤਾਬਕ ਇਹਨਾਂ ਸਭ ਦੇ ਕੋਈ ਮਾਇਨੇ ਨਹੀਂ।ਤਰਕ ਦਲੀਲ ਮੁਤਾਬਕ ਵੀ ਇਹ ਕਿਤੇ ਨਹੀਂ ਠਹਿਰਦੇ। ਗੁਰੂ ਸ਼ਹਿਬਾਨਾਂ, ਮਹਾਂ-ਪੁਰਸ਼ਾ, ਸੰਤਾਂ-ਭਗਤਾਂ, ਬੁੱਧੀਜੀਵੀਆਂ, ਕ੍ਰਾਂਤੀਕਾਰੀ ਵਿਅਕਤੀਆਂ, ਲੇਖਕਾਂ, ਜਗਿਆਸੂ ਪੁਰਸ਼ਾ, ਸਮਾਜਿਕ ਤਬਦੀਲੀ ਦੇ ਸਿਰਜਕਾਂ ਅਤੇ ਮਨੁੱਖਤਾ ਨੂੰ ਇਕ ਨਜ਼ਰ ਨਾਲ ਦੇਖਣ ਵਾਲੀਆਂ ਸ਼ਖ਼ਸ਼ੀਅਤਾਂ ਅਤੇ ਮਿਲੇ ਸੰਵਿਧਾਨਕ ਹੱਕਾਂ ਕਾਰਨ ਹੁਣ ਧੀਆਂ, ਔਰਤਾਂ, ਮਾਤਾਵਾਂ ਦੇ ਹੱਕ "ਟਰੇਡ ਮਾਰਕ" ਵਾਂਗ ਰਾਖਵੇਂ ਹਨ।ਜਿਸ ਔਰਤ ਨੂੰ ਪੈਰ ਦੂ ਜੁੱਤੀ ਸਮਝਿਆ ਜਾਂਦਾ ਸੀ। ਬੀਤੇ ਸਮੇਂ ਦਾ ਇਹ ਵੀਹ ਵਿਸ਼ਵੇ ਸੋਲਾ ਆਨੇ ਸੱਚ ਹੈਕਿ ਮਾਂ-ਧੀ-ਔਰਤਾਂ ਨਾਲ ਹਰ ਪਲ ਸੂਈ ਦੇ ਨੱਕੇ ਚੋ ਨਿਕਲਣਾ ਪੈਂਦਾ ਸੀ। ਸਮਾਜ ਦੀਆਂ ਕੋੜੀਆਂ ਨਣਰਾਂ ਪੱਥਰ ਪਾੜ ਦੀਆਂ ਸਨ। ਔਰਤਾਂ ਭੋਗ ਵਿਲਾਸ ਲਈ ਅਤੇ ਬੱਚੇ ਜੰਮਣ ਵਾਲੀਆ ਮਸ਼ੀਨਾਂ ਸਮਝਿਆ ਜਾਂਦਾ ਰਿਹਾ। ਦੂਜੇ ਪਾਸੇ ਅਜਿਹੇ ਘੋਰ ਵਿਤਕਰੇ ਵਾਲੇ ਅਤੇ ਗੈਰ ਬਰਾਬਰੀ ਵਾਲੀ ਵਿਵਸਥਾ ਤੇ ਸਮਾਜਿਕ, ਧਾਰਮਿਕ ਤੌਰ ਤੇ ਸਭ ਤੋ ਪਹਿਲਾਂ ਸੱਟ ਗੁਰੂ ਨਾਨਕ ਦੇਵ ਜੀ, ਗੁਰੂ ਰਵਿਦਾਸ, ਗੁਰੂ ਕਬੀਰ, ਗੁਰੂ ਗੋਬਿੰਦ ਸਿੰਘ ਤੇ ਅਨੇਕਾ ਸੰਤ, ਮਹਾ-ਪੁਰਸ਼ਾਮ ਵਿਦਵਾਨਾਂ, ਸਮਾਜਿਕ ਚਿੰਤਕ ਨੇ ਆਪੋ ਆਪਣੇ ਢੰਗ ਤਰੀਕਿਆ ਤੇ ਆਪਣੀ ਠੋਸ ਬਾਣੀ ਰਾਹੀ ਮਨੁੱਖਤਾ ਖਿਲਾਫ ਜਾ ਕੇ ਕੀਤੇ ਜਾ ਰਹੇ ਵਿਵਹਾਰ, ਵਿਤਕਰੇਬਾਜੀ, ਜਾਤਪਾਤ, ਛੂਆਛਾਤ ਦੇ ਖਿਲਾਫ ਬਗਾਵਤ ਕਰ ਦਿੱਤੀ। ਜਿਨ੍ਹਾਂ ਹੱਕ ਚੱਚ ਤੇ ਮਾਨਵੀ ਸੋਚ ਅਪਣਾਈ ਜਿਸ ਦੇ ਫਲਸਰੂਪ ਸਮੇਂ ਦੇ ਹਾਕਮਾਂ, ਬਾਦਸ਼ਾਹਾਂ, ਰਾਜਿਆ ਤੇ ਅਖੋਤੀ ਸਮਾਜਿਕ, ਧਾਰਮਿਕ ਆਗੂਆਂ ਦੇ ਵਰਤਾਰੇ 'ਚ ਲਚਕੀਲਾਪਨ ਤੇ ਕੁਝ ਪਰਿਵਰਤਨ ਹੋਣ ਲੱਗਾ।

ਪੰਜ-ਪੰਜ ਛੇ-ਛੇ ਪਰਿਵਾਰ ਦੇ ਮੈਂਬਰਾਂ ਵਲੋਂ ਸਿਰਫ ਇੱਕ ਹੀ ਔਰਤ ਨਾਲ ਵਿਆਹ ਕੀਤਾ ਜਾਂਦਾ ਸੀ ਤਾਂ ਜੋ ਸਮੀਨ ਦਾ ਵਟਵਾਰਾ ਨਾ ਹੋ ਸਕੇ। ਇਹ ਇਕ ਜਗੀਰਦਾਰੂ ਘਟੀਆ ਮਾਨਸਿਕ ਸੋਚ ਦਾ ਪ੍ਰਗਟਾਵਾ ਹੀ ਹੈ। ਅੱਜ ਬਦਲੇ ਹੋਏ ਹਲਾਤਾਂ ਮੁਤਾਬਕ ਔਰਤਾਂ ਦੇ ਹੱਕਾਂ ਤੇ ਹਿੱਤਾਂ ਦੇ ਕੰਮ ਕਰਨ ਵਾਲੇ ਮਾਨਵੀ ਸੋਚ ਕਾਰਨ ਅੱਜ ਦੇਸ਼ ਦੀ ਸੁਪਰੀਮ ਕੋਰਟ, ਦੇਸ਼ ਦੀ ਰਾਸ਼ਟਰਪਤੀ, ਦੇਸ਼ ਦੀ ਪ੍ਰਧਾਨ ਮੰਤਰੀ, ਉਤਰ ਪ੍ਰਦੇਸ਼ ਦੀ ਮੁੱਖਮੰਤਰੀ ਮਾਇਅਵਤੀ ਬਣ ਕੇ ਭਾਰਤ ਦੀ ਸਿਆਸਤ ਵਿੱਚ ਚੋਖਾ ਨਾਲ ਬਣਾਇਆ ਹੈ ਅਤੇ ਚਾਰ-ਚਾਰ ਵਾਰ ਮੁੱਖ ਮੰਤਰੀ ਬਣਨ ਦਾ ਉਸ ਨੂੰ ਮਾਣ ਹਾਸਲ ਹੈ। ਅੱਜ ਧੀਆਂ ਖੇਡਾਂ, ਪੜਾਈ-ਲਿਖਾਈ ਵਾਲੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਕੰਪਨੀਆਂ ਦੀਆਂ ਸੀ.ਈ.ਓ., ਮਾਲਕ, ਡਾਕਟਰ, ਇੰਜੀਨੀਅਰ, ਪਾਇਲਟ, ਅਧਿਆਪਕ, ਫੌਜ, ਬੀ.ਐਸ.ਐਫ., ਪੰਜਾਬ ਪੁਲਿਸ, ਐਡਵੋਕੇਟ ਔਰਤ ਦੇ ਮਾਨ-ਸਨਮਾਨ ਲਈ ਸਮਾਜ ਦੀ ਨਵਸਰੀ ਯੋਗਦਾਨ ਪਾਇਆ।ਅੱਜ ਸਾਡੀਆਂ ਧੀਆਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ 'ਚ ਹਰ ਸਾਲ ਲੱਖਾ ਲੜਕੀਆਂ ਪੜ੍ਹਦੀਆਂ ਹਨ। ਇਹ ਗੱਲ ਵੀ ਸੋਲਾ ਆਨੇ ਵੀਹ ਬਿਸਵੇ ਸੱਚ ਲਗਦੀ ਹੈ।



ਲੋਹੜੀ ਨਵ ਜੰਮੇ ਪੁੱਤਰਾਂ ਦੀ ਪਾਈ ਜਾਂਦੀ ਹੈ ਅਤੇ ਨਵੇਂ ਵਿਆਹੀ-ਵਿਆਹਤਾ ਜੋੜੀ ਦੀ ਵੀ ਲੋਹੜੀ ਪਾਈ ਜਾਂਦੀ ਹੈ, ਮੰਗੀ ਜਾਂਦੀ ਹੈ ਤੇ ਮਨਾਈ ਜਾਂਦੀ ਹੈ ਪਰ ਧੀ ਦੇ ਜਨਮ ਤੇ ਕੋਈ ਸ਼ਗਨ, ਖੁਸ਼ੀ ਨਹੀਂ ਸਗੋਂ ਮਾਤਮ/ਸੋਗ ਘਰਾਂ 'ਚ ਛਾ ਜਾਂਦਾ ਹੈ।ਉਹਨਾਂ ਘਰਾਂ ਵਿੱਚ ਸਮਸ਼ਾਨਘਾਟ ਵਰਗੀ ਖਾਮੋਸੀ ਪਾਈ ਜਾਂਦੀ ਹੈ ਅਤੇ ਇਹ ਕਹਿ ਕੇ ਵੀ ਨਿੰਦਿਆ ਜਾਂਦਾ ਹੈ ਇਹ ਨਾ ਹੋਣੀ ਨਾ ਅਉਂਦੀ ਤੇ ਮੁੰਡਾ ਜੰਮਦਾ ਤਾਂ ਖੁਸ਼ੀਆਂ ਉਮੰਗਾਂ, ਖੇੜਿਆ, ਹਾਸਿਆਂ ਨਾਲ ਲੋਹੜੀ ਪਾਉਂਦੇ ਤੇ ਖੁਸ਼ੀਆਂ ਮਨਾਉਂਦੇ। ਧੀਆਂ ਦੇ ਮੁਕਾਬਲੇ ਪੁੱਤਰਾਂ ਨੂੰ ਹਰ ਪਲ ਹਰ ਛਿਣ ਤਰਜੀਹ ਦੇਣ ਦੀ ਪ੍ਰਥਾ ਚਲਦੀ ਆ ਰਹੀ ਹੈ।ਧੀਆਂ, ਔਰਤਾਂ, ਮਾਵਾ ਨਾਲ ਜਨਮ ਤੋਂ ਮੌਤ ਤੱਕ ਵਿਤਕਰੇਬਾਜੀ, ਮਾਨਸਿਕ, ਸਰੀਰਕ, ਸਮਾਜਿਕ, ਆਰਥਿਕ ਤੇ ਰਾਜਨੀਤਿਕ ਖੇਤਰਾਂ 'ਚ ਦੂਜੇ ਦਰਜੇ ਦੇ ਸ਼ਹਿਰੀ ਵਾਂਗ ਮਾਨਸਿਕਤਾ ਅਪਣਾਈ ਹੋਈ ਹੈ।ਜਿਸ ਨਾਲ ਕਾਦਰ ਦੀ ਸਾਜੀ ਕਾਇਨਾਤ 'ਚ ਖਿਲਵਾੜ/ਵਿਘਨ ਪੈਦਾ ਹੋ ਗਿਆ ਹੈ ਕਿਉਂਕਿ ਕੁਦਰਤ ਦੇ ਅਸੂਲਾਂ ਮੁਤਾਬਕ ਲਿੰਗ ਦੇ ਬਰਾਬਰ ਅਨੁਪਾਤ ਮੁਤਾਬਕ 1000 ਨਵੇਂ ਜੰਮੇ ਪੁੱਤਰਾਂ ਪਿੱਛੇ 1000 ਧੀਆਂ ਦਾ ਜਨਮ ਹੋਣਾ ਹੁੰਦਾ ਹੈ।

21ਵੀਂ ਸਦੀ ਦੇ ਇਸ ਵਿਗਿਆਨ ਸਮੇਂ 'ਚ ਜਿੱਥੇ ਅਲਟਰਾ ਸਾਉਂਡ ਦੀ ਤਕਨੀਕ ਦੀ ਗੈਰ-ਕਾਨੂੰਨੀ, ਗੈਰ-ਕੁਦਰਤੀ, ਗੈਰ-ਸਮਾਜਿਕ ਵਰਤੋਂ ਹੋਣ ਲੱਗੀ, ਜਿਸ ਕਾਰਨ ਮਾਂ ਦੇ ਗਰਭ ਵਿੱਚ ਹੀ ਪਤਾ ਲੱਗਣ ਲੱਗ ਗਿਆ ਕਿ ਬੱਚਾ ਪੁੱਤਰ ਹੈ ਜਾਂ ਧੀ। ਇੱਥੋ ਹੀ ਭਰੂਣ ਹੱਤਿਆ ਦੀ ਸ਼ੁਰੂਆਤ ਹੋਈ।ਇਸੇ ਸੰਦਰਭ 'ਚ ਪੰਜਾਬੀ ਦੀ ਉਘੀ ਲੇਖਕ ਡਾ. ਗੁਰਮਿੰਦਰ ਸਿੱਧੂ, ਮੋਹਾਲੀ ਨੇ ਇੱਕ ਅਣਜੰਮੀ ਬੱਚੀ ਦਾ ਆਪਣੀ ਮੰਮੀ-ਪਾਪਾ ਦੇ ਨਾਮ ਦਾ ਖੱਤ ਲਿਖ ਕੇ ਇਕ ਭਾਵਪੂਰਨ ਅਪੀਲ ਕੀਤੀ ਹੈ ਜਿਸ ਦੇ ਕੁਖ ਨੰਨੇ ਅਲਫਾਜ 'ਮੇਰੀ ਗੱਲ ਮੰਨ ਲੈਣਾ ਮੰਮੀ'! ਮੇਰਾ ਜਿਉਣ ਨੂੰ ਬਹੁਤ ਜੀ ਕਰਦੈ।ਅਜੇ ਤਾਂ ਤੁਹਾਡੇ ਵਿਹੜੇ ਵਿੱਚ ਨਿੱਕੇ-ਨਿੱਕੇ ਪੈਰਾ ਨਾਲ ਛਮ-ਛਮ ਨੱਚਣੈ ਮੈਂ। ਨਾ ਲੈ ਕੇ ਦਿਓ ਮੈਨੂੰ ਨਵੀਆਂ ਝਾਂਜਰਾਂ, ਮੈਂ ਤਾਂ ਦੀਦੀ ਦੀਆਂ ਛੋਟੀਆਂ ਹੋ ਚੁੱਕੀਆਂ ਝਾਂਜਰਾਂ ਹੀ ਪਾ ਲਉਂਗੀ। ਨਾ ਲੈ ਕੇ ਦੇਣਾ ਮੈਨੂੰ ਨਵੇਂ-ਨਵੇਂ ਕਪੜੇ! ਮੈਂ ਤਾਂ ਵੀਰ ਦੇ ਤੰਗ ਹੋਏ ਕਪੜੇ ਹੀ ਪਾ ਲਉਂਗੀ ਪਰ ਮੈਂ ਇਹ ਧਰਤੀ, ਪਾਣੀ, ਅੰਬਰ, ਚੰਨ-ਤਾਰੇ ਤਾਂ ਦੇਖ ਲਉਂਗੀ ਮੈਂ ਤੇਰੀ ਧੀ ਆਂ! ਤੇਰੀ ਮੁਹੱਬਤ ਦੀ ਸ਼ਹਿਜਾਦੀਤੜ ਮੈਨੂੰ ਘਰ ਵਿੱਚ ਉਤਰ ਲੈਣ ਦੇ ਮਾਂ.... ਮੈਂ ਆਪਣੇ ਪੈਰਾਂ ਤੇ ਖੜੀ ਹੋ ਜਾਉਂਗੀ। ਫਿਰ ਮੇਰੇ ਹੱਥਾ ਉੱਤੇ ਮਹਿੰਦੀ ਚਮਕੂਗੀ.... ਮੇਰੀ ਵੀ ਸ਼ਗਨਾ ਵਾਲੀ ਡੋਲੀ ਤੁਰੂਗੀ। ਮੈਂ ਵੀ ਤੇਰੇ ਵਿਹੜੇ ਵਿੱਚ ਚਿੱੜੀਆਂ ਦਾ ਚੰਬਾ ਬਣ ਕੇ ਉਡੂਗੀ। ਤੂੰ ਮੈਨੂੰ ਇੰਝ ਤਾਂ ਨਾ ਉਡਾ। ਸਿਰਫ ਆਹ ਹੀ ਨਹੀਂ ਮੰਮੀ! ਇਹ ਵੀ ਕੀ ਪਤੈ ਕਿ ਜੱਗ ਤੇ ਕੋਈ ਮਹਾਨ ਕਾਰਨਾਮਾ ਕਰ ਜਾਵਾ। ਮੈਂ ਤੇਰੇ ਪਿਆਰ ਦਾ ਬੀਜ ਆਂ ਮਾਂ। ਮੈਨੂੰ ਆਪਣੀ ਵੱਖੀ ਦੀ ਡਾਲ ਤੇ ਫੁੱਲ ਬਣ ਕੇ ਖਿੜ ਲੈਣ ਦੇ।ਦੇਖ ਮੈਂ ਤੇਰੇ ਅੱਗੇ ਨਿੱਕੇ-ਨਿੱਕੇ ਪਤਾਸਿਆ ਵਰਗੇ ਹੱਥ ਬੰਨਦੀ ਆ ਪਈ। ਮੈਨੂੰ ਮਹਿਸੂਸ ਕਰ ਮਾਂ! ਮੈਨੂੰ ਬਚਾ ਲੈ ਅੰਮੀਏ! ਥੇ ਹੁਣ ਮੈਨੂੰ ਪਾਪਾ ਤੈਨੂੰ ਕਲੀਨਕ ਲੈ ਜਾਣਤਾਂ ਤੂੰ ਅੜ ਜਾਈ ਮੇਰਾ ਵਾਸਤਾਪਾ ਦਈ! ਉਹਨਾਂ ਨੂੰ ਸਮਝਾ ਦਈ ਮਾਂ।ਪਰ ਮੈਨੂੰ ਕਤਲ ਕਰਵਾਉਣ ਲਈ ਕਿਤੇ ਨਾ ਜਾਵੀਂ ਜੇ ਤੈਨੂੰ ਕਿਸੇ ਵੀ ਕਲੀਨਕ ਲੈ ਜਾਣ ਤਾਂ ਤੂੰ ਉਹਨਾਂ ਨੂੰ ਮਨਾ ਕੇ ਵਾਪਸ ਆਪਣੇ ਘਰ ਲੈ ਆਵੀਂ ਮਾਂ! ਕਿਤੇ ਉੱਥੇ ਹੀ ਮੈਨੂੰ ਲਾਸ਼ ਨਾ ਬਣਵਾ ਦੇਵੀਂ! ਤੂੰ ਮੈਥੋ ਨਿੱਕੇ-ਨਿੱਕੇ ਸਾਹ ਲੈਂਦੀ ਤੋਂ ਜਿਦਗੀ ਨਾ ਖੋਹੀ। ਨਾ ਮੰਮੀ ਨਾ ਮੈਨੂੰ ਇੰਝ ਬੇਰਹਿਮੀ ਨਾਲ ਨਾ ਮਾਰੀ। ਨਾ ਮੰਮੀ ਨਾ! ਨਾ ਮੰਮੀ ਨਾ! ਤੇਰੀ ਨਿੱਕੀ ਜਿਹੀ ਅਣਜੰਮੀ ਬੱਚੀ।

ਇਹ ਭਾਵਪੂਰਨ ਵਿਚਾਰ, ਅਣਜੰਮੀ ਬੱਚੀ ਦੀ ਭਾਵਪੂਰਨ ਅਪੀਲ ਨਾਲ ਹਰ ਮਾਨਵੀ ਸੋਚ ਵਾਲੇ ਮਨੁੱਖ ਲਈ ਧੁਰ ਅੰਦਰੋ ਪੀੜਾ ਉਠਦੀ ਹੈ। ਵਿਗਿਆਨ ਤਾਂ ਮਨੁੱਖ ਨੂੰ ਸੁਖ-ਮਈ ਬਣਾਉਣ ਲਈ ਯੋਜ ਕਾਰਜਾਂ 'ਚ ਨਿਰੰਤਰ ਲੱਗਾ ਹੈ ਪਰ ਧਰਤੀ ਤੇ ਅਜਿਹੇ ਲੋਕ ਵੀ ਹਨ ਜਿਹੜੇ ਆਪਣੇ ਅਖੌਤੀ ਮਹਾਨ ਹੋਣ ਦੇ ਨਾਲ ਭਰੂਣ ਹੱਤਿਆ ਕਰਵਾ ਕੇ ਧੀਆਂ ਦਾ ਕਤਲ ਕਰਦੇ ਹਨ। ਪੁੱਤਰਾਂ ਦੀ ਲੋਹੜੀ ਪਾਉਣ ਤੇ ਉਹਨਾਂ ਦੇ ਵੱਧ ਪੜ੍ਹਨ ਲਿਖਣ ਦੇ ਮੌਕੇ ਦੇਣੇ ਅਤੇ ਘਰਾਂ ਵਿੱਚ ਧੀਆਂ ਦੇ ਨਾਲੋਂ ਵੱਧ ਮਾਨ-ਸਨਮਾਨ ਕਰਨ ਪਿਛੇ ਇਹ ਹੀ ਭਾਵਨਾ/ਪ੍ਰਬਲ ਇਛਾ ਇਹ ਹੀ ਰਹੀ ਹੈ ਕਿ ਲੜਕੇ ਹੋਣ ਨਾਲ ਵੰਸ਼ ਅੱਗੇ ਵਧੇਗਾ।

ਲੋਹੜੀ ਪੰਜਾਬ ਦਾ ਇਕ ਅਜਿਹਾ ਤਿਉਹਾਰ ਹੈ ਕਿ ਜਿਸ ਦੀ ਇਕ ਖਾਸ ਅਹਿਮੀਅਤ ਇਹ ਹੈ ਕਿ ਇਕ ਪਿੰਡ ਦੀਆਂ ਲੜਕੀਆਂ ਇੱਕਠੀਆਂ ਹੋ ਕੇ ਨਵ-ਵਿਆਹੇ ਜੋੜੇ ਦੀਆਂ ਲੋਹੜੀ ਮੰਗਦੀਆਂ ਹਨ ਦੇਸ਼-ਵਿਦੇਸ਼ ਪੰਜਾਬ ਦੀਆ ਸਰਕਾਰਾਂ ਅਤੇ ਵੱਖ-ਵੱਖ ਸੰਸਥਾਵਾਂ ਦੁਆਰਾ ਸਰਗਰਮੀ ਨਾਲ ਕੀਤੀਆਂ ਵਿਚਾਰਾ ਕਾਰਨ ਪੈਦਾ ਹੋ ਰਹੀ ਜਾਗਰਤੀ ਕਾਰਨ ਲੜਕੀਆਂ ਦੇ ਘਰਾਂ ਵਿੱਚ ਜਿੱਥੇ ਲੋਹੜੀ ਮੰਗੀ ਜਾਂਦੀ ਹੈ ਉੱਥੇ ਇੱਕ ਭਾਈਚਾਰਕ ਸਾਂਝ ਵੀ ਬਣ ਜਾਂਦੀ ਹੈ। ਇੱਥੇ ਹੀ ਨਹੀਂ ਹੁਣ ਬਹੁਤੇ ਪਿੰਡ ਵਿੱਚ ਨੌਜਵਾਨ ਪਿੰਡ ਦੀਆਂ ਲੋੜਾਂ ਮੁਤਾਬਕ ਲੋਹੜੀ ਮੰਗਦੇ ਹਨ ਜਿਸ ਨਾਲ ਛੋਟੇ-ਛੋਟੇ ਕੰਮ ਮੁਕੰਮਲ ਹੋ ਜਾਂਦੇ ਹਨ। ਇਹਨਾਂ ਨੌਜਵਾਨਾਂ ਅਤੇ ਵਿਅਕਤੀਆਂ ਦੇ ਲੋਹੜੀ ਮੌਕੇ ਕੀਤੇ ਜਾਂਦੇ ਯਤਨਾਂ ਦੀ ਸ਼ਲਾਂਘਾ ਕਰਨ ਨੂੰ ਜੀ ਆਇਆ ਹੀ ਕਿਹਾ ਜਾ ਸਕਦਾ ਹੈ।

ਆਓ ਇਸ 21ਵੀਂ ਦੇ 20ਵੇਂ ਸਾਲ 'ਚ ਅਸੀਂ ਅਜਿਹੇ ਸਮਾਜ ਦੀ ਸਿਰਜਨਾਂ 'ਚ ਯੋਗਦਾਨ ਪਾਈਏ।ਜਿੱਥੇ ਧੀਆਂ-ਔਰਤਾਂ ਵੈ ਸਵੈ-ਮਾਣ ਜਿੰਦਗੀ ਜੀਅ ਸਕਣ। ਪੁੱਤਰ ਵਾਂਗ ਧੀਆਂ ਜੰਮਣ ਸਮੇਂ ਉਨ੍ਹਾਂ ਦੀ ਵੀ ਲੋਹੜੀ ਪਾਈਏ। ਸਾਨੂੰ ਬਦਲੇ ਹਲਾਤਾ ਮੁਤਾਬਕ ਧੀਆਂ ਪਾਉਣ ਲੋਹੜੀ ਮੌਕੇ ਅੰਤਰ-ਝਾਤ ਮਾਰਨ ਦੀ ਲੋੜ ਹੈ। ਸਾਨੂੰ ਲੋਹੜੀ ਮੌਕੇ ਆਇਦ ਲੈਣ ਦੀ ਲੋੜ ਹੈ ਕਿ ਅਸੀਂ ਧੀਆਂ ਲੋਹੜੀ ਮੌਕੇ ਅੰਤਰਝਾਤ ਕਰਦਿਆਂ ਉਹਨਾਂ ਦੇ ਹਰ ਖੇਤਰ ਚ ਵਧਦੇ ਕਦਮਾਂ 'ਚ ਉਹਨਾਂ ਨਾਲ ਕਦਮ ਨਾਲ ਕਦਮ ਮਿਲਾ ਕੇ ਚਲੀਏ ਅਤੇ ਨਵੀਂ ਸੋਚ ਨਵੇਂ ਜੱਜਬੇ, ਨਵੀਆਂ ਉਮੰਗਾਂ ਨਾਲ ਦੇ ਸਮਾਜ ਕੌਮ ਦੀ ਸੇਵਾ ਕਰ ਸਕੀਏ ਕਿਉਂਕਿ 21ਵੀਂ ਸਦੀ ਵਿੱਚ ਅਨਪੜ੍ਹ ਉਹਨਾਂ ਲੋਕਾਂ ਨੂੰ ਨਹੀਂ ਕਿਹਾ ਜਾਏਗਾ ਜੋ ਪੜ੍ਹ ਅਤੇ ਲਿਖ ਨਹੀ ਸਕਦੇ ਬਲਕਿ ਉਹਨਾਂ ਲੋਕਾਂ ਨੂੰ ਅਨਪੜ੍ਹ ਕਿਹਾ ਜਾਏਗਾ ਜਿਹੜੇ ਸਿੱਖਣਾ ਨਹੀਂ ਜਾਣਦੇ, ਗਲਤ ਸਿੱਖੀਆਂ ਹੋਈਆਂ ਗੱਲਾਂ ਨੂੰ ਭਲਾਉਣਾ ਨਹੀਂ ਜਾਣਦੇ ਹੋਣਗੇ ਅਤੇ ਸਹੀ ਸਿੱਖਿਆ ਨੂੰ ਨਵੇਂ ਸਿਰਿਓ ਗ੍ਰਹਿਣ ਕਰਨਾ ਨਹੀਂ ਜਾਣਦੇ ਹੋਣਗੇ (ਅਲਵੀਨ ਟੋਫਲਰ) ਕਿਉਂਕਿ ਹੁਣ ਇਤਿਹਾਸ ਦੀ ਮਾਲ ਰੋਡ ਤੇ ਹੁਣ ਉਹ ਮੋੜ ਆ ਗਿਆ ਹੈ, ਜਦੋਂ ਦਲਿਤ ਔਰਤਾਂ ਵੀ ਪੂਰੇ ਜਾਹੋ ਜਲੌਅ ਨਾਲ ਅਤੇ ਸਵੈ-ਮਾਣ ਨਾਲ, ਮੱਥੇ ਵਿੱਚ ਨਵਾਂ ਸੂਰਜ ਬਾਲ ਕੇ, ਅੱਖ ਵਿੱਚ ਨਵੇਂ ਸੁਪਨੇ ਲਟਕਾ ਕੇ ਅਤੇ ਦਿਲਾਂ ਦੀਆਂ ਨਵੀਆਂ ਪੁਲਾਂਘਾ ਪੁੱਟਣਗੇ ਅਤੇ ਹਰ ਨਵੀਆਂ ਰੁਕਾਵਟਾਂ ਨੂੰ ਲੰਘ ਜਾਣਗੇ।

ਆਓ 21ਵੀਂ ਸਦੀ 'ਚ ਦੇਸ਼ ਦੇ ਭਵਿੱਖ ਲਈ ਧੀਆਂ ਦੀ ਲੋਹੜੀ ਪਾਈਏ ਤੇ ਸਮਾਜ ਵਿੱਚ ਸਮਾਨਤਾ ਲਈ ਆਪਣਾ ਯੋਗਦਾਨ ਪਾਈਏ ਕਿਉਂਕਿ ਲੋਹੜੀ ਦਾ ਇੱਕ ਪੱਖ ਇਹ ਵੀ ਕਿ ਲੋਹੜੀ ਲੜਕੀਆਂ ਦੁਆਰਾ ਮੰਗੀ ਜਾਂਦੀ ਹੈ ਅਤੇ ਪਾਈ ਨਵ ਜੰਮੇ ਲੜਕਿਆਂ ਦੀ ਮੰਗੀ ਜਾਂਦੀ ਹੈ।

ਜੇਕਰ ਕੌਮਾਂਤਰੀ ਪਧੱਰ ਤੇ ਕਨੇਡਾ ਵਰਗੇ ਵਿਕਸਿਤ ਦੇਸ਼ਾ ਦੀ ਪਾਰਲੀਮੈਂਟ 'ਚ ਬਣੀ ਮੰਤਰੀ ਮੰਡਲ 'ਚ ਪੁਰਸ਼ਾ ਅਤੇ ਇਸਤਰੀਆਂ ਨੂੰ ਬਰਾਬਰ ਪ੍ਰਤੀਨਿਧਤਾ ਦਿੱਤੀ ਗੱਈ ਹੈ ਪਰ ਸਾਡੇ ਦੇਸ਼ ਇਹ ਸਵਾਲ ਉਠਦਾ ਹੈ ਕਿ ਅਸੀਂ 21ਵੀਂ ਸਦੀ ਵਿੱਚ ਅਜਿਹਾ ਕਰ ਸਕਾਂਗੇ।ਆਓ ਬੀਤੇ ਸਮੇਂ ਤੋਨ ਸਬਕ ਲੈਕੇ ਮੁਨੁੱਖਤਾ ਵਾਲੀ ਸੋਚ ਨੂੰ ਸਰਮਰਪਿਤ ਕਰਕੇ ਇਸ ਵਾਰ ਲੜਕੀਆਂ ਦੀ ਲੋਹੜੀ ਵੀ ਸ਼ਾਨੋ ਸ਼ੋਕਤ ਸ਼ਾਵਾਂ ਨਾਲ ਲੋਹੜੀ ਪਾਈ ਜਾਵੇ ਤੇ ਮਨਾਈ ਜਾਵੇ ਕਿਉਂਕਿ ਦੇਸ਼ ਦਾ ਉਜਵਲ ਭਵਿੱਖ ਧੀਆਂ ਨਾਲ ਜੁੜਿਆ ਹੋਇਆ ਹੈ।

ਪੰਜਾਬੀ ਦੀ ਇੱਕ ਪ੍ਰਸਿੱਧ ਕਹਾਵਤ ਹੈ ਕਿ 'ਤੂੰ ਵੀ ਬਦਲ ਜਮਾਨਾ ਬਦਲ ਗਿਆ' ਨੂੰ ਸਮਝ ਕੇ ਆਪਣੇ ਆਪ ਨੂੰ ਬਦਲਣ ਦੀ ਲੋੜ ਹੈ।

## ਤੁਰ ਗਏ ਹੋ ਪ੍ਰਦੇਸ

- ਰਬਿੰਦਰ ਸ਼ਰਮਾ



ਕੌਣ ਬਚਾਉ ਦੇਸ਼ ਵੇ ਲੋਕੋ,
ਕੌਣ ਬਚਾਉ ਦੇਸ਼?
ਤੁਰ ਗਏ ਹੋ ਪ੍ਰਦੇਸ਼ ਵੇ ਲੋਕੋ,
ਤੁਰ ਗਏ ਹੋ ਪ੍ਰਦੇਸ਼।

ਦਿਲ ਵਿਚ ਲੈ ਅਰਮਾਨ ਚਲੇ ਗਏ,
ਉਨਤ ਵੇਖ ਜਹਾਨ ਚਲੇ ਗਏ।
ਛੱਡੇ ਘਰ ਤੇ ਬਾਰ ਵੀ ਆਪਣੇ,
ਛੱਡੇ ਮਿਤਰ-ਯਾਰ ਵੀ ਆਪਣੇ।
ਲੈ ਲਿਆ ਨਵਾਂ ਪ੍ਰਵੇਸ਼ ਵੇ ਲੋਕੋ,
ਲੈ ਲਿਆ ਨਵਾਂ ਪ੍ਰਵੇਸ਼।
ਤੁਰ ਗਏ ਹੋ ਪ੍ਰਦੇਸ਼ ਵੇ ਲੋਕੋ
ਤੁਰ ਗਏ ਹੋ ਪ੍ਰਦੇਸ਼ ।

ਗੁਆ ਕੇ ਜਾਨਾਂ ਕੱਢੇ ਗੋਰੇ,
ਲੋਕੀ ਲੈਂਦੇ ਅੱਜ ਵੀ ਝੋਰੇ ।
ਧਰਮਾਂ ਦੀ ਇਥੇ ਜ਼ਹਿਰ ਨਾ ਮੁੱਕੀ,
ਉਚ ਨੀਚ ਦੀ ਸੋਚ ਨਾ ਛੁੱਟੀ ।

ਕੌਣ ਮੁਕਾਓ ਕਲੇਸ਼ ਵੇ ਲੋਕੋ,
ਕੌਣ ਮੁਕਾਓ ਕਲੇਸ਼?
ਤੁਰ ਗਏ ਹੋ ਪ੍ਰਦੇਸ਼ ਵੇ ਲੋਕੋ,
ਤੁਰ ਗਏ ਹੋ ਪ੍ਰਦੇਸ਼ ।

ਪੁਲਿਸ ਰਾਜ ਦਾ ਡੰਡਾ ਇਥੇ,
ਲੁੱਟ ਖੋਹ ਦਾ ਧੰਦਾ ਇਥੇ ।
ਨਸ਼ਿਆ ਦੀ ਹੋਈ ਜਨਤਾ ਵੈਲੀ,
ਰਿਸ਼ਵਤ ਖੋਰੀ ਥਾਂ-ਥਾਂ ਫੈਲੀ।
ਕੌਣ ਦੇਉ ਸੰਦੇਸ਼ ਵੇ ਲੋਕੋ,
ਕੌਣ ਦੇਉ ਸੰਦੇਸ਼?
ਤੁਰ ਗਏ ਹੋ ਪ੍ਰਦੇਸ਼ ਵੇ ਲੋਕੋ,
ਤੁਰ ਗਏ ਹੋ ਪ੍ਰਦੇਸ਼ ।

ਪੜ੍ਹ ਕੇ ਵੀ ਰੋਜ਼ਗਾਰ ਨਾਂ ਇਥੇ,
ਹਿਇਆ ਕਾਮਾ ਬੇਕਾਰ ਹੈ ਇਥੇ ।
ਭੁੱਖੀ ਕੁਖ ਵੀ ਭਰ ਨਾਂ ਹੋਈ ,
ਮਾਨਵ ਦੀ ਹਰ ਇਕ ਅੱਖ ਰੋਈ ।

ਹਾਕਮ ਦੇਣ ਆਦੇਸ਼ ਵੇ ਲੋਕੋ,
ਹਾਕਮ ਦੇਣ ਆਦੇਸ਼ ।
ਤੁਰ ਗਏ ਹੋ ਪ੍ਰਦੇਸ਼ ਵੇ ਲੋਕੋ,
ਤੁਰ ਗਏ ਹੋ ਪ੍ਰਦੇਸ਼ ।

ਭੁੱਲਿਓ ਨਾ ਇਹ ਭੂਮੀ ਪਿਆਰੀ,
ਨਾਂ ਭੁੱਲਿਓ ਦੇਸ਼ ਲਈ ਜ਼ੁਮੇਵਾਰੀ ।
ਗ਼ਦਰੀ ਬਿਬਆਂ ਲਹਿਰ ਚਲਾਈ,
ਦੇਸ਼ ਦੀ ਖਾਤਿਰ ਬਾਜ਼ੀ ਲਾਈ ।
ਭੁੱਲਣਾ ਨਾ ਉਪਦੇਸ਼ ਵੇ ਲੋਕੋ,
ਭੁੱਲਣਾ ਨਾ ਉਪਦੇਸ਼।
ਤੁਰ ਗਏ ਹੋ ਪ੍ਰਦੇਸ਼ ਵੇ ਲੋਕੋ,
ਤੁਰ ਗਏ ਹੋ ਪ੍ਰਦੇਸ਼।

## ਆਦਿ-ਧਰਮ, ਜੇ ਲਹਿਰ ਨਾ ਉਠਦੀ ਕੌਮ ਦਾ ਸੰਕਟ ਕਦੇ ਨਾ ਟਲਦਾ

ਕਵਿ ਪੋਲੋਰਾਮ *ਹੀਰਾ* (ਯੂਕੇ) ਜੀ ਦੀ ਕਲਮ ਤੋਂ

ਸਦੀਆਂ ਤੋਂ ਸੀ ਪਈ ਗੁਲਾਮੀ ਜੇ ਨਾ ਆ ਰਖਵਾਲੀ ਕਰਦਾ,
ਆਦਿ ਨਾਦ ਵਜਾਇਆ ਇਸਨੇ ਕੌਮ ਜਗਾਈ ਚੁੱਕਿਆ ਪਰਦਾ
ਰਲਮਿਲ਼ ਕੇ ਫਿਰ ਆਦਿ-ਵੀਰਾਂ ਕੌਮ ਦਾ ਦੀਪਕ ਰੱਖਿਆ ਬਲਦਾ,
ਆਦਿ-ਧਰਮ ਜੇ ਲਹਿਰ ਨਾ ਉੱਠਦੀ ਕੌਮ ਦਾ ਸੰਕਟ ਕਦੇ ਨਾ ਟਲਦਾ

ਉਸ ਪਰਚੇ ਨੇ ਟੁੰਬ-ਟੁੰਬ ਕੇ ਸੁੱਤੀ ਹੋਈ ਕੌਮ ਜਗਾਈ,
ਆਦਿ-ਧਰਮ ਦੇ ਝੰਡੇ ਹੇਠਾਂ ਇਕੱਠੀ ਕੀਤੀ ਸਭ ਲੁਕਾਈ,
ਜਾਗ ਉੱਠੇ ਕੌਮੀ ਪਰਵਾਨੇ ਬੋਲ ਜੈਕਾਰਾ ਆਦਿ ਦਲ ਦਾ,
ਆਦਿ-ਧਰਮ ਜੇ ਲਹਿਰ ਨਾ ਉੱਠਦੀ ਕੌਮ ਦਾ ਸੰਕਟ ਕਦੇ ਨਾ ਟਲਦਾ

ਮੰਗੂਰਾਮ ਵਿਦੇਸ਼ੋਂ ਆਇਆ ਦੇਖ ਕੌਮ ਨੂੰ ਸੀ ਘਬਰਾਇਆ,
ਪਕੜ ਦਲੇਰੀ ਤੁਰਿਆ ਯੋਧਾ ਨਾ਼ਲ ਪਰਬਤਾਂ ਮੱਥਾ ਲਾਇਆ,
ਸਾਥੀ ਨਾਲ ਰੱਖੇ ਸੀ ਉਸ ਨੇ ਘਰ-ਘਰ ਆਪ ਸੁਨੇਹੇ ਘੱਲਦਾ ,
ਆਦਿ-ਧਰਮ ਜੇ ਲਹਿਰ ਨਾ ਉੱਠਦੀ ਕੌਮ ਦਾ ਸੰਕਟ ਕਦੇ ਨਾ ਟਲਦਾ

ਥਾਂ-ਥਾਂ ਜਲਸੇ ਹੋਵਣ ਲੱਗੇ ਹਿੰਦੂਆਂ ਪਿੱਟ-ਪਟਾਕਾ ਪਾਇਆ,
ਛੇਤੀਂ ਨਾਲ ਦਬਾਓ ਇਸਨੂੰ ਨਹੀਂ ਤਾਂ ਸਾਡਾ ਕਰੂ ਸਫਾਇਆ,
ਪਰ ਇਹ ਆਦਿ ਵੀਰ ਦੁਲਾਰਾ ਆਪਣੀ ਮੰਜਿਲ ਦੇ ਵੱਲ੍ਹ ਚਲਦਾ ,
ਆਦਿ-ਧਰਮ ਜੇ ਲਹਿਰ ਨਾ ਉੱਠਦੀ ਕੌਮ ਦਾ ਸੰਕਟ ਕਦੇ ਨਾ ਟਲਦਾ

ਛੋਟਾ ਜਿਹਾ ਉਹ ਕਮਰਾ ਰੇਲਵੇ ਰੋਡ ਜਲੰਧਰ ਅੰਦਰ,
ਉਹ ਸੀ ਜਾ ਕਰਾਈ ਉੱਤੇ ਬਣ ਸੀ ਕੌਮੀ ਮੰਦਿਰ,
ਉਸ ਮੰਦਿਰ ਤੋਂ ਆਪਣੇ ਅੱਖੀ ਆਦਿ-ਡੰਕਾ ਦੇਖਿਆ ਚਲਦਾ,
ਆਦਿ-ਧਰਮ ਜੇ ਲਹਿਰ ਨਾ ਉੱਠਦੀ ਕੌਮ ਦਾ ਸੰਕਟ ਕਦੇ ਨਾ ਟਲਦਾ

ਪਰ ਇਸ ਸਾਡੇ ਬਾਬੂ ਜੀ ਨੇ ਆਦਿ-ਧਰਮ ਦਾ ਬੂਟਾ ਲਾਇਆ,
ਇਸ ਬੂਟੇ ਦਾ ਵਧਣ ਫੁੱਲਣ ਲਈ ਕੌਮੀ ਖੂਨ ਜੜ੍ਹਾਂ ਵਿੱਚ ਪਾਇਆ,
ਆਦਿ-ਧਰਮ ਦੇ ਬਣੋ ਪੁਜਾਰੀ *ਹੀਰਾ* ਲਿਖਕੇ ਕਵਿਤਾ ਘੱਲਦਾ,
ਆਦਿ-ਧਰਮ ਜੇ ਲਹਿਰ ਨਾ ਉੱਠਦੀ ਕੌਮ ਦਾ ਸੰਕਟ ਕਦੇ ਨਾ ਟਲਦਾ




# ਪੰਜਾਬੀ ਫ਼ਿਲਮ ਦਰਪਣ

### ਕੁਲਦੀਪ ਮਾਣਕ ਤੇ ਰਣਜੀਤ ਕੌਰ ਦੀ ਫ਼ਿਲਮ ਯਾਤਰਾ

ਕੁਲਦੀਪ ਮਾਣਕ ਬਹੁਤ ਪਿਆਰੇ ਇਨਸਾਨ ਵੀ ਸਨ ਗਾਇਕੀ ਤਾਂ ਕੋਈ ਸ਼ੱਕ ਨਹੀਂ। ਜਦ "ਬਲਬੀਰੋ ਭਾਬੀ" ਆਈ ਤਦ ਓਦੋਂ ਅਖ਼ਬਾਰਾਂ ਦੇ ਮਾਲਕ ਬਣੇ ਸੰਪਾਦਕ ਫਿਲਮੀ ਨੇ ਨਾਜਾਇਜ਼ ਸਮੀਖਿਆ ਲਾ ਉਹਨਾਂ ਨੂੰ ਪ੍ਰੇਸ਼ਾਨ ਕੀਤਾ ਪਰ ਮਾਣਕ ਘਬਰਾਏ ਨਹੀਂ ਤੇ "ਦੇਸੀ ਮੇਮ"



ਐਲਾਨ ਦਿੱਤੀ ਤੇ ਕਈ ਫ਼ਿਲਮਾਂ ਲਈ ਆਵਾਜ਼ ਦਿੱਤੀ। ਰਣਜੀਤ ਕੌਰ ਤਾਂ ਬਾਬੂ ਸਿੰਘ ਮਾਨ ਪਰਿਵਾਰ ਦਾ ਇੱਕ ਤਰਾਂ ਫਿਲਮੀ ਪਰਿਵਾਰ ਸੀ। "ਸੈਦਾ ਜੋਗਨ" "ਰਾਣੋ " ਲਈ ਗੀਤ ਗਾਏ ਤੇ ਇਹਨਾਂ ਫ਼ਿਲਮਾਂ ਵਿੱਚ ਕੰਮ ਵੀ ਕੀਤਾ। ਮੋਹੰਮਦ ਰਫੀ ਜੀ ਨਾਲ ਵੀ ਰਣਜੀਤ ਕੌਰ ਜੀ ਨੇ ਗਾਇਆ। ਰਣਜੀਤ ਕੌਰ ਦੀ ਮੋਹਮੰਦ ਸਦੀਕ ਨਾਲ ਗਾਇਕੀ ਜੋੜੀ "ਗੁੱਡੋ" ਫ਼ਿਲਮਾਂ ਤੱਕ ਕੰਮ ਕਰਦੀ ਰਹੀ।ਮਾਣਕ ਤੇ ਰਣਜੀਤ ਕੌਰ ਸਾਡੇ ਅਨਮੋਲ ਰਤਨ ਹਨ।


### ਸ਼ੰਮੀ ਖਾਨ ਨਾਲ ਕਰਦੇ ਸਾਰੇ ਪਿਆਰ



ਸ਼ੰਮੀ ਖਾਨ ਸੁਰੀਲਾ ਗਾਇਕ ਤੇ ਹੈ ਹੀ ਉਹ ਮਿਲਣਸਾਰ ਕਲਾਕਾਰ ਤੇ ਇਨਸਾਨ ਵੀ ਹੈ। ਨਵੇਂ ਕਲਾਕਾਰਾਂ ਦੇ ਉਤਸ਼ਾਹ ਲਈ ਉਹਨਾਂ ਦੇ ਵੀਡਿਓ ਗੀਤਾਂ ਦੀ ਸ਼ੂਟਿੰਗ ਤੇ ਜਾ ਕਿ ਉਹਨਾਂ ਵਿੱਚ

ਨਵੀਂ ਊਰਜਾ ਪੈਦਾ ਕਰਦਾ ਹੈ। ਨਿਰਦੇਸ਼ਕ ਫ਼ਿਲਮ "ਰਿਸ਼ਤੇ ਨਾਤੇ" ਨਸੀਬ ਰੰਧਾਵਾ ਦਾ ਕਹਿਣਾ ਹੈ ਕਿ ਆਵਾਜ਼ ਦੇ ਨਾਲ ਆਪਣੇ ਮਿਲਣਸਾਰ ਅੰਦਾਜ਼ ਨਾਲ ਉਹ ਫ਼ਿਲਮੀ ਦੁਨੀਆਂ ਨੂੰ ਵੀ ਆਪਣੇ ਵੱਲ ਆਕਰਸ਼ਤ ਕਰ ਲਏਗਾ। ਵੈਸੇ ਟੈਲੀ ਫ਼ਿਲਮ "ਕ੍ਰਾਂਤੀ ਦੂਤ" ਲਈ ਉਹ ਅਸ਼ੋਕ ਪੂਰੀ ਦੇ ਨਿਰਦੇਸ਼ਨ ਵਿੱਚ ਗਾ ਚੁੱਕਾ ਹੈ। ਸ਼ੰਮੀ ਖਾਨ ਨੇ ਇਸ ਤੇ ਕਿਹਾ ਕਿ ਉਹ ਚਾਹੁੰਦਾ ਹੈ ਕਿ ਨਵੇਂ ਚਿਹਰੇ ਮਾਡਲ, ਡਾਂਸਰ, ਗਾਇਕ ਅੱਗੇ ਆਓਣ ਤੇ ਕਿਸਮਤ ਆਪਣੀ ਆਪਣੀ ਓਹ ਇੰਜ ਕਰਦੇ ਰਹਿਣਗੇ।

### ਅਮਰਪਾਲ ਦਾ ਐਕਟਰ ਬਣਨਾ ਨਾਪਸੰਦ ਸੀ ਮਾਂ ਨੂੰ



ਮਾਂ ਨਹੀਂ ਰਹਿੰਦੀ ਦੁਨੀਆਂ ਵੀਰਾਨ ਲੱਗਦੀ ਏ ਤੇ ਆਪਣੀ ਮਾਤਾ ਜੀ ਦੇ ਅਕਾਲ ਚਲਾਣੇ ਤੇ ਜਜ਼ਬਾਤੀ ਹੋਏ ਅਮਰਪਾਲ ਆਖਦੇ ਨੇ ਜਦ ਉਹ ਥੀਏਟਰ ਕਰਨ ਲੱਗੇ ਤਾਂ ਮਾਂ ਨੇ ਕਿਹਾ ਉਹੀ ਕੰਮ ਕਰਤਾ ਪਰ ਜਦ ਉਹ ਟੀਵੀ ਤੇ ਰੇਡੀਓ ਫ਼ਿਲਮਜ਼ ਰਾਹੀਂ ਆਏ ਤਾਂ ਮਾਂ ਨੇ ਅਸੀਸਾਂ ਦੀ ਝੜੀ ਲਾਈ ਸੀ। ਅਮਰਪਾਲ ਨੇ ਬਲਕਾਰ ਅਣਖੀਲਾ, ਗੁਰਦੀਪ ਸੰਧੂ, ਮਨਜਿੰਦਰ ਗੁਲਸ਼ਨ, ਸ਼ਾਹੀ ਸਮੇਤ ਅਨੇਕਾਂ ਵੀਡਿਓ ਗੀਤ ਡਾਇਰੈਕਟ ਕੀਤੇ ਨੇ ਤੇ "ਖਤਰੇ ਦਾ ਘੁੱਗੂ, ਮਜਾਜਣ ਫ਼ਿਲਮਜ਼ ਵਿੱਚ ਐਕਟਿੰਗ ਕੀਤੀ ਹੈ। ਅੱਜ ਕਲ "ਹਾਸੇ ਦਾ ਮੜਾਸਾ" ਉਹਨਾਂ ਡਾਇਰੈਕਟ ਕੀਤੀ ਹੈ ਜਿਹੜੀ ਜਲਦੀ ਸਿਨੇਮਾ ਘਰਾਂ ਵਿੱਚ ਹੋਊ। ਅਮਰਪਾਲ ਨਾਲ ਮਾਤਾ ਦੇ ਪਰਲੋਕ ਸੁਧਾਰ ਤੇ ਪੰਜਾਬੀ ਫ਼ਿਲਮਾਂ ਦੀ ਨਗਰੀ ਉਦਾਸ ਹੋਈ ਹੈ।

### ਪੂਨਮ ਸੂਦ ਤੇ ਅੰਜਲੀ ਲਈ ਨਵੇਂ ਸਾਲ ਚਮਤਕਾਰ ਹੋਊ

ਪੂਨਮ ਸੂਦ ਟੈਲੇਂਟ ਨਾਲ ਭਰੀ ਹੋਈ ਗਾਗਰ ਹੈ ਤੇ ਸੁੰਦਰਤਾ ਦਾ ਸਾਗਰ



ਹੈ। ਪੂਨਮ ਸੂਦ ਦੀ ਫ਼ਿਲਮ "ਕਰਮੀ ਆਪੋ ਆਪਣੀ"ਵਿਦੇਸ਼ ਆ ਚੁੱਕੀ ਹੈ ਤੇ ਬਲਜਿੰਦਰ ਸਿੱਧੂ ਨੇ "ਟਰੈਵਲ ਏਜੰਟ" ਵਿੱਚ ਉਸ ਨੂੰ ਲਿਆ ਹੈ। ਪੂਨਮ ਸੂਦ ਇਸ ਸਾਲ ਵੱਡੀਆਂ ਵੱਡੀਆਂ ਫ਼ਿਲਮਾਂ ਕਰ ਕਿ ਸਟਾਰ ਬਣੇ ਉਸ ਦਾ ਹੱਕ ਵੀ ਬਣਦਾ ਹੈ। ਗੱਲ ਦੁਬਈ ਰਹਿੰਦੀ ਸੁਪਰ ਗਰਲ ਅੰਜਲੀ

ਦੀ ਤਾਂ ਅੰਜਲੀ ਉਥੇ ਐਲਬਮ ਮਾਡਲਿੰਗ ਕਰ ਰਹੀ ਹੈ। ਥਾਵਾਂ ਤੇ ਉਤਪਾਦਾਂ ਦੀ ਮਾਡਲ ਹੈ। ਉੱਚੀ ਲੰਬੀ ਅੰਜਲੀ ਨੂੰ ਵੱਡਾ ਬ੍ਰੇਕ ਮਿਲਣਾ ਚਾਹੀਦਾ ਹੈ ਤੇ ਕਿਤੇ ਆਰ ਨੇਤ ਜਿਹੇ ਕਲਾਕਾਰ ਨਾਲ ਮਾਡਲਿੰਗ ਕਰ ਲਈ ਤਾਂ ਫ਼ਿਲਮਾਂ ਤੱਕ ਅੰਜਲੀ ਪਹੁੰਚ ਸਕਦੀ ਹੈ। ਪੂਨਮ ਸੂਦ ਤੇ ਅੰਜਲੀ ਕੋਹੇਨੂਰ ਦੀਆਂ ਮੁੰਦਰੀਆਂ ਨੇ ਬੱਸ ਜਚਨ ਵਾਲੇ ਹੱਥ ਚਾਹੀਦੇ ਹਨ।

### ਸੁਦੇਸ਼ ਕੁਮਾਰੀ ਨੇ ਦਿੱਤਾ ਗੁਰਦੀਪ ਸੰਧੂ ਨੂੰ ਉਤਸ਼ਾਹ

ਜਿਸ ਪੱਧਰ ਦੀ ਵਿਸ਼ਵ ਪੱਧਰ ਦੀ ਗਾਇਕਾ ਸੁਦੇਸ਼ ਕੁਮਾਰੀ ਹੈ ਉਸ ਪੱਧਰ ਤੇ ਦਿੱਗਜ ਤੇ ਸਰੀਲੇ ਕਲਾਕਾਰ ਵੀ ਉਹਨਾਂ ਨਾਲ ਰਿਕਾਰਡਿੰਗ ਵਕਤ ਝਿਜਕਦੇ ਹਨ। ਬਿਲਕੁਲ ਗਾਇਕੀ ਵਿੱਚ ਨਵੇਂ ਗੁਰਦੀਪ ਸੰਧੂ ਨਾਲ ਸੁਦੇਸ਼ ਕੁਮਾਰੀ ਨੇ ਦੋਗਾਣਾ ਕੀਤਾ ਹੈ ਤੇ ਉਹਨਾਂ ਕਿਹਾ ਕਿ ਸੰਧੂ ਦੀ ਆਦਤ, ਸੁਭਾਅ ਤੇ ਮਿਲਣਸਾਰਤਾ ਦੇਖ ਉਹ ਪ੍ਰਭਾਵਿਤ ਹੋਏ ਹਨ। ਉਹਨਾਂ ਸੰਧੂ ਕੋਲੋਂ ਵਧੀਆ ਗਵਾਇਆ ਹੈ ਤੇ ਸੰਧੂ ਗੁਰਦੀਪ ਵੀ ਸਹਿਮਤ ਹਨ ਕਿ ਸੁਦੇਸ਼ ਜੀ ਦੇ ਹੌਸਲੇ ਤੇ ਸਹਿਯੋਗ ਨੇ ਉਹਨਾਂ ਨੂੰ ਉਤਸ਼ਾਹਿਤ ਕੀਤਾ ਹਨ। ਉਹ ਹੋਰ ਤੇ ਹੋਰ ਸੁਦੇਸ਼ ਦੇ ਪਤੀ ਰੇਸ਼ਮ ਦੀ ਸਿਫਤ ਵੀ ਕਰਦੇ ਨੇ ਜਿਹੜੇ ਸੁਦੇਸ਼ ਤੇ ਗੁਰਦੀਪ ਦੇ ਨਵੇਂ ਦੋਗਾਣੇ ਲਈ ਜਿੰਨਾ ਵੀ ਜਿੱਥੇ ਵੀ ਸੰਭਵ ਹੋਇਆ ਆਪਣਾ ਯੋਗਦਾਨ ਦਿੰਦੇ ਨਜ਼ਰ ਆਏ ਇਸ ਤਰਾਂ ਸੁਦੇਸ਼ ਕੁਮਾਰੀ ਦੀ ਦਰਿਆਦਿਲੀ ਨੇ ਸੰਧੂ ਨੂੰ ਪ੍ਰਭਾਵਿਤ ਕੀਤਾ ਹੈ।



### ਛਿੰਦਰ ਕੌਰ ਰਾਏ, ਪੰਜਾਬੀਅਤ ਦੇ ਗੀਤ ਹੋਸਟ ਬਣ ਗਾਏ

ਸੁਰਿੰਦਰ ਕੌਰ ਨੇ ਲੈਸਟਰ ਲੁੱਟਿਆ ਹੋਇਆ ਹੈ ਆਪਣੀ ਰੇਡੀਓ ਪ੍ਰੋਗਰਾਮ ਪੇਸ਼ਕਾਰੀ ਨਾਲ ਤੇ ਧਰਮ ਕਰਮ ਕਿ ਜਨ ਜੀਵਨ ਜਾਂ ਕਲਾ ਤੇ ਵਿਰਸੇ ਦੀਆਂ ਬਾਤਾਂ ਰੇਡੀਓ ਕੋਹੇਨੂਰ ਤੇ ਬੰਨ ਮਨੋਰੰਜਨ ਦਾ ਉਹ ਪਿੜ ਦਿੰਦੀ ਹੈ। ਲੋਹੜੀ ਤੇ ਸ਼ਬਦਾਂ ਦੀਆਂ ਮੂੰਗਫਲੀਆਂ ਉਹ ਸਰੋਤਿਆਂ ਦੀ ਝੋਲੀ ਪਾਉਂਦੀ ਹੈ ਤੇ ਭੁੱਗਾ ਵਿਰਸੇ ਦੀਆਂ ਬਾਤਾਂ ਨਾਲ ਮਘਾ ਦਿੰਦੀ ਹੈ। ਛਿੰਦਰ ਕੁਰ ਨੇ ਵਿਦੇਸ਼ ਵਿੱਚ ਆਪਣੀ ਬੋਲੀ ਨੂੰ ਉਤਸ਼ਾਹਿਤ ਕੀਤਾ ਹੈ। ਹੱਸਦਾ ਹੋਇਆ ਉਸ ਦਾ ਨੂਰਾਨੀ ਚਿਹਰਾ ਗਵਾਹੀ ਹੈ ਕਿ ਛਿੰਦਰ ਕੌਰ ਨੂੰ ਪ੍ਰਵਾਸੀ ਪੰਜਾਬੀ ਆਪਣੀ ਕੀਮਤੀ ਸ਼ੈਅ ਮੰਨਦੇ ਹਨ। ਆਪਾਂ ਵੀ ਕਹਾਂਗੇ ਕਿ ਕੋਈ ਨਗ਼ਮਾ ਮਿਹਨਤ ਦੇ ਸਫ਼ਰ ਦਾ, ਕੋਈ ਗੀਤ ਜਵਾਂ ਪ੍ਰੀਤ ਦਾ ਕੋਈ ਸੰਗੀਤ ਛਿੰਦਰ ਕੌਰ ਰਾਏ ਸਭ ਫਰਮਾਇਸ਼ਾਂ ਪੂਰੀਆਂ ਕਰੂ ਅੱਜ ਨਹੀਂ ਤੇ ਕਲ ਤੇ ਹੁਣ ਘਰ ਨੂੰ ਚਲ।




## ਨਵਿਆਂ ਨੂੰ ਮੌਕਾ ਦੇਣ ਵਾਲੇ ਨਿਰਦੇਸ਼ਕ ਸੁਖਪਾਲ ਸਿੱਧੂ ਲਿਆ ਰਹੇ ਨੇ ਪੁਰਾਤਨ ਖੇਡ ਤੇ ਫ਼ਿਲਮ ਕਬੂਤਰਬਾਜ਼

"ਕਾਰੇ ਏਜੰਟਾਂ ਦੇ" ਵਿੱਚ ਮਨੋਰੰਜਨ ਦੇ ਨਾਲ ਉਹਨਾਂ ਦੀ ਠੱਗੀ ਦੀ ਗੱਲ ਕਰਨ ਵਾਲੇ ਨਿਰਦੇਸ਼ਕ ਸੁਖਪਾਲ ਸਿੱਧੂ ਦਾ ਇਸ ਸਮੇਂ ਪੰਜਾਬੀ ਫ਼ਿਲਮਾਂ ਦੀ ਨਗਰੀ ਵਿੱਚ ਸਤਿਕਾਰਤ ਰੁਤਬਾ ਹੈ। ਮੁੱਲਾਂਪੁਰ ਦੇ ਨਜ਼ਦੀਕ ਰਹਿਣ ਵਾਲੇ ਸੁਖਪਾਲ ਸਿੱਧੂ ਨੇ ਲੰਡਨ ਤੋਂ ਖਾਸ ਨਿਰਦੇਸ਼ਨ ਦੀ ਸਿਖਲਾਈ ਲਈ ਹੈ। ਟੈਲੀ ਫ਼ਿਲਮਾਂ ਤਾਂ ਸਿੱਧੂ ਨੇ ਬਹੁਤ ਬਣਾਈਆਂ ਤੇ ਇਹ ਵੀ ਸੀ ਡੀ ਤੇ ਡੀ ਵੀ ਡੀ ਬਣ ਖ਼ੂਬ ਵਿੱਕੀਆਂ। ਸੁਖਪਾਲ ਸਿੱਧੂ ਨੇ ਤਨੁ ਆਡੀਓ ਵੀਡਿਓ ਨਾਲ ਬਹੁਤ ਸਾਰੇ ਕਲਾਕਾਰ ਸੰਗੀਤ ਸੰਸਾਰ ਵਿੱਚ ਅੱਗੇ ਲਿਆਂਦੇ ਹਨ। ਉਹਨਾਂ ਨੇ ਬਹੁਤ ਸਾਰੀਆਂ ਪੰਜਾਬੀ ਫ਼ਿਲਮਾਂ ਨਿਰਦੇਸ਼ਤ ਕੀਤੀਆਂ ਹਨ ਤੇ "ਚੰਨੋ " ਨਾਲ ਉਹ ਇੱਕ ਦਮ ਛਾ ਗਏ। ਸੁਖਪਾਲ ਸਿੱਧੂ ਹਮੇਸ਼ਾ ਨਵੇਂ ਕਲਾਕਾਰਾਂ ਨੂੰ ਮੌਕੇ ਦਿੰਦੇ ਹਨ ਤੇ ਕਮੇਡੀ ਵਿੱਚ ਉਹਨਾਂ ਨੇ ਟੀਟੂ ਬਾਣੀਆ ਨੂੰ ਉਤਸ਼ਾਹਿਤ ਕੀਤਾ। "ਬਾਣੀਏ ਨੇ ਜੱਟ ਕੁੱਟਿਆ" ਵਾਲੇ ਸੁਖਪਾਲ ਸਿੱਧੂ ਨੇ ਹੁਣ ਪੰਜਾਬ ਦੀ ਪੁਰਾਤਨ ਖੇਡ ਤੇ ਫ਼ਿਲਮ "ਕਬੂਤਰਬਾਜ਼" ਤਿਆਰ ਕੀਤੀ ਹੈ ਜਿਹੜੀ ਇਸ ਮਹੀਨੇ



ਆ ਰਹੀ ਹੈ। ਸੁਖਪਾਲ ਸਿੱਧੂ ਖੁਦ ਅੱਛੇ ਫ਼ਿਲਮ ਲੇਖਕ ਹਨ ਤੇ ਆਖਦੇ ਨੇ ਪਰਮਜੀਤ ਕੌਰ ਨੇ ਹਮੇਸ਼ਾ ਉਹਨਾਂ ਨੂੰ ਬਤੌਰ ਨਿਰਮਾਤਾ ਬਣ ਪੂਰੀ ਅਜ਼ਾਦੀ ਦਿੱਤੀ ਹੈ ਕਿ ਉਹ ਫ਼ਿਲਮ ਨਾਲ ਇਨਸਾਫ਼ ਕਰਿਆ ਕਰਨ। ਗਾਇਕ ਜਸਕਰਨ ਬਾਵਾ ਨੂੰ ਫਿਲਮੀ ਨਾਇਕ ਬਣਾ ਦੇਣਾ, ਜੇ ਪੀ ਦੱਤਾ ਨੂੰ ਨਾਇਕਾ ਬਣਾ ਦੇਣਾ ਤੇ




ਸਿਮਰ ਜੌਹਲ ਨੂੰ ਹੀਰੋਇਨ ਦਾ ਕਿਰਦਾਰ "ਕਬੂਤਰਬਾਜ਼" ਵਿੱਚ ਦੇਣਾ ਸੁਖਪਾਲ ਸਿੱਧੂ ਦੀ ਖਾਸੀਅਤ ਤੇ ਅਜ਼ਾਦ ਵਧੀਆ ਦਲੇਰ ਫੈਸਲੇ ਹਨ। "ਕਬੂਤਰਬਾਜ਼ " ਵਿੱਚ ਰਾਜਵੀਰ ਤੇ ਪਾਲੀ ਮਾਂਗਟ ਦੇ ਨਾਲ ਇੰਡਸਟਰੀ ਦੇ ਕਲਾਕਾਰ ਤੇ ਗਾਇਕ ਰਣਜੀਤ ਮਣੀ ਦੇ ਗਾਣੇ ਇਸ ਨਾਲ ਉਹ ਆਖਦੇ ਨੇ "ਕਬੂਤਰਬਾਜ਼ "ਟੋਪ ਦੀ ਪੰਜਾਬੀ ਫ਼ਿਲਮ ਬਣੀ ਹੈ। ਇਸ ਫ਼ਿਲਮ ਲਈ ਦੁੱਗਲ ਨੇ ਗੀਤ ਬਹੁਤ ਪਿਆਰੇ ਲਿਖੇ ਨੇ ਤੇ ਸਿੱਧੂ ਹਮੇਸ਼ਾਂ ਸੰਗੀਤ ਨੂੰ ਅਹਿਮੀਅਤ ਆਪਣੀਆਂ ਫ਼ਿਲਮਜ਼ ਵਿੱਚ ਦਿੰਦੇ ਆਏ ਹਨ। ਸੁਖਪਾਲ ਸਿੱਧੂ ਨੇ ਇਸ ਤਰਾਂ ਐਕਸ਼ਨ ਨਿਰਦੇਸ਼ਕ ਸਤਵੰਤ ਬੱਲ ਨੂੰ ਲਿਆ ਤੇ ਇਹ ਦਰਸਾ ਦਿੱਤਾ ਕਿ ਉਹ ਲਕੀਰ ਦੇ ਫ਼ਕੀਰ ਨਹੀਂ ਬਲ ਕਿ ਟੈਲੇਂਟ ਦੀ ਕਦਰ ਕਰਦੇ ਹਨ। "ਕਬੂਤਰਬਾਜ਼" ਤੋਂ ਬਾਅਦ ਸੁਖਪਾਲ ਸਿੱਧੂ ਆਪਣੀ ਨਵੇ ਪ੍ਰੋਜੈਕਟ "ਯਾਰਾਂ ਦਾ ਟਰੱਕ ਬੱਲੀਏ " ਦੀ ਸ਼ੂਟਿੰਗ ਸ਼ੁਰੂ ਕਰਨਗੇ। ਸੁਖਪਾਲ ਸਿੱਧੂ ਦਾ ਮੰਤਵ ਘੱਟ ਬਜ਼ਟ ਨਾਲ ਵਧੀਆ ਫ਼ਿਲਮ ਦੇਣੀ ਤੇ ਨਵੀਆਂ ਕਿਰਨਾਂ ਨੂੰ ਉਭਾਰਨਾ ਹੈ। ਉਮੀਦ ਹੈ ਕਿ ਸੁਖਪਾਲ ਸਿੱਧੂ ਦੀ ਫ਼ਿਲਮ "ਕਬੂਤਰਬਾਜ਼" ਸਫ਼ਲ ਰਹੇਗੀ ਤੇ ਸਿੱਧੂ ਹਰ ਸਾਲ ਨਵੀਆਂ ਨਵੀਆਂ ਵਧੀਆ ਫਿਲਮਾਂ ਦਿੰਦੇ ਰਹਿਣਗੇ ਤੇ ਐਵਾਰਡ ਜੇਤੂ ਨਿਰਦੇਸ਼ਕ ਇੱਕ ਦਿਨ ਬਣ ਜਾਣਗੇ। **ਪੇਸ਼ਕਸ਼-ਅੰਮ੍ਰਿਤ ਪਵਾਰ**

## 94 ਸ਼ਹਿਰਾਂ ਨੂੰ ਮਿਲੇਗੀ ਟ੍ਰੈਫਿਕ ਜਾਮ ਤੋਂ ਰਾਹਤ, ਸਰਕਾਰ ਲਿਆ ਰਹੀ ਹੈ ਵੱਡੀ ਯੋਜਨਾ

**ਨਵੀਂ ਦਿੱਲੀ-** ਕੇਂਦਰ ਸਰਕਾਰ ਨਿਰਾਸ਼ਾਜਨਕ ਟ੍ਰੈਫਿਕ ਜਾਮ ਨਾਲ ਜੂਝ ਰਹੇ ਸ਼ਹਿਰਾਂ ਵਿੱਚ ਸੜਕੀ ਭੀੜ ਨੂੰ ਘਟਾਉਣ ਲਈ ਇੱਕ ਮਹੱਤਵਪੂਰਨ ਯੋਜਨਾ 'ਤੇ ਕੰਮ ਕਰ ਰਹੀ ਹੈ। ਸਰਕਾਰ ਨੇ ਰਾਜਾਂ ਦੀਆਂ ਰਾਜਧਾਨੀਆਂ ਸਮੇਤ 10 ਲੱਖ ਤੋਂ ਵੱਧ ਆਬਾਦੀ ਵਾਲੇ 94 ਸ਼ਹਿਰਾਂ ਵਿੱਚ ਟ੍ਰੈਫਿਕ ਜਾਮ ਦੀ ਸਮੱਸਿਆ ਨੂੰ ਪੱਕੇ ਤੌਰ 'ਤੇ ਹੱਲ ਕਰਨ ਲਈ ਰਿੰਗ ਰੋਡ, ਬਾਈਪਾਸ ਅਤੇ ਹੋਰ ਉਪਾਅ ਕਰਨ ਦੀ ਯੋਜਨਾ ਬਣਾਈ ਹੈ। ਇਸ ਦੇ ਵੇਰਵੇ ਵਿੱਤ ਮੰਤਰਾਲੇ ਦੀ ਮਨਜ਼ੂਰੀ ਤੋਂ ਬਾਅਦ ਜਨਤਕ ਕੀਤੇ ਜਾਣਗੇ। ਸ਼ਹਿਰੀ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੇ ਸੂਤਰਾਂ ਅਨੁਸਾਰ ਰਾਜ ਵੀ ਇਸ ਯੋਜਨਾ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਜ਼ਮੀਨ ਐਕਵਾਇਰ ਦਾ ਖਰਚਾ ਚੁੱਕਣ ਤੋਂ ਇਲਾਵਾ ਉਨ੍ਹਾਂ ਨੂੰ ਕੁਝ ਹੋਰ ਕਦਮ ਵੀ ਚੁੱਕਣੇ ਪੈਣਗੇ। ਇਸ ਤੋਂ ਬਾਅਦ ਮੰਤਰਾਲਾ ਕੋਰੀਡੋਰ ਆਧਾਰਿਤ ਸੜਕ ਨਿਰਮਾਣ ਵੱਲ ਵਧੇਗਾ।

**ਯੂਪੀ ਦੇ ਇਨ੍ਹਾਂ ਸ਼ਹਿਰਾਂ ਦੀ ਕੀਤੀ ਗਈ ਹੈ ਪਛਾਣ**

ਇਸ ਯੋਜਨਾ ਵਿੱਚ ਜਿਨ੍ਹਾਂ ਸ਼ਹਿਰਾਂ ਦੀ ਪਛਾਣ ਕੀਤੀ ਗਈ ਹੈ, ਉਨ੍ਹਾਂ ਵਿੱਚ ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਦੇ ਨਾਲ-ਨਾਲ ਵਾਰਾਣਸੀ, ਪ੍ਰਯਾਗਰਾਜ, ਕਾਨਪੁਰ, ਆਗਰਾ, ਮੁਰਾਦਾਬਾਦ, ਗਾਜ਼ੀਆਬਾਦ, ਮੇਰਠ, ਬਰੇਲੀ ਅਤੇ ਮੱਧ ਪ੍ਰਦੇਸ਼ ਵਿੱਚ ਭੋਪਾਲ ਦੇ ਨਾਲ-ਨਾਲ ਇੰਦੌਰ, ਜਬਲਪੁਰ, ਗਵਾਲੀਅਰ ਅਤੇ ਉਜੈਨ ਸ਼ਾਮਲ ਹਨ। ਹਨ।

**ਭੀੜ-ਭੜੱਕੇ ਵਾਲੇ ਸ਼ਹਿਰਾਂ ਨੂੰ ਦਿੱਤੀ ਜਾਵੇਗੀ ਪਹਿਲ**

ਅਧਿਕਾਰੀ ਨੇ ਕਿਹਾ ਕਿ ਕਈ ਰਾਜ ਸਰਕਾਰਾਂ ਰਾਇਲਟੀ ਮੁਆਫ਼ ਕਰਨ ਦੇ ਨਾਲ-ਨਾਲ ਜੀਐਸਟੀ ਲਈ ਮੁਆਵਜ਼ੇ ਵਰਗੇ ਕਦਮਾਂ ਲਈ ਸਹਿਮਤ ਹੋ ਗਈਆਂ ਹਨ ਅਤੇ ਉਨ੍ਹਾਂ ਦੇ ਸਕਾਰਾਤਮਕ ਰਵੱਈਏ ਤੋਂ ਬਾਅਦ ਮੰਤਰਾਲੇ ਨੇ ਆਪਣਾ ਪ੍ਰਸਤਾਵ ਵਿੱਤ ਮੰਤਰਾਲੇ ਨੂੰ ਭੇਜ ਦਿੱਤਾ ਹੈ। ਇਸ ਸਕੀਮ ਤਹਿਤ ਸ਼ਹਿਰਾਂ ਵਿੱਚ ਕੰਮ ਪਹਿਲ ਦੇ ਆਧਾਰ ’ਤੇ ਕੀਤੇ ਜਾਣਗੇ, ਯਾਨੀ ਜਿੱਥੇ ਜ਼ਿਆਦਾ ਭੀੜ-ਭੜੱਕਾ ਹੈ, ਉੱਥੇ ਪਹਿਲਾਂ ਕੰਮ ਕੀਤਾ ਜਾਵੇਗਾ।

**ਪਹਿਲੇ ਪੜਾਅ ਵਿੱਚ 30 ਸ਼ਹਿਰਾਂ ਦੀ ਚੋਣ**

ਪਹਿਲੇ ਪੜਾਅ ਵਿੱਚ ਤੀਹ ਸ਼ਹਿਰ ਲਏ ਜਾ ਸਕਦੇ ਹਨ। ਇਹ ਰਾਜਾਂ ਨੂੰ ਖੁਦ ਮੁਲਾਂਕਣ ਕਰਨਾ ਹੈ ਕਿ ਕੀ ਸ਼ਹਿਰਾਂ ਵਿੱਚ ਟ੍ਰੈਫਿਕ ਜਾਮ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਰਿੰਗ ਰੋਡ ਜਾਂ ਬਾਈਪਾਸ ਦੀ ਲੋੜ ਹੈ। ਅਧਿਕਾਰੀ ਨੇ ਕਿਹਾ ਕਿ ਐਨਐਚ ਅਤੇ ਐਕਸਪ੍ਰੈਸਵੇਅ ਕਈ ਸ਼ਹਿਰਾਂ ਦੇ ਨੇੜੇ ਤੋਂ ਲੰਘਦੇ ਹਨ ਅਤੇ ਉਨ੍ਹਾਂ ਤੱਕ ਪਹੁੰਚ ਸੁਵਿਧਾਜਨਕ ਹੈ। ਇਸ ਕਾਰਨ ਮੌਜੂਦਾ ਸੜਕਾਂ ’ਤੇ ਦਬਾਅ ਬਣਿਆ ਹੋਇਆ ਹੈ। ਇਸ ਲਈ ਮੰਤਰਾਲਾ ਇਨ੍ਹਾਂ 94 ਸ਼ਹਿਰਾਂ ਵਿਚ ਇਸ ਕਮੀ ਨੂੰ ਦੂਰ ਕਰਨ ਜਾ ਰਿਹਾ ਹੈ।

**ਇਨ੍ਹਾਂ ਸ਼ਹਿਰਾਂ ਵਿੱਚ ਵੀ ਲਗਦਾ ਹੈ ਭਾਰੀ ਟ੍ਰੈਫਿਕ ਜਾਮ**

ਜਾਮ ਤੋਂ ਛੁਟਕਾਰਾ ਪਾਉਣ ਲਈ ਇਹ ਇਕ ਮਹ-ੱਤਵਪੂਰਨ ਕਦਮ ਹੋਵੇਗਾ, ਕਿਉਂਕਿ ਇਸ ਨਾਲ ਪੁਰਾਣੀਆਂ ਸੜਕਾਂ 'ਤੇ ਦਬਾਅ ਘੱਟ ਜਾਵੇਗਾ।

ਸੂਰਤ, ਵਡੋਦਰਾ, ਰਾਜਕੋਟ, ਔਰੰਗਾਬਾਦ, ਪੁਣੇ, ਨਾਗਪੁਰ, ਠਾਣੇ, ਲੁਧਿਆਣਾ, ਅੰਮ੍ਰਿਤਸਰ, ਨਾਸਿਕ, ਫਰੀਦਾਬਾਦ, ਗੁਰੂਗ੍ਰਾਮ, ਧਨਬਾਦ, ਕੋਇੰਬਟੂਰ, ਜੋਧਪੁਰ, ਕੋਟਾ ਅਤੇ ਮਦੁਰਾਈ ਵੀ ਉਨ੍ਹਾਂ ਸ਼ਹਿਰਾਂ ਵਿੱਚ ਸ਼ਾਮਲ ਹਨ ਜਿੱਥੇ ਸੜਕ ਆਵਾਜਾਈ ਮੰਤਰਾਲਾ ਇਸ ਸਮੱਸਿਆ ਦੇ ਹੱਲ ਲਈ ਯਤਨ ਕਰ ਰਿਹਾ ਹੈ। ਟ੍ਰੈਫਿਕ ਜਾਮ ਹੁੰਦੇ ਸਨ।

**ਇਸ ਸਾਲ ਸ਼ੁਰੂ ਹੋਣਗੇ ਪਾਇਲਟ ਪ੍ਰੋਜੈਕਟ**

ਅਧਿਕਾਰੀ ਨੇ ਕਿਹਾ ਕਿ ਇਸ ਯੋਜਨਾ ਦੇ ਤਹਿਤ ਪਾਇਲਟ ਪ੍ਰਾਜੈਕਟ ਇਸ ਸਾਲ ਸ਼ੁਰੂ ਹੋਣਗੇ, ਪਰ ਇਸ ਤੋਂ ਪਹਿਲਾਂ ਵਿੱਤ ਮੰਤਰਾਲੇ ਦੇ ਸਹਿਯੋਗ ਨਾਲ ਨੀਤੀ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ। ਇਸ ਨੀਤੀ ਵਿੱਚ ਟਰਾਂਸਪੋਰਟ ਦੇ ਢੰਗਾਂ ਨੂੰ ਇਕਸੁਰ ਕਰਨਾ ਵੀ ਸ਼ਾਮਲ ਹੈ।

# ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਕੋਟਿਨ-ਕੋਟਿ ਪ੍ਰਣਾਮ !!!



ਸ਼ਿੰਗਾਰਾ ਸਿੰਘ ਰੱਲ੍ਹ
ਪ੍ਰਧਾਨ
ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ

ਉੱਘੇ ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ 139ਵੇਂ ਜਨਮ ਦਿਨ ਦੇ ਮੌਕੇ ਸਮੂਹ ਮਾਨਵਤਾ ਪ੍ਰੇਮੀਆਂ ਨੂੰ



## ਲੱਖ - ਲੱਖ ਵਧਾਈਆਂ

# HAPPY BAZAAR

Indian, Pakistani & Fijjian Groceries

**WE ARE OPEN**
**7 DAYS A WEEK**
**9:00 am to 8:30 pm**

RENT DVDS & BUY CLOTHES
ENJOY YOUR DAY WITH HOPES

**We sell Air Tickets**
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

CALL US
Ph: (209) 478-0285
Fax: (209) 477-3206

EVERY SATURDAY & SUNDAY
SPECIAL DISCOUNT ON GROCERIES

**1304 E Hammer Lane # 7 Stockton CA 95212**
EMAIL : indiabazaar08@yahoo.com